SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ
# ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ
# ਰਾਜ ਜਨਤਕ ਖੇਤਰ ਦੇ ਅਦਾਰਿਆਂ ਉੱਤੇ ਰਿਪੋਰਟ

## ਪੰਜਾਬ ਸਰਕਾਰ

ਰਾਜ ਜਨਤਕ ਖੇਤਰ ਦੇ ਅਦਾਰੇ

2025 ਦੀ ਰਿਪੋਰਟ ਨੰ. 2

(ਪਾਲਣ ਲੇਖਾ ਪ੍ਰੀਖਿਆ-ਵਣਜ)

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ
# ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ
# ਰਾਜ ਜਨਤਕ ਖੇਤਰ ਦੇ ਅਦਾਰਿਆਂ ਉੱਤੇ ਰਿਪੋਰਟ

**ਪੰਜਾਬ ਸਰਕਾਰ**

ਰਾਜ ਜਨਤਕ ਖੇਤਰ ਦੇ ਅਦਾਰੇ

2025 ਦੀ ਰਿਪੋਰਟ ਨੰ. 2

# ਵਿਸ਼ਾ ਸਾਰਣੀ


| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨ੍ਹਾ |
| **ਮੁੱਖ-ਬੰਧ** | v | |
| **ਝਲਕ** | vii- xiii | |
| **ਅਧਿਆਇ-I: ਜਨਰਲ** | | |
| ਭੂਮਿਕਾ | 1.1 | 1 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.2 | 2 |
| ਜਵਾਬਦੇਹੀ ਢਾਂਚਾ | 1.3 | 2 |
| ਰਾਜ ਜਨਤਕ ਖੇਤਰ ਅਦਾਰਿਆਂ ਦੁਆਰਾ ਲੇਖਿਆਂ ਨੂੰ ਪੇਸ਼ ਕਰਨਾ | 1.4 | 3 |
| ਪੰਜਾਬ ਸਰਕਾਰ ਦੁਆਰਾ ਰਾਜ ਜਨਤਕ ਖੇਤਰ ਦੇ ਅਦਾਰਿਆਂ ਵਿੱਚ ਨਿਵੇਸ਼ | 1.5 | 3 |
| ਸਰਕਾਰ ਅਤੇ ਵਿਧਾਨ ਸਭਾ ਦੀ ਭੂਮਿਕਾ | 1.6 | 4 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਲੇਖਾਕਰਤਾ/ਸਰਕਾਰ ਦਾ ਹੁੰਗਾਰਾ | 1.7 | 4 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.8 | 5 |
| **ਅਧਿਆਇ-II: ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ ਦਾ ਸੰਖੇਪ** | **2.1 ਤੋਂ 2.8** | **7-28** |
| **ਅਧਿਆਇ-III: ਸੀ ਏ ਜੀ ਦੀ ਨਿਗਰਾਨੀ ਭੂਮਿਕਾ** | **3.1 ਤੋਂ 3.9** | **29-43** |
| **ਅਧਿਆਇ-IV: ਕਾਰਪੋਰੇਟ ਪ੍ਰਸ਼ਾਸਨ** | **4.1 ਤੋਂ 4.11** | **45-63** |
| **ਅਧਿਆਇ-V: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ** | | |
| ਭੂਮਿਕਾ | 5.1 | 65 |
| ਸਕੀਮ ਨੂੰ ਲਾਗੂ ਕਰਨਾ | 5.2 | 66 |
| ਲੇਖਾ ਪ੍ਰੀਖਿਆ ਦੇ ਉਦੇਸ਼, ਮਾਪਦੰਡ, ਦਾਇਰਾ ਅਤੇ ਵਿਧੀ | 5.3 | 67 |
| ਲੇਖਾ ਪ੍ਰੀਖਿਆ ਲੱਭਤਾਂ | 5.4 | 69 |
| ਸਿੱਟਾ | 5.5 | 77 |
| ਸਿਫਾਰਸ਼ਾਂ | 5.6 | 77 |
| **ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ** | | |
| **ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ** | | |
| ਮੀਟਰਿੰਗ ਆਪਰੇਸ਼ਨਜ਼ | 6.1 | 79 |
| ਐਸ ਏ ਪੀ ਪ੍ਰਣਾਲੀ ਨੂੰ ਸੰਭਾਲਣ ਵਿੱਚ ਦੇਰੀ ਕਾਰਨ ਟਾਲਣਯੋਗ ਖਰਚਾ | 6.2 | 92 |
| ਟੈਰਿਫ ਦੇ ਗਲਤ ਲਾਗੂਕਰਨ ਕਾਰਨ ਘੱਟ ਬਿਲਿੰਗ | 6.3 | 94 |
| ਭੁਗਤਾਨ ਵਿੱਚ ਅਣਉਚਿੱਤ ਦੇਰੀ ਕਾਰਨ ਟਾਲਣਯੋਗ ਵਿਆਜ ਦਾ | 6.4 | 96 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨ੍ਹਾ |
| ਨੁਕਸਾਨ | | |
| **ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ** | | |
| ਸਹਿਯੋਗੀ ਨੂੰ ਅਣਉਚਿੱਤ ਲਾਭ | 6.5 | 98 |
| **ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ** | | |
| ਅਲਾਟੀ ਨੂੰ ਅਣਉਚਿੱਤ ਲਾਭ | 6.6 | 100 |
| **ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ** | | |
| ਸਬਸਿਡੀ ਕਲੇਮਾਂ ਤੋਂ ਟਾਲਣਯੋਗ ਕਟੌਤੀਆਂ ਕਾਰਨ ਵਿਆਜ ਦਾ ਘਾਟਾ | 6.7 | 102 |
| **ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ** | | |
| ਮੈਗਾ ਫੂਡ ਪਾਰਕ ਸਕੀਮ ਨੂੰ ਲਾਗੂ ਕਰਨਾ | 6.8 | 104 |

| ਅੰਤਿਕਾਵਾਂ | | | |
|---|---|---|---|
| ਅੰਤਿਕਾ ਨੰ. | ਵੇਰਵਾ | ਹਵਾਲੇ ਵਿੱਚ | |
| | | ਪੈਰ੍ਹਾ | ਪੰਨ੍ਹਾ |
| 2.1 | ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੀ ਸੂਚੀ | 2.1 | 115 |
| 2.2 | 30 ਸਤੰਬਰ 2023 ਨੂੰ ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਦੇ ਅਨੁਸਾਰ ਸਰਕਾਰੀ ਕੰਪਨੀ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਸੰਖੇਪ ਵਿੱਤੀ ਸਥਿਤੀ ਅਤੇ ਕੰਮਕਾਰ ਦੇ ਨਤੀਜੇ | 2.1 ਅਤੇ 2.3.1 | 117 |
| 2.3 | 31 ਮਾਰਚ 2023 ਤੱਕ ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਬਕਾਇਆ ਕਰਜ਼ਿਆਂ ਦੀ ਸਥਿਤੀ ਨੂੰ ਦਰਸਾਉਂਦੀ ਵਿਵਰਣੀ | 2.2 | 119 |
| 2.4 | 2010-11 ਤੋਂ 2022-23 ਦੀ ਮਿਆਦ ਦੌਰਾਨ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੇ ਫੰਡ ਨੂੰ ਦਰਸਾਉਂਦੀ ਵਿਵਰਣੀ | 2.4.3 | 121 |
| 2.5 | ਸਤੰਬਰ 2023 ਤੱਕ ਆਪਣੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ ਐਸ ਪੀ ਐਸ ਈਜ਼ ਦੇ ਇਕੱਠੇ ਹੋਏ ਘਾਟੇ ਅਤੇ ਪੂੰਜੀ ਦੇ ਘਟਣ ਦੀ ਸਥਿਤੀ ਦੇ ਵੇਰਵੇ ਦਰਸਾਉਂਦੀ ਵਿਵਰਣੀ | 2.6 | 124 |
| 3.1 | ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਬਕਾਇਆ ਲੇਖਿਆਂ ਸੰਬੰਧੀ ਸੂਚਨਾ | 3.3.1.1 | 127 |
| 3.2 | ਐਸ ਪੀ ਐਸ ਈਜ਼ ਦੇ ਲੇਖਿਆਂ ਦੀ ਸਥਿਤੀ ਅਤੇ ਇਸ ਬਾਰੇ ਸੀ ਏ ਜੀ ਦੀਆਂ ਟਿੱਪਣੀਆਂ ਦੀ ਸਥਿਤੀ | 3.5.2 ਅਤੇ 3.7 | 129 |
| 3.3 | ਐਸ ਪੀ ਐਸ ਈਜ਼ ਦੇ ਵੇਰਵੇ ਜਿੱਥੇ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਿਪੋਰਟ ਕੀਤੇ ਅਨੁਸਾਰ ਲੇਖਾ ਮਿਆਰਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ | 3.6 | 131 |

| ਅੰਤਿਕਾਵਾਂ | | | |
|---|---|---|---|
| ਅੰਤਿਕਾ ਨੰ. | ਵੇਰਵਾ | ਹਵਾਲੇ ਵਿੱਚ | |
| | | ਪੈਰ੍ਹਾ | ਪੰਨ੍ਹਾ |
| 4.1 | ਅਧਿਆਇ-IV ਵਿੱਚ ਸ਼ਾਮਲ ਸਰਕਾਰੀ ਕੰਪਨੀਆਂ ਦੀ ਸੂਚੀ | 4.1.4 | 133 |
| 4.2 | ਐਸ ਪੀ ਐਸ ਈਜ਼ ਦੀ ਸੂਚੀ ਜਿੱਥੇ ਸੁਤੰਤਰ ਨਿਰਦੇਸ਼ਕ, ਲੇਖਾ ਪ੍ਰੀਖਿਆ ਕਮੇਟੀ ਅਤੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੇ ਮਾਪਦੰਡ ਲਾਗੂ ਹਨ | 4.2.1, 4.6.1 ਅਤੇ 4.7.1 | 135 |
| 4.3 | ਐਸ ਪੀ ਐਸ ਈਜ਼ ਦੀ ਸੂਚੀ ਜਿੱਥੇ ਮਹਿਲਾ ਨਿਰਦੇਸ਼ਕ ਦੇ ਮਾਪਦੰਡ ਲਾਗੂ ਹਨ | 4.2.2 | 135 |
| 4.4 | ਐਸ ਪੀ ਐਸ ਈਜ਼ ਦੀ ਸੂਚੀ ਜਿੱਥੇ ਕੀ ਸੈਨੇਜਿਰਿਅਲ ਪਰਸੋਨਲ ਦੇ ਮਾਪਦੰਡ ਲਾਗੂ ਹਨ | 4.5 | 136 |
| 4.5 | ਨਿੱਜੀ ਕੰਪਨੀਆਂ ਦੀ ਸੂਚੀ ਜਿੱਥੇ ਪੂਰੇ ਸਮੇਂ ਦੇ ਕੰਪਨੀ ਸਕੱਤਰ ਦੇ ਮਾਪਦੰਡ ਲਾਗੂ ਹਨ | 4.5 | 136 |
| 4.6 | ਐਸ ਪੀ ਐਸ ਈਜ਼ ਦੀ ਸੂਚੀ ਜਿੱਥੇ ਵਿਸਲ ਬਲੋਅਰ ਮਕੈਨਿਜ਼ਮ ਦੇ ਮਾਪਦੰਡ ਲਾਗੂ ਹਨ | 4.8 | 136 |
| 4.7 | ਐਸ ਪੀ ਐਸ ਈਜ਼ ਦੀ ਸੂਚੀ ਜਿੱਥੇ ਅੰਦਰੂਨੀ ਲੇਖਾ ਪ੍ਰੀਖਿਆ ਦੇ ਮਾਪਦੰਡ ਲਾਗੂ ਹਨ | 4.9.3 | 137 |
| 6.1 | ਸਾਲ 2019-22 ਦੌਰਾਨ ਪੀ ਐਸ ਪੀ ਸੀ ਐਲ ਦੇ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ ਵਿੱਚ ਨਵੇਂ ਡੀ ਐਸ ਅਤੇ ਐਨ ਆਰ ਐਸ ਕੁਨੈਕਸ਼ਨਾਂ ਦੀ ਮੀਟਰਿੰਗ ਵਿੱਚ ਦੇਰੀ ਦੇ ਸਰਕਲ-ਵਾਰ ਲਏ ਗਏ ਸਮੇਂ ਅਤੇ ਦੇਰੀ ਦੇ ਅਨੁਪਾਤ ਦਾ ਵੇਰਵਾ | 6.1.2.1 | 138 |
| 6.2 | ਸਾਲ 2019-22 ਦੌਰਾਨ ਪੀ ਐਸ ਪੀ ਸੀ ਐਲ ਦੇ ਪੰਜ ਡਿਸਟ੍ਰੀਬੀਊਸ਼ਨ ਸਰਕਲਾਂ ਵਿੱਚ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਵਿੱਚ ਸਰਕਲ-ਵਾਰ ਲਏ ਗਏ ਸਮੇਂ ਅਤੇ ਦੇਰੀ ਦੇ ਅਨੁਪਾਤ ਦਾ ਵੇਰਵਾ | 6.1.2.2 | 139 |
| 6.3 | ਮੈਗਾ ਫੂਡ ਪਾਰਕ ਲਈ ਮੂਲ ਡੀ ਪੀ ਆਰ ਵਿੱਚ ਛੱਡੇ ਗਏ ਕੰਮਾਂ ਦੀ ਸੂਚੀ ਅਤੇ ਉਹਨਾਂ ਕੰਮਾਂ ਦੀ ਸੂਚੀ ਜਿਨ੍ਹਾਂ ਵਿੱਚ ਸਮਰੱਥਾ ਦਾ ਸਹੀ ਮੁਲਾਂਕਣ ਨਹੀਂ ਕੀਤਾ ਗਿਆ | 6.8.2.2 | 140 |

# ਮੁੱਖ-ਬੰਧ

ਇਹ ਰਿਪੋਰਟ ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ ਪੰਜਾਬ ਸਰਕਾਰ ਦੀਆਂ ਸਰਕਾਰੀ ਕੰਪਨੀਆਂ, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰੀ ਨਿਯੰਤਰਣ ਵਾਲੀਆਂ ਹੋਰ ਕੰਪਨੀਆਂ ਦੇ ਲੇਖਾ ਪ੍ਰੀਖਿਆ ਲੱਭਤਾਂ ਨਾਲ ਸਬੰਧਤ ਹੈ।

ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ ਰਾਜ ਜਨਤਕ ਖੇਤਰ ਦੇ ਅਦਾਰਿਆਂ ਬਾਰੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੀ ਧਾਰਾ 151(2) ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19ਏ ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਸੌਂਪਣ ਲਈ ਤਿਆਰ ਕੀਤੀ ਗਈ ਹੈ।

ਕੰਪਨੀਜ਼ ਐਕਟ, 2013 ਦੀ ਧਾਰਾ 143(5) ਤੋਂ 143(7) ਦੇ ਉਪਬੰਧਾਂ ਅਧੀਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਉਨ੍ਹਾਂ ਦੇ ਸਬੰਧਤ ਕਾਨੂੰਨਾਂ ਦੁਆਰਾ ਨਿਯੰਤਰਣ ਕੀਤੀ ਜਾਂਦੀ ਹੈ।

ਇਸ ਰਿਪੋਰਟ ਵਿੱਚ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੇ ਲੇਖਿਆਂ ਵਿੱਚ 2022-23 ਤੱਕ ਦੇ ਸਾਲਾਂ ਲਈ ਪ੍ਰਾਪਤ ਹੋਏ ਲੇਖਿਆਂ (ਪ੍ਰਾਪਤ ਕੀਤੀ ਹੱਦ ਤੱਕ) ਦੀ ਸਮੀਖਿਆ ਸ਼ਾਮਲ ਹੈ। ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਜਿੱਥੇ ਕਿਸੇ ਵਿਸ਼ੇਸ਼ ਸਾਲ ਦੇ ਲੇਖੇ 30 ਸਤੰਬਰ 2023 ਤੋਂ ਪਹਿਲਾਂ ਪ੍ਰਾਪਤ ਨਹੀਂ ਹੋਏ ਸਨ, ਪਿਛਲੇ ਲੇਖਾ ਪ੍ਰੀਖਿਆ ਕੀਤੇ ਗਏ ਲੇਖਿਆਂ ਵਿੱਚੋਂ ਅੰਕੜੇ ਅਪਣਾਏ ਗਏ ਹਨ।

ਇਸ ਰਿਪੋਰਟ ਵਿੱਚ 'ਸਰਕਾਰੀ ਕੰਪਨੀਆਂ/ਕਾਰਪੋਰੇਸ਼ਨਾਂ ਜਾਂ ਐਸ ਪੀ ਐਸ ਈਜ਼' ਦੇ ਸਾਰੇ ਹਵਾਲਿਆਂ ਨੂੰ 'ਰਾਜ ਸਰਕਾਰ ਦੀਆਂ ਕੰਪਨੀਆਂ/ਕਾਰਪੋਰੇਸ਼ਨਾਂ' ਦੇ ਸਬੰਧ ਵਿੱਚ ਸਮਝਿਆ ਜਾਵੇ ਜਦੋਂ ਤੱਕ ਕਿ ਪ੍ਰਸੰਗ ਕੋਈ ਹੋਰ ਸੁਝਾਅ ਨਹੀਂ ਦਿੰਦਾ।

ਇਸ ਰਿਪੋਰਟ ਵਿੱਚ ਪੰਜਾਬ ਸਰਕਾਰ ਦੇ ਐਸ ਪੀ ਐਸ ਈਜ਼ ਦੀ ਪਾਲਣ ਲੇਖਾ ਪ੍ਰੀਖਿਆ ਦੇ ਮਹੱਤਵਪੂਰਨ ਨਤੀਜੇ ਵੀ ਸ਼ਾਮਲ ਹਨ। ਇਸ ਰਿਪੋਰਟ ਵਿੱਚ ਜਿਨ੍ਹਾਂ ਮਾਮਲਿਆਂ ਦਾ ਉਲੇਖ ਕੀਤਾ ਗਿਆ ਹੈ, ਉਹ ਅਜਿਹੇ ਹਨ ਜੋ ਕਿ 2022-23 ਦੀ ਮਿਆਦ ਲਈ ਨਮੂਨਾ ਲੇਖਾ ਪ੍ਰੀਖਿਆ ਦੇ ਸਮੇਂ ਧਿਆਨ ਵਿੱਚ ਆਏ ਅਤੇ ਅਜਿਹੇ ਮਾਮਲੇ ਵੀ ਹਨ ਜੋ ਪਿਛਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਜਿਨ੍ਹਾਂ ਨੂੰ ਪਿਛਲੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਇਆ ਨਹੀਂ ਜਾ ਸਕਿਆ ਸੀ; ਜਿੱਥੇ ਜ਼ਰੂਰੀ ਸੀ, ਸਾਲ 2022-23 ਤੋਂ ਬਾਅਦ ਵਾਲੇ ਸਮੇਂ ਨਾਲ ਸਬੰਧਤ ਮਾਮਲੇ ਵੀ ਸ਼ਾਮਲ ਕੀਤੇ ਗਏ ਹਨ।

ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਲੇਖਾ ਪ੍ਰੀਖਿਆ ਮਿਆਰਾਂ ਦੇ ਅਨੁਸਾਰ ਕੀਤੀ ਗਈ ਹੈ।

*** ਜੇਕਰ ਅਨੁਵਾਦ ਕੀਤੇ ਗਏ ਕਥਨ ਵਿੱਚ ਕੋਈ ਸੰਦੇਹ ਹੋਵੇ, ਅੰਗ੍ਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ।**

# ਝਲਕ

## ਝਲਕ

ਇਹ ਰਿਪੋਰਟ ਮਾਰਚ, 2023 ਨੂੰ ਸਮਾਪਤ ਹੋਏ ਸਮੇਂ ਲਈ ਪੰਜਾਬ ਸਰਕਾਰ ਦੀਆਂ ਸਰਕਾਰੀ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਵਿੱਤੀ ਕਾਰਗੁਜ਼ਾਰੀ ਨਾਲ ਸਬੰਧਤ ਹੈ। ਇਸ ਰਿਪੋਰਟ ਵਿੱਚ ਇੱਕ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਪੈਰ੍ਹਾ ਜਿਵੇਂ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ ਅਤੇ ₹ 250.32 ਕਰੋੜ ਦੇ ਵਿੱਤੀ ਪ੍ਰਭਾਵਾਂ ਵਾਲੇ ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਪਾਲਣ ਲੇਖਾ ਪ੍ਰੀਖਿਆ ਤੋਂ ਬਣੇ ਅੱਠ ਲੇਖਾ ਪ੍ਰੀਖਿਆ ਪੈਰ੍ਹੇ ਵੀ ਸ਼ਾਮਲ ਹਨ।

### ਅਧਿਆਇ-I: ਜਨਰਲ

ਇਸ ਅਧਿਆਇ ਵਿੱਚ ਲੇਖਾ ਪ੍ਰੀਖਿਆ, ਜਵਾਬਦੇਹੀ ਢਾਂਚਾ, ਸਰਕਾਰ ਅਤੇ ਵਿਧਾਨ ਸਭਾ ਦੀ ਭੂਮਿਕਾ, ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੁਆਰਾ ਨਿਵੇਸ਼, ਐਸ ਪੀ ਐਸ ਈਜ਼ ਦੁਆਰਾ ਲੇਖੇ ਜਮ੍ਹਾਂ ਕਰਵਾਉਣ, ਲੇਖਾ ਪ੍ਰੀਖਿਆ ਟਿੱਪਣੀਆਂ ਦਾ ਖਰੜਾ ਤਿਆਰ ਕਰਨ ਲਈ ਲੇਖਾਕਰਤਾ/ਸਰਕਾਰ ਦਾ ਹੁੰਗਾਰਾ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ 'ਤੇ ਫਾਲੋ-ਅਪ ਕਾਰਵਾਈ ਸ਼ਾਮਲ ਹੈ।

*(ਪੈਰ੍ਹਾ 1.2 ਤੋਂ 1.8)*

### ਅਧਿਆਇ-II: ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ ਦਾ ਸੰਖੇਪ

31 ਮਾਰਚ 2023 ਤੱਕ ਪੰਜਾਬ ਰਾਜ ਵਿੱਚ 49 ਐਸ ਪੀ ਐਸ ਈਜ਼ (ਪੰਜ ਪਾਵਰ ਖੇਤਰ ਦੇ ਐਸ ਪੀ ਐਸ ਈਜ਼ ਸਮੇਤ) ਸਨ। 1952-53 ਤੋਂ 2021-22 ਦੀ ਮਿਆਦ ਦੌਰਾਨ ਸਥਾਪਤ ਕੀਤੇ ਗਏ ਇਨ੍ਹਾਂ ਐਸ ਪੀ ਐਸ ਈਜ਼ ਵਿੱਚ 42 ਸਰਕਾਰੀ ਕੰਪਨੀਆਂ, ਤਿੰਨ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਅਤੇ ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਸ਼ਾਮਲ ਹਨ। ਸਰਕਾਰੀ ਕੰਪਨੀਆਂ ਵਿੱਚ 16 ਗੈਰ-ਕਾਰਜਸ਼ੀਲ ਕੰਪਨੀਆਂ ਅਤੇ ਸਰਕਾਰੀ ਕੰਪਨੀਆਂ ਦੀ 12 ਸਹਾਇਕ ਕੰਪਨੀਆਂ ਸ਼ਾਮਲ ਸਨ।

*(ਪੈਰ੍ਹਾ 2.1)*

ਐਸ ਪੀ ਐਸ ਈਜ਼ ਨੇ ₹ 73,542.33 ਕਰੋੜ ਦਾ ਸਾਲਾਨਾ ਟਰਨਓਵਰ ਦਰਜ ਕੀਤਾ ਜੋ ਕਿ ਸਾਲ 2022-23 ਲਈ ਪੰਜਾਬ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ ਐਸ ਡੀ ਪੀ) ਦਾ 10.92 *ਪ੍ਰਤੀਸ਼ਤ* ਸੀ। ਜੀ ਐਸ ਡੀ ਪੀ ਦੇ 7.05 *ਪ੍ਰਤੀਸ਼ਤ* ਦੇ ਮਿਸ਼ਰਿਤ ਸਾਲਾਨਾ ਵਾਧੇ ਦੇ ਵਿਰੁੱਧ ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਟਰਨਓਵਰ ਵਿੱਚ 0.21 *ਪ੍ਰਤੀਸ਼ਤ* ਦਾ ਮਿਸ਼ਰਿਤ ਸਾਲਾਨਾ ਵਾਧਾ ਦਰਜ ਕੀਤਾ ਗਿਆ। ਜੀ ਐਸ ਡੀ ਪੀ ਵਿੱਚ ਐਸ ਪੀ ਐਸ ਈਜ਼ ਦੇ ਟਰਨਓਵਰ ਦੇ ਹਿੱਸੇ ਵਿੱਚ *ਪ੍ਰਤੀਸ਼ਤ* ਦੇ ਰੂਪ ਵਿੱਚ ਕਮੀ ਆਈ, ਜੋਕਿ 2018-19 ਵਿੱਚ 14.23 *ਪ੍ਰਤੀਸ਼ਤ* ਤੋਂ 2022-23 ਵਿੱਚ 10.92 *ਪ੍ਰਤੀਸ਼ਤ* ਹੋ ਗਿਆ। ਪਿਛਲੇ ਪੰਜ ਸਾਲਾਂ (2018-23) ਦੌਰਾਨ ਬਿਜਲੀ ਖੇਤਰ ਦੇ ਐਸ ਪੀ ਐਸ ਈਜ਼ ਦੇ ਪੰਜਾਬ ਦੇ ਜੀ ਐਸ ਡੀ ਪੀ ਵਿੱਚ ਟਰਨਓਵਰ ਦਾ *ਪ੍ਰਤੀਸ਼ਤ* 6.25 *ਪ੍ਰਤੀਸ਼ਤ* ਤੋਂ ਘੱਟ ਕੇ 5.81 *ਪ੍ਰਤੀਸ਼ਤ* ਹੋ ਗਿਆ। ਇਸੇ ਹੀ ਸਮੇਂ ਦੌਰਾਨ ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਜੀ ਐਸ ਡੀ ਪੀ ਵਿੱਚ ਟਰਨਓਵਰ ਦਾ *ਪ੍ਰਤੀਸ਼ਤ* 7.75 *ਪ੍ਰਤੀਸ਼ਤ* ਤੋਂ ਘੱਟ ਕੇ 4.94 *ਪ੍ਰਤੀਸ਼ਤ* ਹੋ ਗਿਆ।

*(ਪੈਰ੍ਹਾ 2.1)*

31 ਮਾਰਚ 2023 ਤੱਕ, 33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ੇ) ₹ 68,938.97 ਕਰੋੜ ਸੀ। ਨਿਵੇਸ਼ ਵਿੱਚ ਇਕਵਟੀ 34.04 *ਪ੍ਰਤੀਸ਼ਤ* ਅਤੇ ਲੰਬੀ-ਮਿਆਦ ਦੇ ਕਰਜ਼ਿਆਂ ਵਿੱਚ 65.96 *ਪ੍ਰਤੀਸ਼ਤ* ਸ਼ਾਮਲ ਸਨ। ਸਾਲ 2022-23 ਦੌਰਾਨ, ਰਾਜ ਸਰਕਾਰ ਦੁਆਰਾ ਇਕਵਟੀ ਦੇ ਨਿਵੇਸ਼ ਕਾਰਨ ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਇੱਕ ਨਵੀਂ ਬਣੀ ਐਸ ਪੀ ਐਸ ਈ (ਪੰਜਾਬ ਰੂਰਲ ਵਾਟਰ ਯੂਟੀਲਿਟੀ) ਵਿੱਚ ₹ 2.05 ਕਰੋੜ ਅਤੇ ₹ 0.01 ਕਰੋੜ ਦੀ ਇਕਵਟੀ ਦਾ ਵਾਧਾ ਹੋਇਆ ਹੈ।

***(ਪੈਰ੍ਹਾ 2.2.1)***

2020-21 ਦੌਰਾਨ ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ 13 ਸੀ ਜੋ 2021-22 ਵਿੱਚ ਘੱਟ ਕੇ 12 ਅਤੇ 2022-23 ਵਿੱਚ 11 ਹੋ ਗਈ। ਇਨ੍ਹਾਂ ਐਸ ਪੀ ਐਸ ਈਜ਼ ਦੁਆਰਾ ਕਮਾਇਆ ਗਿਆ ਲਾਭ 2021-22 ਵਿੱਚ ₹ 1,710.77 ਕਰੋੜ ਦੇ ਮੁਕਾਬਲੇ 2022-23 ਵਿੱਚ ਘੱਟ ਕੇ ₹ 319.97 ਕਰੋੜ ਹੋ ਗਿਆ। 2021-22 ਵਿੱਚ ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ ਕਮਾਏ ਗਏ ₹ 1,269.90 ਕਰੋੜ ਦੇ ਕੁੱਲ ਲਾਭ 2022-23 ਵਿੱਚ ₹ 4,809.76 ਕਰੋੜ ਦੇ ਘਾਟੇ ਵਿੱਚ ਬਦਲ ਗਏ। ਇਹ ਮੁੱਖ ਤੌਰ ਤੇ ਇੱਕ ਐਸ ਪੀ ਐਸ ਈ (ਪੀ ਐਸ ਪੀ ਸੀ ਐਲ) ਦੇ ਕਾਰਨ ਸੀ ਜਿਸਨੂੰ 2021-22 ਵਿੱਚ ₹ 1,069.21 ਕਰੋੜ ਦੇ ਲਾਭ ਮਕਾਬਲੇ 2022-23 ਵਿੱਚ ₹ 4,775.93 ਕਰੋੜ ਦਾ ਨੁਕਸਾਨ ਹੋਇਆ ਸੀ ਜਦੋਂ ਕਿ ਬਿਜਲੀ ਖਰੀਦ ਲਾਗਤਾਂ, ਫਿਊਲ ਖਪਤ ਦੀ ਲਾਗਤ ਅਤੇ ਕਰਮਚਾਰੀਆਂ ਦੇ ਲਾਭ ਖਰਚਿਆਂ ਵਿੱਚ ਕਾਫੀ ਵਾਧਾ ਹੋਇਆ ਸੀ। 2021-22 ਵਿੱਚ 17 ਐਸ ਪੀ ਐਸ ਈਜ਼ (₹ 440.87 ਕਰੋੜ) ਦੇ ਮਕਾਬਲੇ ਸਾਲ 2022-23 ਦੌਰਾਨ 18 ਐਸ ਪੀ ਐਸ ਈਜ਼ ਨੂੰ ਨੁਕਸਾਨ (₹ 5,129.73 ਕਰੋੜ) ਹੋਇਆ।

***(ਪੈਰ੍ਹਾ 2.3.1 ਅਤੇ 2.5)***

ਗਿਆਰਾਂ ਐਸ ਪੀ ਐਸ ਈਜ਼ ਜਿਨ੍ਹਾਂ ਨੇ 2022-23 ਦੌਰਾਨ ਲਾਭ ਕਮਾਇਆ, ਉਨ੍ਹਾਂ ਵਿੱਚੋਂ ਸਿਰਫ ਤਿੰਨ ਐਸ ਪੀ ਐਸ ਈਜ਼ ਨੇ ₹ 3.88 ਕਰੋੜ ਲਾਭ-ਅੰਸ਼ ਦਾ ਭੁਗਤਾਨ ਕੀਤਾ।

***(ਪੈਰ੍ਹਾ 2.3.2 )***

## ਅਧਿਆਇ-III: ਸੀ ਏ ਜੀ ਦੀ ਨਿਗਰਾਨੀ ਭੂਮਿਕਾ

ਵਿੱਤੀ ਸਾਲ 2022-23 ਲਈ ਪੰਜ ਕਾਰਜਸ਼ੀਲ ਐਸ ਪੀ ਐਸ ਈਜ਼ ਦੀਆਂ ਵਿੱਤੀ ਵਿਵਰਣੀਆਂ 30 ਸਤੰਬਰ 2023 ਨੂੰ ਜਾਂ ਇਸ ਤੋਂ ਪਹਿਲਾਂ ਪ੍ਰਾਪਤ ਹੋਇਆ ਸਨ। ਇਨ੍ਹਾਂ ਵਿੱਚੋਂ, ਤਿੰਨ ਐਸ ਪੀ ਐਸ ਈਜ਼ ਨੂੰ ਗੈਰ-ਸਮੀਖਿਆ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ ਅਤੇ ਦੋ ਐਸ ਪੀ ਐਸ ਈਜ਼ ਦੀ ਲੇਖਾ ਪ੍ਰੀਖਿਆ ਕੀਤੀ ਗਈ।

***(ਪੈਰ੍ਹਾ 3.5.1)***

ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਸਾਲ 2022-23 ਲਈ ਵਿੱਤੀ ਵਿਵਰਣੀਆਂ ਦੀ ਲੇਖਾ ਪ੍ਰੀਖਿਆ ਤੋਂ ਬਾਅਦ, ਸੀ ਏ ਜੀ ਨੇ ਰਾਜ ਸਰਕਾਰ ਦੀਆਂ ਕੰਪਨੀਆਂ ਦੀਆਂ ਵਿੱਤੀ ਵਿਵਰਣੀਆਂ ਦੀ ਪੂਰਕ ਲੇਖਾ ਪ੍ਰੀਖਿਆ ਕੀਤੀ। ਰਾਜ ਸਰਕਾਰ ਦੀਆਂ ਕੰਪਨੀਆਂ ਦੀਆਂ ਵਿੱਤੀ ਵਿਵਰਣੀਆਂ ਤੇ ਮਹੱਤਵਪੂਰਨ ਟਿੱਪਣੀਆਂ ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਦਾ ਲਾਭ ਉੱਤੇ ਵਿੱਤੀ ਪ੍ਰਭਾਵ ₹ 17.13 ਕਰੋੜ ਸੀ।

***(ਪੈਰ੍ਹਾ 3.5.2)***

ਪੂਰਕ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, ਸੀ ਏ ਜੀ ਨੇ ਇਹ ਵੀ ਵੇਖਿਆ ਕਿ ਛੇ ਐਸ ਪੀ ਐਸ ਈਜ਼ ਦੀਆਂ ਸੱਤ ਵਿੱਤੀ ਵਿਵਰਣੀਆਂ ਵਿੱਚ ਲੇਖਾ ਮਿਆਰਾਂ/ਇੰਡ ਏ ਐਸ ਦੀ ਪਾਲਣਾ ਨਹੀਂ ਕੀਤੀ ਗਈ ਸੀ, ਜਿਨ੍ਹਾਂ ਦੀ ਰਿਪੋਰਟ ਉਨ੍ਹਾਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਨੇ ਨਹੀਂ ਕੀਤੀ ਸੀ।

*(ਪੈਰ੍ਹਾ 3.6)*

ਵਿੱਤੀ ਰਿਪੋਰਟਾਂ ਜਾਂ ਪੂਰਕ ਲੇਖਾ ਪ੍ਰੀਖਿਆ ਦੌਰਾਨ ਵੇਖੀਆਂ ਗਈਆਂ ਰਿਪੋਰਟਿੰਗ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ ਅਤੇ ਕਮੀਆਂ, ਜੋ ਕਿ ਮਾਮੂਲੀ ਸਨ, ਨੂੰ ਸੁਧਾਰਾਤਮਕ ਕਾਰਵਾਈ ਕਰਨ ਲਈ 21 ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੂੰ 'ਪ੍ਰਬੰਧਨ ਪੱਤਰ' ਦੁਆਰਾ ਸੂਚਿਤ ਕੀਤਾ ਗਿਆ ਸੀ।

*(ਪੈਰ੍ਹਾ 3.7)*

## ਅਧਿਆਇ-IV: ਕਾਰਪੋਰੇਟ ਪ੍ਰਸ਼ਾਸਨ

ਕਾਰਪੋਰੇਟ ਪ੍ਰਸ਼ਾਸਨ ਦੀ ਸਮੀਖਿਆ ਵਿੱਚ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰਬੰਧਕੀ ਨਿਯੰਤਰਣ ਅਧੀਨ 29 ਕਾਰਜਸ਼ੀਲ ਸਰਕਾਰੀ ਕੰਪਨੀਆਂ ਨੂੰ ਕਵਰ ਕੀਤਾ ਗਿਆ।

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ:

ਚਾਰ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ ਅਤੇ ਦੋ ਐਸ ਪੀ ਐਸ ਈਜ਼ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਲੋੜੀਂਦੀ ਗਿਣਤੀ ਵਿੱਚ ਘਾਟ ਸੀ। ਇੱਥੋਂ ਤੱਕ ਕਿ ਚਾਰ ਐਸ ਪੀ ਐਸ ਈਜ਼ ਵਿੱਚ, ਜਿੱਥੇ ਸੁਤੰਤਰ ਨਿਰਦੇਸ਼ਕ ਨਿਯੁਕਤ ਕੀਤੇ ਗਏ ਸਨ, ਨਿਯੁਕਤੀ ਦਾ ਉਪਚਾਰਿਕ ਪੱਤਰ ਸਿਰਫ ਤਿੰਨ ਐਸ ਪੀ ਐਸ ਈਜ਼ ਵਿੱਚ ਭੇਜਿਆ ਗਿਆ ਸੀ।

*(ਪੈਰ੍ਹਾ 4.2.1 ਅਤੇ 4.3.1)*

ਕੰਪਨੀਜ਼ ਐਕਟ, 2013 ਦੇ ਸੈਕਸ਼ਨ 173(1) ਅਨੁਸਾਰ ਬੋਰਡ ਦੀ ਇੱਕ ਸਾਲ ਵਿੱਚ ਘੱਟੋ-ਘੱਟ ਚਾਰ ਵਾਰ ਮੀਟਿੰਗ ਹੋਵੇਗੀ ਜਿਸ ਵਿੱਚ ਲਗਾਤਾਰ ਦੋ ਮੀਟਿੰਗਾਂ ਦੇ ਵਿਚਕਾਰ ਵੱਧ ਤੋਂ ਵੱਧ 120 ਦਿਨਾਂ ਦੇ ਸਮੇਂ ਦਾ ਅੰਤਰ ਹੋਵੇਗਾ। ਚੁਣੇ ਗਏ 29 ਐਸ ਪੀ ਐਸ ਈਜ਼ ਵਿੱਚੋਂ, 15 ਨੇ ਇੱਕ ਸਾਲ ਵਿੱਚ ਲਾਜ਼ਮੀ ਚਾਰ ਬੋਰਡ ਮੀਟਿੰਗਾਂ ਨਹੀਂ ਕੀਤੀਆਂ।

*(ਪੈਰ੍ਹਾ 4.4)*

ਵਿਧਾਨਿਕ ਸ਼ਰਤਾਂ ਦੇ ਅਨੁਸਾਰ ਅੱਠ ਐਸ ਪੀ ਐਸ ਈਜ਼ ਨੂੰ ਲੇਖਾ ਪ੍ਰੀਖਿਆ ਕਮੇਟੀਆਂ ਦਾ ਗਠਨ ਕਰਨ ਦੀ ਲੋੜ ਸੀ। ਸੱਤ ਐਸ ਪੀ ਐਸ ਈਜ਼ ਨੇ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਕੀਤਾ ਅਤੇ ਇੱਕ ਐਸ ਪੀ ਐਸ ਈ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਕਮੇਟੀ ਨੂੰ ਸੁਤੰਤਰ ਨਿਰਦੇਸ਼ਕਾਂ ਦੇ ਅਸਤੀਫੇ ਕਾਰਨ 30 ਜੂਨ 2022 ਤੋਂ ਭੰਗ ਕਰ ਦਿੱਤਾ ਗਿਆ ਸੀ। ਪੰਜ ਐਸ ਪੀ ਐਸ ਈਜ਼ ਵਿੱਚ, ਲੇਖਾ ਪ੍ਰੀਖਿਆ ਕਮੇਟੀ ਨੇ ਕੰਪਨੀ ਦੀ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ, ਅੰਦਰੂਨੀ ਲੇਖਾ ਪਰੀਖਕਾਂ ਦੀ ਕਾਰਗੁਜ਼ਾਰੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ ਨਹੀਂ ਕੀਤੀ।

*(ਪੈਰ੍ਹਾ 4.6.1)*

## ਅਧਿਆਇ-V: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ

ਪਾਵਰ ਮੰਤਰਾਲੇ, ਭਾਰਤ ਸਰਕਾਰ ਨੇ ਦਸੰਬਰ 2014 ਵਿੱਚ ਪੂੰਜੀਗਤ ਖਰਚਿਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ (ਸਕੀਮ) ਦੀ ਸ਼ੁਰੂਆਤ ਕੀਤੀ ਸੀ, ਜਿਸ ਦਾ ਉਦੇਸ਼ ਸਬ-ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਦੇ ਨਾਲ-ਨਾਲ ਸ਼ਹਿਰੀ ਖੇਤਰਾਂ ਵਿੱਚ ਮੀਟਰਿੰਗ ਵਿੱਚਲੇ ਪਾੜੇ ਨੂੰ ਦੂਰ ਕਰਨਾ ਸੀ। ਇਸ ਸਕੀਮ ਦਾ ਉਦੇਸ਼ ਡਿਸਟ੍ਰੀਬਿਊਸ਼ਨ ਕੰਪਨੀਆਂ (ਡਿਸਕਾਮ)/ਪਾਵਰ ਵਿਭਾਗਾਂ ਦੇ ਸਰੋਤਾਂ ਦੀ ਪੂਰਤੀ ਕਰਨਾ ਸੀ। **ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ** ਵਿੱਚ ਸਕੀਮ ਦੀ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਇਹ ਮੁਲਾਂਕਣ ਕਰਨ ਲਈ ਕੀਤੀ ਗਈ ਸੀ ਕਿ ਕੀ ਸਕੀਮ/ਕਾਰਜਾਂ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਦੇ ਕੰਮ ਕੁਸ਼ਲ ਤਰੀਕੇ ਨਾਲ ਕੀਤੇ ਗਏ ਸਨ; ਵਿੱਤੀ ਪ੍ਰਬੰਧਨ ਅਤੇ ਫੰਡਾਂ ਦੀ ਵਰਤੋਂ ਕੁਸ਼ਲਤਾ ਨਾਲ ਅਤੇ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਕੀਤੀ ਗਈ ਸੀ; ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਇੱਕ ਪ੍ਰਭਾਵਸ਼ਾਲੀ ਨਿਯੰਤਰਣ ਪ੍ਰਣਾਲੀ ਸਥਾਪਤ ਕੀਤੀ ਗਈ ਸੀ; ਅਤੇ ਸਕੀਮ ਦੇ ਸਮੁੱਚੇ ਉਦੇਸ਼ ਪ੍ਰਾਪਤ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ:

- ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਡਿਸਟ੍ਰੀਬਿਊਸ਼ਨ ਟਰਾਂਸਫਾਰਮਾਂ (ਡੀ ਟੀਜ਼) 'ਤੇ ਮੀਟਰ ਲਗਾਉਣਾ ਲਾਜ਼ਮੀ ਕੀਤਾ ਗਿਆ ਤਾਂ ਜੋ ਵੰਡ ਪ੍ਰਣਾਲੀ ਵਿੱਚ ਊਰਜਾ ਦੇ ਨਿਰਵਿਘਨ ਲੇਖਾ ਜੋਖਾ ਅਤੇ ਆਡਿਟਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਹਾਲਾਂਕਿ, ਡੀ ਟੀਜ਼ 'ਤੇ ਮੀਟਰਿੰਗ ਕਿਊਬਿਕਲ (ਐਮ ਸੀ) ਲਗਾਉਣ ਅਤੇ ਚਾਲੂ ਕਰਨ ਦੇ ਕੰਮ ਵਿੱਚ ਦੋ ਸਾਲ ਦੀ ਦੇਰੀ ਅਤੇ ਹੌਲੀ ਅਮਲ ਦੇ ਕਾਰਨ, ਫਰਵਰੀ 2022 ਤੱਕ 11,193 ਐਮ ਸੀਜ਼ ਦੀ ਅਲਾਟ ਕੀਤੀ ਮਾਤਰਾ ਦੇ ਮੁਕਾਬਲੇ ਸਿਰਫ 6,496 ਐਮ ਸੀਜ਼ ਹੀ ਸਥਾਪਤ ਕੀਤੇ ਜਾ ਸਕੇ। ਇਸ ਕਮੀ ਦੇ ਨਤੀਜੇ ਵਜੋਂ ਸਕੀਮ ਅਧੀਨ ਪ੍ਰਵਾਨਿਤ ਸਾਰੇ ਡੀ ਟੀਜ਼ ਦੇ ਊਰਜਾ ਲੇਖਾ-ਜੋਖਾ ਪ੍ਰਾਪਤੀ ਨਹੀਂ ਹੋ ਸਕੀ।
- ਕੰਪਨੀ ਨੇ 318 ਸਾਈਟਾਂ ਨੂੰ ਚਾਲੂ ਕਰਨ ਲਈ ਕੰਪਿਊਟਰ ਹਾਰਡਵੇਅਰ ਅਤੇ ਪੈਰੀਫੇਰਲ ਦੀ ਸਪਲਾਈ ਅਤੇ ਸਥਾਪਨਾ ਲਈ ₹ 10.61 ਕਰੋੜ ਦਾ ਕੰਮ ਅਵਾਰਡ ਕੀਤਾ। ਹਾਲਾਂਕਿ ਇਹ ਕੰਮ ਸਿਰਫ 127 ਸਾਈਟਾਂ ਤੇ ਕੀਤਾ ਗਿਆ ਸੀ, ਫਿਰ ਵੀ ਕੰਪਨੀ ਨੇ ਸਾਰੀਆਂ 318 ਸਾਈਟਾਂ ਲਈ ਗ੍ਰਾਂਟ ਦਾ ਦਾਅਵਾ ਕੀਤਾ, ਜਿਸ ਦੇ ਨਤੀਜੇ ਵਜੋਂ ₹ 3.82 ਕਰੋੜ ਦੀ ਗ੍ਰਾਂਟ ਦਾ ਅਨਿਯਮਿਤ ਦਾਅਵਾ ਕੀਤਾ ਗਿਆ।
- ਕੰਪਨੀ ਨੇ ਸਾਫਟਵੇਅਰ ਐਸ਼ੋਰੈਂਸ ਫੀਸ 'ਤੇ ₹ 1.64 ਕਰੋੜ ਦੀ ਅਨਿਯਮਿਤ ਗ੍ਰਾਂਟ ਦਾ ਦਾਅਵਾ ਕੀਤਾ, ਜੋ ਕਿ ਮਾਲੀਆ ਖਰਚਾ ਸੀ ਅਤੇ ਸਕੀਮ ਦੇ ਉਪਬੰਧਾਂ ਅਨੁਸਾਰ ਕੰਪਨੀ ਨੂੰ ਸਹਿਣ ਕਰਨਾ ਲੋੜੀਂਦਾ ਸੀ।
- ਸਕੀਮ ਦੇ ਅਧੀਨ, ਮਨੁੱਖੀ ਸਰੋਤ ਪ੍ਰਬੰਧਨ, ਵਿੱਤ ਅਤੇ ਲੇਖਾ ਅਤੇ ਸਮੱਗਰੀ ਪ੍ਰਬੰਧਨ ਨੂੰ ਕਵਰ ਕਰਨ ਵਾਲੇ ਈ ਆਰ ਪੀ ਪ੍ਰੋਜੈਕਟ ਨੂੰ ਜਨਵਰੀ 2018 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਹਾਲਾਂਕਿ, ₹ 42.48 ਕਰੋੜ ਦਾ ਵਰਕ ਆਰਡ 16 ਮਹੀਨਿਆਂ ਵਿੱਚ ਪੂਰਾ ਕਰਨ ਲਈ ਇੱਕ ਸਾਲ ਤੋਂ ਵੱਧ ਦੇਰੀ ਨਾਲ ਦਿੱਤਾ ਗਿਆ ਸੀ (ਅਗਸਤ 2019)।

ਕਿਉਂਕਿ ਇਹ ਪ੍ਰੋਜੈਕਟ ਮਈ 2024 ਤੱਕ ਅਧੂਰਾ ਰਿਹਾ, ਇਸ ਲਈ ਕੰਪਨੀ ₹ 4.37 ਕਰੋੜ ਦੀ ਗ੍ਰਾਂਟ ਪ੍ਰਾਪਤ ਕਰਨ ਵਿੱਚ ਅਸਮਰੱਥ ਰਹੀ।

- ₹ 7.90 ਕਰੋੜ ਦੀ ਲਾਗਤ ਵਾਲੇ ਰੀਅਲ ਟਾਈਮ ਡਾਟਾ ਐਕਯੂਜੀਸ਼ਨ ਸਿਸਟਮ ਨੂੰ ਲਾਗੂ ਕਰਨ ਲਈ ਪ੍ਰੋਜੈਕਟ ਨੂੰ ਦਸੰਬਰ 2018 ਵਿੱਚ ਨਾਲ ਮਨਜ਼ੂਰੀ ਦਿੱਤੀ ਗਈ ਸੀ। ਇਹ ਠੇਕਾ ਛੇ ਮਹੀਨਿਆਂ ਦੇ ਅੰਦਰ ਦਿੱਤਾ ਜਾਣਾ ਸੀ ਅਤੇ ਮਨਜ਼ੂਰੀ ਦੀ ਮਿਤੀ ਤੋਂ 30 ਮਹੀਨਿਆਂ (ਜੂਨ 2021) ਦੇ ਅੰਦਰ ਪੂਰਾ ਹੋਣਾ ਸੀ। ਹਾਲਾਂਕਿ, ਟੈਂਡਰਿੰਗ ਪ੍ਰਕਿਰਿਆ ਨੂੰ ਸਮੇਂ ਸਿਰ ਸ਼ੁਰੂ ਕਰਨ ਅਤੇ ਅੰਤਿਮ ਰੂਪ ਦੇਣ ਵਿੱਚ ਕੰਪਨੀ ਦੀ ਅਸਮਰੱਥਾ ਕਾਰਨ, ਕੰਮ ਅਵਾਰਡ ਨਹੀਂ ਕੀਤਾ ਜਾ ਸਕਿਆ। ਨਤੀਜੇ ਵਜੋਂ ₹ 4.74 ਕਰੋੜ ਦੀ ਗ੍ਰਾਂਟ ਪ੍ਰਾਪਤ ਨਹੀਂ ਕੀਤੀ ਜਾ ਸਕੀ ਅਤੇ ਪਾਵਰ ਡਿਸਟ੍ਰੀਬਿਊਸ਼ਨ ਨੈੱਟਵਰਕ ਦੀ ਭਰੋਸੇਯੋਗਤਾ ਨੂੰ ਮਾਪਣ ਲਈ ਰੀਅਲ ਟਾਈਮ ਡਾਟਾ ਉਪਲੱਬਧ ਨਹੀਂ ਕਰਵਾਇਆ ਗਿਆ।

- ਸਕੀਮ ਦੇ ਅਨੁਸਾਰ, ਨਿਰਧਾਰਤ ਮੀਲ ਪੱਥਰ ਜਿਵੇਂ ਕਿ ਸਕੀਮ ਨੂੰ ਸਮੇਂ ਸਿਰ ਪੂਰਾ ਕਰਨਾ, ਏ ਟੀ ਐਂਡ ਸੀ ਘਾਟੇ ਨੂੰ ਘਟਾਉਣਾ ਅਤੇ ਸਵੀਕਾਰਯੋਗ ਮਾਲੀਆ ਸਬਸਿਡੀ ਨੂੰ ਅਗਾਊਂ ਜਾਰੀ ਕਰਨਾ, ਪ੍ਰਾਪਤ ਕਰਨ ਤੇ ਪ੍ਰੋਜੈਕਟ ਲਾਗਤ ਦੀ 15 *ਪ੍ਰਤੀਸ਼ਤ* ਵਾਧੂ ਗ੍ਰਾਂਟ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸ ਦੇ ਵਿਰੁੱਧ, ਕੰਪਨੀ ਸਕੀਮ ਦੇ ਹਰੇਕ ਹਿੱਸੇ ਲਈ ਮਨਜ਼ੂਰੀ ਪੱਤਰਾਂ ਵਿੱਚ ਨਿਰਧਾਰਤ ਸਮਾਂ ਸੀਮਾ ਅਨੁਸਾਰ ਕੰਮ ਪੂਰਾ ਨਹੀਂ ਕਰ ਸਕੀ। ਏ ਟੀ ਐਂਡ ਸੀ ਘਾਟੇ ਦੇ ਸਬੰਧ ਵਿੱਚ, ਐਮ ਓ ਪੀ ਨੇ 2017-18 ਤੋਂ 2021-22 ਲਈ ਏ ਟੀ ਐਂਡ ਸੀ ਘਾਟੇ ਲਈ 14.50 *ਪ੍ਰਤੀਸ਼ਤ* ਤੋਂ 14.00 *ਪ੍ਰਤੀਸ਼ਤ* ਦੀ ਰੇਂਜ਼ ਵਿੱਚ ਟੀਚੇ ਨੂੰ ਅੰਤਿਮ ਰੂਪ ਦਿੱਤਾ, ਜੋ ਕੰਪਨੀ ਦੁਆਰਾ ਤਿੰਨ ਸਾਲਾਂ (2017-18, 2019-20 ਅਤੇ 2020-21) ਦੌਰਾਨ ਪ੍ਰਾਪਤ ਨਹੀਂ ਕੀਤਾ ਜਾ ਸਕਿਆ। ਇਸ ਸਕੀਮ ਵਿੱਚ ਸ਼ਾਮਲ 97 ਕਸਬਿਆਂ ਦੇ ਘਾਟੇ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ 2021-22 ਦੌਰਾਨ ਕੰਪਨੀ ਸਿਰਫ ਚਾਰ ਕਸਬਿਆ ਵਿੱਚ ਟੀਚਾ ਪ੍ਰਾਪਤ ਕਰ ਸਕੀ, ਜਦੋਂ ਕਿ ਬਾਕੀ 93 ਕਸਬਿਆਂ ਵਿੱਚ ਘਾਟਾ 14.08 ਅਤੇ 82.53 *ਪ੍ਰਤੀਸ਼ਤ* ਦੇ ਵਿਚਕਾਰ ਸੀ। ਹੋਰ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ 2021-22 ਦੌਰਾਨ 67 ਕਸਬਿਆਂ ਵਿੱਚ ਏ ਟੀ ਐਂਡ ਸੀ ਘਾਟਾ ਬਹੁਤ ਜ਼ਿਆਦਾ (30 *ਪ੍ਰਤੀਸ਼ਤ* ਤੋਂ ਵੱਧ) ਸੀ, ਜਿਸ ਵਿੱਚ 60 *ਪ੍ਰਤੀਸ਼ਤ* ਤੋਂ ਵੱਧ ਵਾਲੇ 12 ਕਸਬੇ (ਅਜਨਾਲਾ, ਬਾਘਾਪੁਰਾਣਾ, ਸਮਰਾਲਾ, ਹੰਡਿਆਇਆ, ਕਰਤਾਰਪੁਰ, ਲੌਂਗੋਵਾਲ, ਮੱਖੂ, ਮੱਲਾਂਵਾਲਾ, ਮੂਨਕ, ਰਾਜਕੋਟ, ਰਾਜਾਸਾਂਸੀ, ਸੰਗਤ) ਸ਼ਾਮਲ ਸਨ। ਇਸ ਤੋਂ ਇਲਾਵਾ ਰਾਜ ਸਰਕਾਰ ਤੋਂ ਸਵੀਕਾਰਯੋਗ ਮਾਲੀਆ ਸਬਸਿਡੀ ਦੀ ਅਗਾਊਂ ਪ੍ਰਾਪਤੀ ਵੀ ਪ੍ਰਾਪਤ ਨਹੀਂ ਕੀਤੀ ਗਈ। ਨਿਰਧਾਰਤ ਮੀਲ ਮੱਥਰ ਪ੍ਰਾਪਤ ਨਾ ਹੋਣ ਕਾਰਨ ਕੰਪਨੀ ₹ 61.08 ਕਰੋੜ (₹ 407.21 ਕਰੋੜ ਦਾ 15 *ਪ੍ਰਤੀਸ਼ਤ ਭਾਵ* ਸਕੀਮ ਤੇ ਹੋਇਆ ਕੁੱਲ ਖਰਚ) ਦੀ ਗ੍ਰਾਂਟ ਦਾ ਲਾਭ ਨਹੀਂ ਲੈ ਸਕੀ।

*(ਅਧਿਆਇ-V)*

## ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

### ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ

- ਨਵੇਂ ਕੁਨੈਕਸ਼ਨਾਂ ਦੀ ਮੀਟਰਿੰਗ/ਖਰਾਬ/ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਨਿਰਧਾਰਤ ਸਮਾਂ ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ, ਜੋਕਿ ਵਿਧਾਨਿਕ ਵਿਵਸਥਾਵਾਂ ਦੀ

ਉਲੰਘਣਾ ਸੀ, ਜਿਸ ਕਾਰਨ ₹ 1.03 ਕਰੋੜ ਦਾ ਮਾਲੀਆ ਘਾਟਾ ਹੋਇਆ। ਪੰਜਾਬ ਸਟੇਟ ਇਲੈਕਟੀਸਿਟੀ ਰੇਗੂਲੇਟਰੀ ਕਮਿਸ਼ਨ ਵੱਲੋਂ ਸ਼ਹਿਰੀ ਫੀਡਰਾਂ ਤੋਂ ਸੰਚਾਲਿਤ ਏ ਪੀ ਖਪਤਕਾਰਾਂ ਦੇ ਸਬੰਧ ਵਿੱਚ ₹ 64.37 ਕਰੋੜ ਦੀ ਉਰਜਾ ਖਪਤ ਨੂੰ ਮੀਟਰ ਰਹਿਤ ਕੁਨੈਕਸ਼ਨਾਂ/ਅਧੂਰੇ ਅਤੇ ਅਵੈਧ ਮੀਟਰ ਰੀਡਿੰਗਾਂ ਕਾਰਨ ਏ ਪੀ ਖਪਤ ਦੀ ਗਣਨਾ ਕਰਨ ਲਈ ਵਿਚਾਰਿਆ ਨਹੀਂ ਗਿਆ। ₹ 2.88 ਕਰੋੜ ਦੇ ਖਰਚੇ ਦੇ ਬਾਵਜੂਦ ਕੰਪਨੀ, ਏ ਪੀ ਫੀਡਰਾਂ ਦੇ ਵੰਡ ਘਾਟੇ ਦੀ ਗਣਨਾ ਕਰਨ ਵਿੱਚ ਅਸਮਰੱਥ ਸੀ। ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣ ਵਿੱਚ ਲੰਬੇ ਸਮੇਂ ਤੋਂ ਦੇਰੀ ਦੇ ਨਤੀਜੇ ਵਜੋਂ ₹ 13.75 ਕਰੋੜ ਦਾ ਬੇਲੋੜਾ ਖਰਚਾ ਹੋਇਆ। ਸਮਾਰਟ ਮੀਟਰਾਂ ਦੀ ਲਾਜ਼ਮੀ ਲੋੜ ਦੇ ਬਾਵਜੂਦ, ਕੰਪਨੀ ਨੇ ਰਵਾਇਤੀ ਮੀਟਰਾਂ ਦੀ ਖਰੀਦ'ਤੇ ₹ 22.44 ਕਰੋੜ ਦਾ ਟਾਲਣਯੋਗ ਖਰਚਾ ਕੀਤਾ।

***(ਪੈਰ੍ਹਾ 6.1)***

- ਫਰਮ ਤੋਂ ਐਸ ਏ ਪੀ ਪ੍ਰਣਾਲੀ ਦੀਆਂ ਫੈਸੇਲਿਟੀ ਮੈਨੇਜਮੈਂਟ ਸਰਵਿਸਜ਼ ਦੇ ਆਊਟਸੋਰਸ ਕੀਤੇ ਕੰਮ ਨੂੰ ਸੰਭਾਲਣ ਲਈ ਲੋੜੀਂਦੀ ਅਤੇ ਸਿਖਲਾਈ ਪ੍ਰਾਪਤ ਮੈਨਪਾਵਰ ਦੀ ਦੇਰੀ ਨਾਲ ਤੈਨਾਤੀ ਅਤੇ ਵਰਕ ਆਰਡਰ ਨੂੰ ਅੱਗੇ ਵਧਾਉਣ ਦੇ ਨਤੀਜੇ ਵਜੋਂ ₹ 3.23 ਕਰੋੜ ਦਾ ਖਰਚਾ ਹੋਇਆ।

***(ਪੈਰ੍ਹਾ 6.2)***

- ਜਨਵਰੀ 2018 ਤੋਂ ਮਾਰਚ 2023 ਦੀ ਮਿਆਦ ਦੇ ਦੌਰਾਨ ਇੱਕ ਸਹਿ-ਉਤਪਾਦਨ ਪਾਵਰ ਪਲਾਂਟ ਦੇ ਊਰਜਾ ਬਿੱਲਾਂ ਵਿੱਚ ਸਥਿਰ ਊਰਜਾ ਚਾਰਜਿਜ਼ ਨਾ ਲਗਾਉਣ ਦੇ ਨਤੀਜੇ ਵਜੋਂ ₹ 1.68 ਕਰੋੜ ਦੀ ਘੱਟ ਬਿਲਿੰਗ ਹੋਈ ਅਤੇ ₹ 0.57 ਕਰੋੜ ਦਾ ਵਿਆਜ ਨੁਕਸਾਨ ਹੋਇਆ।

***(ਪੈਰ੍ਹਾ 6.3)***

- ਟੈਰਿਫ ਨਿਯਮਾਂ ਦੀ ਉਲੰਘਣਾ ਕਰਦਿਆਂ ਅਤੇ ਬਿਨਾਂ ਕਿਸੇ ਇਤਰਾਜ਼ ਦੇ ਡੈਫੱਰਡ ਟੈਕਸ ਮਟੀਰੀਅਲਾਈਜੇਸ਼ਨ ਭੁਗਤਾਨਾਂ ਦੀ ਮੂਲ ਰਕਮ ਨੂੰ ਰੋਕਣ ਦੇ ਨਤੀਜੇ ਵਜੋਂ ₹ 6.81 ਕਰੋੜ ਦੇ ਵਿਆਜ ਦਾ ਟਾਲਣਯੋਗ ਨੁਕਸਾਨ ਹੋਇਆ।

***(ਪੈਰ੍ਹਾ 6.4)***

**ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ**

- ਬਾਜ਼ਾਰ ਵਿੱਚ ਸ਼ੇਅਰਾਂ ਦੀ ਵਿਕਰੀ ਲਈ ਕਾਰਵਾਈ ਸ਼ੁਰੂ ਨਾ ਕਰਨ ਅਤੇ ਵਨ ਟਾਈਮ ਸੈਟਲਮੈਂਟ ਅਧੀਨ ਸਹਿਯੋਗੀ ਦੇ ਬਕਾਏ ਦਾ ਨਿਪਟਾਰਾ ਨਾ ਕਰਨ ਵਜੋਂ ₹ 4.21 ਕਰੋੜ ਦਾ ਘਾਟਾ ਹੋਇਆ।

***(ਪੈਰ੍ਹਾ 6.5)***

**ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ**

- ਕੰਪਨੀ ਸਾਲ 2018-19 ਤੋਂ 2022-23 ਲਈ ਸਾਲਾਨਾ ਲੇਖਿਆਂ ਨੂੰ ਸਹਾਇਕ ਦਸਤਾਵੇਜ਼ਾਂ ਦੇ ਨਾਲ ਤਿਆਰ ਕਰਕੇ ਭਾਰਤ ਸਰਕਾਰ ਤੋਂ ਆਰਜ਼ੀ ਸਬਸਿਡੀ ਕਲੇਮ ਕਰਨ

ਲਈ ਜਮ੍ਹਾਂ ਨਹੀਂ ਕਰ ਸਕੀ। ਜਿਸ ਦੇ ਨਤੀਜੇ ਵਜੋਂ ਭਾਰਤ ਸਰਕਾਰ ਦੁਆਰਾ ਆਰਜ਼ੀ ਸਬਸਿਡੀ ਕਲੇਮਾਂ ਤੋਂ ₹ 94.79 ਕਰੋੜ ਦੀ ਟਾਲਣਯੋਗ ਕਟੌਤੀ ਹੋਈ ਅਤੇ ਕੰਪਨੀ ਨੂੰ ਨਤੀਜੇ ਵਜੋਂ ₹ 8.05 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

*(ਪੈਰ੍ਹਾ 6.7)*

# ਅਧਿਆਇ-I

# ਜਨਰਲ

# ਅਧਿਆਇ-I

# ਜਨਰਲ

## 1.1 ਭੂਮਿਕਾ

ਇਹ ਰਿਪੋਰਟ ਕੰਪਨੀਜ਼ ਐਕਟ, 2013 (ਐਕਟ, 2013) ਅਤੇ ਸੰਸਦ/ਰਾਜ ਵਿਧਾਨ ਸਭਾ ਦੁਆਰਾ ਬਣਾਏ ਗਏ ਕਾਨੂੰਨਾਂ ਅਧੀਨ ਸਥਾਪਤ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) (ਰਾਜ ਸਰਕਾਰ ਦੀਆਂ ਕੰਪਨੀਆਂ, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ) ਦੀ ਵਿੱਤੀ ਕਾਰਗੁਜ਼ਾਰੀ ਨੂੰ ਪੇਸ਼ ਕਰਦੀ ਹੈ।

ਇਹ ਰਿਪੋਰਟ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੇ ਪਾਲਣ ਲੇਖਾ ਪ੍ਰੀਖਿਆ ਤੋਂ ਉੱਭਰੇ ਮਾਮਲਿਆਂ ਨੂੰ ਵੀ ਕਵਰ ਕਰਦੀ ਹੈ। ਇਸ ਰਿਪੋਰਟ ਦਾ ਮੁੱਢਲਾ ਮੰਤਵ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜਿਆਂ ਨੂੰ ਵਿਧਾਨ ਸਭਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਕਾਰਜਪਾਲਿਕਾ ਨੂੰ ਸੋਧਮਈ ਕਾਰਵਾਈ ਕਰਨ ਦੇ ਨਾਲ-ਨਾਲ ਨੀਤੀਆਂ ਅਤੇ ਨਿਰਦੇਸ਼ ਬਣਾਉਣ ਦੇ ਸਮਰੱਥ ਬਣਾਉਣਗੀਆਂ ਜਿਸ ਨਾਲ ਸੰਗਠਨਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਜਿਸ ਨਾਲ ਬਿਹਤਰ ਪ੍ਰਸ਼ਾਸਨ ਵਿੱਚ ਯੋਗਦਾਨ ਹੋਵੇਗਾ।

ਰਿਪੋਰਟ ਨੂੰ ਹੇਠ ਲਿਖੇ ਛੇ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ:

- **ਅਧਿਆਇ-I** ਵਿੱਚ ਲੇਖਾ ਪ੍ਰੀਖਿਆ ਦਾ ਅਧਿਕਾਰ, ਜਵਾਬਦੇਹੀ ਢਾਂਚਾ, ਸਰਕਾਰ ਅਤੇ ਵਿਧਾਨ ਸਭਾ ਦੀ ਭੂਮਿਕਾ, ਐਸ ਪੀ ਐਸ ਈਜ਼ ਵਿੱਚ ਪੰਜਾਬ ਸਰਕਾਰ ਵੱਲੋਂ ਨਿਵੇਸ਼, ਐਸ ਪੀ ਐਸ ਈਜ਼ ਦੁਆਰਾ ਲੇਖੇ ਜਮ੍ਹਾਂ ਕਰਵਾਉਣਾ, ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਦਾ ਖਰੜਾ ਤਿਆਰ ਕਰਨ ਲਈ ਲੇਖਾਕਰਤਾ/ਸਰਕਾਰ ਦਾ ਜਵਾਬ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ 'ਤੇ ਪੈਰਵ੍ਹੀ ਲਈ ਕੀਤੀ ਗਈ ਕਾਰਵਾਈ ਸ਼ਾਮਲ ਹੈ।

- **ਅਧਿਆਇ-II** ਵਿੱਚ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਬਾਰੇ ਚਰਚਾ ਕੀਤੀ ਗਈ ਹੈ।

- **ਅਧਿਆਇ-III** ਵਿੱਚ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਮਹੱਤਵਪੂਰਣ ਟਿੱਪਣੀਆਂ ਨੂੰ ਉਜਾਗਰ ਕੀਤਾ ਗਿਆ ਹੈ ਜੋ ਰਾਜ ਸਰਕਾਰ ਦੀਆਂ ਕੰਪਨੀਆਂ ਬਾਰੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟਾਂ 'ਤੇ ਪੂਰਕ ਵੱਜੋਂ ਜਾਰੀ ਕੀਤੀਆਂ ਗਈਆਂ ਸਨ।

- **ਅਧਿਆਇ-IV** ਵਿੱਚ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ 29 ਐਸ ਪੀ ਐਸ ਈਜ਼ ਦੇ ਜ਼ਰੀਏ ਐਕਟ, 2013 ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆਂ ਦੇ ਨਿਯਮਾਂ ਅਧੀਨ ਕਾਰਪੋਰੇਟ ਪ੍ਰਸ਼ਾਸਨ ਉਪਬੰਧਾਂ ਦੀ ਪਾਲਣਾ ਨੂੰ ਉਜਾਗਰ ਕੀਤਾ ਗਿਆ ਹੈ।

- **ਅਧਿਆਇ-V** ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਦੀ 'ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ' ਬਾਰੇ ਵਿਸ਼ਾ ਵਿਸ਼ੇਸ਼ ਪਾਲਣਾ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਸ਼ਾਮਲ ਹਨ।

- **ਅਧਿਆਇ-VI** ਵਿੱਚ ਐਸ ਪੀ ਐਸ ਈਜ਼ ਦੀ ਪਾਲਣਾ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ-ਵੱਖ ਟਿੱਪਣੀਆਂ ਸ਼ਾਮਲ ਹਨ।

## 1.2 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਲੇਖਾ ਪ੍ਰੀਖਿਆ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 149 ਅਤੇ 151 ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਤੋਂ ਪ੍ਰਾਪਤ ਹੈ।

ਸਰਕਾਰੀ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19 ਦੇ ਵੱਖ-ਵੱਖ ਉਪਬੰਧਾਂ ਅਧੀਨ ਕੀਤਾ ਜਾਂਦਾ ਹੈ। ਵੱਖ-ਵੱਖ ਤਰ੍ਹਾਂ ਦੀ ਲੇਖਾ ਪ੍ਰੀਖਿਆ ਲਈ ਸਿਧਾਂਤ ਅਤੇ ਵਿਧੀਆਂ, ਲੇਖਾ ਪ੍ਰੀਖਿਆ ਅਤੇ ਲੇਖੇ (ਸੋਧਾਂ), 2020 ਤੇ ਨਿਯਮਾਂ ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

## 1.3 ਜਵਾਬਦੇਹੀ ਢਾਂਚਾ

ਸਰਕਾਰੀ ਕੰਪਨੀਆਂ ਦੀ ਲੇਖਾ ਪ੍ਰੀਖਿਆ ਦੀ ਪ੍ਰਕਿਰਿਆ ਐਕਟ, 2013 ਦੀ ਧਾਰਾ 139 ਅਤੇ 143 ਵਿੱਚ ਨਿਰਧਾਰਤ ਕੀਤੀ ਗਈ ਹੈ।

ਸਰਕਾਰੀ ਕੰਪਨੀਆਂ (ਜੋ ਕਿ ਐਕਟ, 2013 ਦੀ ਧਾਰਾ 2(45) ਵਿੱਚ ਪਰਿਭਾਸ਼ਿਤ ਹਨ) ਦੇ ਵਿੱਤੀ ਵਿਵਰਣਾਂ ਦੀ ਲੇਖਾ ਪ੍ਰੀਖਿਆ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਐਕਟ, 2013 ਦੀ ਧਾਰਾ 139(5) ਜਾਂ 139(7) ਦੇ ਉਪਬੰਧਾਂ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਅਧਿਨਿਯਮਿਕ ਲੇਖਾ ਪਰੀਖਕ, ਐਕਟ, 2013 ਦੀ ਧਾਰਾ 143(5) ਦੇ ਅਧੀਨ ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ, ਹੋਰ ਚੀਜ਼ਾਂ ਦੇ ਨਾਲ, ਕੰਪਨੀ ਦੇ ਵਿੱਤੀ ਵਿਵਰਣ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਵਿੱਤੀ ਵਿਵਰਣਾਂ ਦੀ ਐਕਟ, 2013 ਦੀ ਧਾਰਾ 143(6) ਦੇ ਉਪਬੰਧਾਂ ਦੇ ਅਧੀਨ ਲੇਖਾ ਪ੍ਰੀਖਿਆ ਰਿਪੋਰਟ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਪੂਰਕ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਵੀ ਕੀਤੀ ਜਾਂਦੀ ਹੈ।

ਐਕਟ, 2013 ਦੀ ਧਾਰਾ 143(7) ਦੇ ਅਨੁਸਾਰ, ਧਾਰਾ 139(5) ਜਾਂ 139(7) ਦੇ ਅਧੀਨ ਕਿਸੇ ਵੀ ਕੰਪਨੀ ਦੇ ਮਾਮਲੇ ਵਿੱਚ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ, ਜੇ ਜ਼ਰੂਰੀ ਸਮਝਣ, ਤਾਂ ਅਜਿਹੀ ਕੰਪਨੀ ਦੇ ਲੇਖਿਆਂ ਦੀ ਨਮੂਨਾ ਜਾਂਚ ਇੱਕ ਆਦੇਸ਼ ਦੁਆਰਾ ਕਰਵਾ ਸਕਦੇ ਹਨ ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19ੲ ਦੇ ਉਪਬੰਧ ਅਜਿਹੀ ਨਮੂਨਾ ਜਾਂਚ ਲੇਖਾ ਪ੍ਰੀਖਿਆ ਦੀ ਰਿਪੋਰਟ ਤੇ

ਲਾਗੂ ਹੋਣਗੇ। ਇਸ ਤਰ੍ਹਾਂ, ਕੋਈ ਸਰਕਾਰੀ ਕੰਪਨੀ ਜਾਂ ਕੋਈ ਹੋਰ ਕੰਪਨੀ ਸਿੱਧੇ ਜਾਂ ਅਸਿੱਧੇ ਤੌਰ ਤੇ, ਕੇਂਦਰ ਸਰਕਾਰ, ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਦੁਆਰਾ ਜਾਂ ਅੰਸ਼ਕ ਤੌਰ ਤੇ ਕੇਂਦਰ ਸਰਕਾਰ ਦੁਆਰਾ ਅਤੇ ਅੰਸ਼ਕ ਤੌਰ ਤੇ ਇੱਕ ਜਾਂ ਵਧੇਰੇ ਰਾਜ ਸਰਕਾਰਾਂ ਦੀਆਂ ਮਲਕੀਅਤ ਜਾਂ ਨਿਯੰਤਰਣ ਅਧੀਨ ਹੈ, ਭਾਰਤ ਦੇ ਲੇਖਾ ਪਰੀਖਕ ਅਤੇ ਮਹਾਂ ਲੇਖਾ ਨਿਰੀਖਕ ਦੁਆਰਾ ਲੇਖਾ ਪ੍ਰੀਖਿਆ ਦੇ ਅਧੀਨ ਹੈ। 31 ਮਾਰਚ 2014 ਨੂੰ ਜਾਂ ਇਸ ਤੋਂ ਪਹਿਲਾਂ ਸ਼ੁਰੂ ਹੋਏ ਵਿੱਤੀ ਸਾਲਾਂ ਦੇ ਸਬੰਧ ਵਿੱਚ ਕਿਸੇ ਕੰਪਨੀ ਦੇ ਵਿੱਤੀ ਵਿਵਰਣਾਂ ਦੀ ਲੇਖਾ ਪ੍ਰੀਖਿਆ ਕੰਪਨੀਜ਼ ਐਕਟ, 1956 ਦੇ ਉਪਬੰਧ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਰਹੇਗਾ।

ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਉਨ੍ਹਾਂ ਦੇ ਸਬੰਧਤ ਕਾਨੂੰਨਾਂ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਵਿੱਚੋਂ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਇੱਕਲੇ ਲੇਖਾ ਪਰੀਖਕ ਹਨ। ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ ਦੇ ਸਬੰਧ ਵਿੱਚ, ਲੇਖਾ ਪ੍ਰੀਖਿਆ ਚਾਰਟਡ ਅਕਾਊਟੈਂਟਸ ਦੁਆਰਾ ਕੀਤੀ ਜਾਂਦੀ ਹੈ ਅਤੇ ਪੂਰਕ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਕੀਤੀ ਜਾਂਦੀ ਹੈ।

## 1.4 ਰਾਜ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਲੇਖਿਆਂ ਨੂੰ ਪੇਸ਼ ਕਰਨਾ

### *ਸਮੇਂ ਸਿਰ ਪੇਸ਼ ਕਰਨ ਦੀ ਜ਼ਰੂਰਤ*

ਐਕਟ, 2013 ਦੀ ਧਾਰਾ 394 ਦੇ ਅਨੁਸਾਰ, ਕਿਸੇ ਸਰਕਾਰੀ ਕੰਪਨੀ ਦੀ ਕਾਰਗੁਜ਼ਾਰੀ ਅਤੇ ਮਾਮਲਿਆਂ ਸੰਬੰਧੀ ਸਾਲਾਨਾ ਰਿਪੋਰਟ, ਉਸਦੀ ਸਾਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕਰਨੀ ਹੁੰਦੀ ਹੈ ਅਤੇ ਜਿੰਨੀ ਜਲਦੀ ਹੋ ਸਕੇ ਇਸ ਦੀ ਤਿਆਰੀ ਤੋਂ ਬਾਅਦ, ਰਾਜ ਵਿਧਾਨ ਸਭਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਵੱਲੋਂ ਲੇਖਾ ਪ੍ਰੀਖਿਆ ਰਿਪੋਰਟ ਉਤੇ ਜਾਂ ਪੂਰਕ ਵੱਜੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਨਾਲ ਰੱਖਣੀਆਂ ਹੁੰਦੀਆਂ ਹਨ। ਲੱਗਭਗ ਇੱਕੋ ਜਿਹੇ ਪ੍ਰਾਵਧਾਨ ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯਮਿਤ ਕਰਨ ਲਈ ਸੰਬੰਧਿਤ ਐਕਟ ਵਿੱਚ ਮੌਜੂਦ ਹਨ। ਇਹ ਵਿਧੀ ਰਾਜ ਦੇ ਕੰਸੌਲੀਡੇਟਿਡ ਫੰਡ ਤੋਂ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ 'ਤੇ ਵਿਧਾਨ ਸਭਾ ਦਾ ਲੋੜੀਂਦਾ ਨਿਯੰਤਰਣ ਪ੍ਰਦਾਨ ਕਰਦੀ ਹੈ।

ਐਕਟ, 2013 ਦੀ ਧਾਰਾ 129(7) ਵਿੱਚ ਐਕਟ, 2013 ਦੀ ਧਾਰਾ 129 ਦੇ ਉਪਬੰਧਾਂ ਦੀ ਪਾਲਣਾ ਨਾ ਕਰਨ ਲਈ ਜ਼ਿੰਮੇਵਾਰ ਕੰਪਨੀ ਦੇ ਨਿਰਦੇਸ਼ਕਾਂ ਸਮੇਤ ਵਿਅਕਤੀਆਂ ਤੇ ਜੁਰਮਾਨਾ ਅਤੇ ਕੈਦ ਵਰਗੇ ਦੰਡ ਲਗਾਉਣ ਦੀ ਵਿਵਸਥਾ ਹੈ। ਹਾਲਾਂਕਿ, ਵੱਖ-ਵੱਖ ਐਸ ਪੀ ਐਸ ਈਜ਼ ਦੇ ਸਾਲਾਨਾ ਲੇਖੇ 30 ਸਤੰਬਰ 2023 ਤੱਕ ਬਕਾਇਆ ਸਨ, ਜਿਵੇਂ ਕਿ ਪੈਰ੍ਹਾ 3.3.1.1 ਵਿੱਚ ਚਰਚਾ ਕੀਤੀ ਗਈ ਹੈ।

## 1.5 ਪੰਜਾਬ ਸਰਕਾਰ ਦੁਆਰਾ ਰਾਜ ਜਨਤਕ ਖੇਤਰ ਦੇ ਅਦਾਰਿਆਂ ਵਿੱਚ ਨਿਵੇਸ਼

ਰਾਜ ਸਰਕਾਰ ਵੱਲੋਂ 31 ਮਾਰਚ 2023 ਨੂੰ ਸਮਾਪਤ ਹੋਣ ਵਾਲੇ ਤਿੰਨ ਸਾਲਾਂ ਦੀ ਮਿਆਦ ਲਈ 33 ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ਿਆਂ ਵਿੱਚ ਖੇਤਰ-ਵਾਰ ਨਿਵੇਸ਼ **ਸਾਰਣੀ** 1.1 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 1.1: ਐਸ ਪੀ ਐਸ ਈਜ਼ ਵਿੱਚ ਪੰਜਾਬ ਸਰਕਾਰ ਦੁਆਰਾ ਇਕਵਟੀ ਨਿਵੇਸ਼ ਅਤੇ ਲੰਬੀ-ਮਿਆਦ ਦੇ ਕਰਜ਼ੇ**

*(₹ ਕਰੋੜ ਵਿੱਚ)*

| ਖੇਤਰ | 31 ਮਾਰਚ 2021 ਤੱਕ | | | 31 ਮਾਰਚ 2022 ਤੱਕ | | | 31 ਮਾਰਚ 2023 ਤੱਕ | | |
|---|---|---|---|---|---|---|---|---|---|
| | ਇਕਵਟੀ | ਲੰਬੀ-ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ-ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ-ਮਿਆਦ ਦੇ ਕਰਜ਼ੇ | ਕੁੱਲ |
| ਊਰਜਾ ਖੇਤਰ | 22,315.61 | 14.07 | 22,329.68 | 22,315.61 | 8.86 | 22,324.47 | 22,315.61 | 3.64 | 22,319.25 |
| ਊਰਜਾ ਖੇਤਰ ਤੋਂ ਇਲਾਵਾ | 998.68 | 25,389.69 | 26,388.37 | 998.68 | 25,928.38 | 26,927.06 | 1,000.74 | 26,600.26 | 27,601.00 |
| **ਜੋੜ** | **23,314.29** | **25,403.76** | **48,718.05** | **23,314.29** | **25,937.24** | **49,251.53** | **23,316.35** | **26,603.90** | **49,920.25** |

## 1.6 ਸਰਕਾਰ ਅਤੇ ਵਿਧਾਨ ਸਭਾ ਦੀ ਭੂਮਿਕਾ

ਰਾਜ ਸਰਕਾਰ ਆਪਣੇ ਪ੍ਰਸ਼ਾਸਨਿਕ ਵਿਭਾਗਾਂ ਦੁਆਰਾ ਇਹਨਾਂ ਐਸ ਪੀ ਐਸ ਈਜ਼ ਦੇ ਮਾਮਲਿਆਂ ਉੱਪਰ ਨਿਯੰਤਰਣ ਕਰਦੀ ਹੈ। ਮੁੱਖ ਕਾਰਜਕਾਰੀ ਅਤੇ ਬੋਰਡ ਦੇ ਨਿਰਦੇਸ਼ਕ ਰਾਜ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਰਾਜ ਵਿਧਾਨ ਸਭਾ ਐਸ ਪੀ ਐਸ ਈਜ਼ ਵਿੱਚ ਸਰਕਾਰੀ ਨਿਵੇਸ਼ ਦੀ ਵਰਤੋਂ ਅਤੇ ਲੇਖਿਆਂ ਦੀ ਨਿਗਰਾਨੀ ਵੀ ਰੱਖਦੀ ਹੈ। ਇਸ ਲਈ, ਰਾਜ ਸਰਕਾਰ ਦੀਆਂ ਕੰਪਨੀਆਂ ਦੀ ਸਾਲਾਨਾ ਰਿਪੋਰਟਾਂ ਦੇ ਨਾਲ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟਾਂ ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਟਿੱਪਣੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਮਾਮਲੇ ਵਿੱਚ ਵੱਖਰੇ ਲੇਖਾ ਪ੍ਰੀਖਿਆ ਰਿਪੋਰਟਾਂ ਐਕਟ, 2013 ਦੀ ਧਾਰਾ 394 ਦੇ ਅਧੀਨ ਜਾਂ ਜਿਵੇਂ ਸੰਬੰਧਿਤ ਐਕਟਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ, ਨੂੰ ਰਾਜ ਵਿਧਾਨ ਸਭਾ ਵਿੱਚ ਰੱਖਿਆ ਜਾਂਦਾ ਹੈ। ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19ਏ ਦੇ ਅਧੀਨ ਸਰਕਾਰ ਨੂੰ ਪੇਸ਼ ਕੀਤਾ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਲੇਖਾਕਰਤਾ/ਸਰਕਾਰ ਦਾ ਹੁੰਗਾਰਾ

ਲੇਖਾ ਪ੍ਰੀਖਿਆ ਅਤੇ ਲੇਖੇ (ਸੋਧਾਂ), 2020 ਦੇ ਨਿਯਮਾਂ ਦੇ ਪੈਰ੍ਹਾ 137 ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਖਰੜਾ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਜਵਾਬ ਛੇ ਹਫ਼ਤਿਆਂ ਦੇ ਅੰਦਰ ਭੇਜੇ ਜਾਣੇ ਚਾਹੀਦੇ ਹਨ।

ਲੇਖਾ ਪ੍ਰੀਖਿਆ ਨੇ ਸਮੇਂ-ਸਮੇਂ 'ਤੇ, ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਨੂੰ ਲਾਗੂ ਕਰਨ ਵਿੱਚ ਕਈ ਮਹੱਤਵਪੂਰਨ ਕਮੀਆਂ ਦੇ ਨਾਲ-ਨਾਲ ਚੁਣੇ ਹੋਏ ਐਸ ਪੀ ਐਸ ਈਜ਼ ਵਿੱਚ ਅੰਦਰੂਨੀ ਨਿਯੰਤਰਣ ਦੀ ਗੁਣਵੱਤਾ ਬਾਰੇ ਰਿਪੋਰਟ ਕੀਤੀ ਹੈ ਜੋ ਪ੍ਰੋਗਰਾਮਾਂ ਦੀ ਸਫਲਤਾ ਅਤੇ ਉਨ੍ਹਾਂ ਦੇ ਕੰਮਕਾਜ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਵਿਸ਼ੇਸ਼ ਪ੍ਰੋਗਰਾਮਾਂ/ਸਕੀਮਾਂ ਦੀ ਲੇਖਾ ਪ੍ਰੀਖਿਆ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ ਤਾਂ ਜੋ ਸੁਧਾਰਾਤਮਕ ਕਾਰਵਾਈ ਕਰਨ ਅਤੇ ਨਾਗਰਿਕਾਂ ਨੂੰ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਲਈ ਕਾਰਜਪਾਲਿਕਾ ਨੂੰ ਢੁੱਕਵੀਆਂ ਸਿਫਾਰਸ਼ਾਂ ਦਿੱਤੀਆਂ ਜਾ ਸਕਣ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਖਰੜਾ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ/ਸਕੱਤਰਾਂ ਨੂੰ ਭੇਜਿਆ ਜਾਂਦਾ ਹੈ ਤਾਂ ਜੋ ਲੇਖਾ ਪ੍ਰੀਖਿਆ ਦੇ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਖਿੱਚਿਆ ਜਾ ਸਕੇ ਅਤੇ ਉਨ੍ਹਾਂ ਨੂੰ ਛੇ ਹਫ਼ਤਿਆਂ ਦੇ ਅੰਦਰ ਆਪਣਾ ਜਵਾਬ ਭੇਜਣ ਦੀ ਬੇਨਤੀ ਕੀਤੀ ਜਾ ਸਕੇ। ਵਿਭਾਗ ਦੇ ਜਵਾਬਾਂ ਨੂੰ ਲਾਜ਼ਮੀ ਤੌਰ ਤੇ ਸਬੰਧਤ ਪੈਰ੍ਹਿਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਅਤੇ ਜਦੋਂ ਵੀ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਅਜਿਹੀਆਂ ਟਿੱਪਣੀਆਂ ਦੇ ਅੰਤ ਵਿੱਚ ਐਸ ਪੀ ਐਸ ਈਜ਼/ਸਰਕਾਰ ਤੋਂ ਜਵਾਬ ਪ੍ਰਾਪਤ ਨਾ ਹੋਣ ਦਾ ਤੱਥ ਦਰਸਾਇਆ ਜਾਂਦਾ ਹੈ।

## 1.8 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਲੇਖਾ ਪ੍ਰੀਖਿਆ ਰਿਪੋਰਟਾਂ ਤੇ ਪੈਰਵ੍ਹੀ ਨਾਕਾਫ਼ੀ ਪਾਈ ਗਈ ਹੈ ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ:

### 1.8.1 ਐਕਸ਼ਨ ਟੇਕਨ ਨੋਟਸ ਨਾ ਭੇਜਣਾ

ਜਨਤਕ ਅਦਾਰਿਆਂ ਤੇ ਕਮੇਟੀ (ਕੋਪੂ) ਲਈ ਨਿਯਮਾਂ ਅਤੇ ਪ੍ਰਕਿਰਿਆਵਾਂ ਅਨੁਸਾਰ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਐਸ ਪੀ ਐਸ ਈਜ਼ ਨਾਲ ਸਬੰਧਤ ਪਾਲਣ ਲੇਖਾ ਪ੍ਰੀਖਿਆ ਅਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਈਆਂ ਗਈਆਂ ਸਾਰੀਆਂ ਟਿੱਪਣੀਆਂ ਉੱਤੇ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਆਪਣੇ ਆਪ ਹੀ ਕਾਰਵਾਈ ਆਰੰਭ ਕਰ ਦੇਣੀ ਚਾਹੀਦੀ ਹੈ ਭਾਵੇਂ ਇਨ੍ਹਾਂ ਤੇ ਕੋਪੂ ਦੁਆਰਾ ਪ੍ਰੀਖਿਆ ਸ਼ੁਰੂ ਕੀਤੀ ਗਈ ਹੈ ਜਾਂ ਨਹੀਂ। ਉਨ੍ਹਾਂ ਵੱਲੋਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੋਧਮਈ ਕਾਰਵਾਈ ਨੂੰ ਦਰਸਾਉਂਦੇ ਵਿਸਤ੍ਰਿਤ ਨੋਟ ਵੀ, ਲੇਖਾ ਪ੍ਰੀਖਿਆ ਵੱਲੋਂ ਜਾਂਚ ਕਰਵਾਉਣ ਉਪਰੰਤ, ਲੇਖਾ ਪ੍ਰੀਖਿਆ ਰਿਪੋਰਟ ਦੇ ਰਾਜ ਵਿਧਾਨ ਸਭਾ ਨੂੰ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਭੇਜਣੇ ਹੁੰਦੇ ਹਨ। ਇਨ੍ਹਾਂ ਉਪਬੰਧਾਂ ਦੇ ਬਾਵਜੂਦ, ਇਨ੍ਹਾਂ ਰਿਪੋਰਟਾਂ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨਾਲ ਸਬੰਧਤ ਵਿਆਖਿਆਤਮਕ ਨੋਟ ਭੇਜਣ ਵਿੱਚ ਅਸਾਧਾਰਣ ਦੇਰੀ ਕੀਤੀ ਜਾ ਰਹੀ ਸੀ।

31 ਜਨਵਰੀ 2025 ਨੂੰ ਸਮਾਪਤ ਹੋਈ ਮਿਆਦ ਤੱਕ ਐਸ ਪੀ ਐਸ ਈਜ਼ ਨਾਲ ਸਬੰਧਤ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ ਤੇ ਐਕਸ਼ਨ ਟੇਕਨ ਨੋਟਸ (ਏ ਟੀ ਐਨਜ਼) ਪ੍ਰਾਪਤ ਨਾ ਹੋਣ ਬਾਰੇ ਸਥਿਤੀ **ਸਾਰਣੀ** 1.2 ਵਿੱਚ ਦਰਸਾਈ ਗਈ ਹੈ।

**ਸਾਰਣੀ 1.2: ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹਿਆਂ 'ਤੇ ਏ ਟੀ ਐਨਜ਼ ਦੀ ਪ੍ਰਾਪਤੀ ਨਾ ਹੋਣ ਬਾਰੇ ਸਥਿਤੀ**

| ਲੇਖਾ ਪ੍ਰੀਖਿਆ ਰਿਪੋਰਟਾਂ ਦਾ ਨਾਂ | ਸਾਲ | ਐਸ ਪੀ ਐਸ ਈ ਦਾ ਨਾਂ | ਰਾਜ ਵਿਧਾਨ ਸਭਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਜਨਵਰੀ 2025 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| ਜਨਤਕ ਖੇਤਰ ਦੇ ਅਦਾਰੇ (ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ) ਉੱਤੇ ਰਿਪੋਰਟ | 2016-17 | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 22 ਮਾਰਚ 2018 | 21 ਜੂਨ 2018 | 3 |
| ਜਨਤਕ ਖੇਤਰ ਦੇ ਅਦਾਰੇ (ਸਮਾਜਿਕ, ਜਨਰਲ ਅਤੇ | 2018-19 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | 05 ਮਾਰਚ 2021 | 04 ਜੂਨ 2021 | 1 |

| ਲੇਖਾ ਪ੍ਰੀਖਿਆ ਰਿਪੋਰਟਾਂ ਦਾ ਨਾਂ | ਸਾਲ | ਐਸ ਪੀ ਐਸ ਈ ਦਾ ਨਾਂ | ਰਾਜ ਵਿਧਾਨ ਸਭਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਜਨਵਰੀ 2025 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| ਆਰਥਿਕ ਖੇਤਰਾਂ) ਉੱਤੇ ਰਿਪੋਰਟ | | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ | | | 3 |
| | | ਪੰਜਾਬ ਸਮਾਲ ਇੰਡਸਟਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਟਡ | | | 1 |
| ਸਮਾਜਿਕ, ਜਰਨਲ ਅਤੇ ਆਰਥਿਕ ਖੇਤਰਾਂ ਉੱਤੇ ਰਿਪੋਰਟ | 2019-20 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | 29 ਜੂਨ 2022 | 29 ਸਤੰਬਰ 2022 | 2 |
| | | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 1 |
| ਪਾਲਣ ਲੇਖਾ ਪ੍ਰੀਖਿਆ ਉੱਤੇ ਰਿਪੋਰਟ | 2020-21 | ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | 07 ਮਾਰਚ 2023 | 07 ਜੂਨ 2023 | 1 |
| | | ਪੰਜਾਬ ਸਮਾਲ ਇੰਡਸਟਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਟਡ | | | 1 |
| ਪਾਲਣ ਲੇਖਾ ਪ੍ਰੀਖਿਆ ਉੱਤੇ ਰਿਪੋਰਟ | 2021-22 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | 04 ਸਤੰਬਰ 2024 | 04 ਦਸੰਬਰ 2024 | 7 |
| | | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | | | 2 |
| | | ਪੰਜਾਬ ਸਟੇਟ ਇੰਡਸਟ੍ਰੀਅਲ ਡੈਵੇਲਪਮੈਂਟ ਕਾਰਪੋਰੇਸ਼ਨ ਲਿਮਟਡ | | | 2 |
| | | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ | | | 1 |
| | | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ | | | 1 |
| **ਜੋੜ** | | | | | **28** |

*ਸ੍ਰੋਤ: ਲੇਖਾ ਪ੍ਰੀਖਿਆ ਰਿਪੋਰਟਾਂ ਤੇ ਕੋਪੂ ਦੀਆਂ ਚਰਚਾਵਾਂ ਦੇ ਅਧਾਰ 'ਤੇ ਸੰਕਲਿਤ ਕੀਤਾ ਗਿਆ*

# ਅਧਿਆਇ-II

# ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ ਦਾ ਸੰਖੇਪ

# ਅਧਿਆਇ-II

# ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ ਦਾ ਸੰਖੇਪ

## 2.1 ਭੂਮਿਕਾ

ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਵਿੱਚ ਰਾਜ ਸਰਕਾਰ ਦੀਆਂ ਕੰਪਨੀਆਂ, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਸ਼ਾਮਲ ਹੁੰਦੀਆਂ ਹਨ। ਕੰਪਨੀਜ਼ ਐਕਟ, 2013 (ਐਕਟ 2013) ਦੀ ਧਾਰਾ 2(45) ਦੇ ਅਨੁਸਾਰ, ਇੱਕ ਸਰਕਾਰੀ ਕੰਪਨੀ ਦਾ ਮਤਲਬ ਹੈ ਕਿ ਕੋਈ ਕੰਪਨੀ ਜਿਸ ਵਿੱਚ ਘੱਟੋਂ-ਘੱਟ 51 *ਪ੍ਰਤੀਸ਼ਤ* ਅਦਾ ਕੀਤੀ ਪੂੰਜੀ ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਅੰਸ਼ਿਕ ਰੂਪ ਵਿੱਚ ਰਾਜ ਸਰਕਾਰਾਂ ਜਾਂ ਕੇਂਦਰ ਸਰਕਾਰ ਅਤੇ ਅੰਸ਼ਿਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੀ ਹੋਵੇ ਅਤੇ ਇੱਕ ਕੰਪਨੀ ਜਿਹੜੀ ਅਜਿਹੀ ਸਰਕਾਰੀ ਕੰਪਨੀ ਦੀ ਸਹਾਇਕ ਕੰਪਨੀ ਹੋਵੇ। ਇਸ ਤੋਂ ਇਲਾਵਾ, ਕੋਈ ਹੋਰ ਕੰਪਨੀ[1] ਜਿਸਦਾ ਮਲਕੀਅਤ ਜਾਂ ਨਿਯੰਤਰਣ ਸਿੱਧੇ ਜਾਂ ਅਸਿੱਧੇ ਤੌਰ 'ਤੇ, ਕੇਂਦਰ ਸਰਕਾਰ ਦੁਆਰਾ ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਦੁਆਰਾ ਜਾਂ ਅੰਸ਼ਿਕ ਰੂਪ ਵਿੱਚ ਕੇਂਦਰ ਸਰਕਾਰ ਅਤੇ ਅੰਸ਼ਿਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੁਆਰਾ ਹੁੰਦੀ ਹੈ, ਨੂੰ ਇਸ ਰਿਪੋਰਟ ਵਿੱਚ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਵਜੋਂ ਦਰਸਾਇਆ ਗਿਆ ਹੈ।

*ਅਧਿਨਿਯਮਿਕ ਲੇਖਾ ਪ੍ਰੀਖਿਆ*

ਸਰਕਾਰੀ ਕੰਪਨੀਆਂ (ਜੋ ਕਿ ਐਕਟ, 2013 ਦੀ ਧਾਰਾ 2(45) ਵਿੱਚ ਪਰਿਭਾਸ਼ਿਤ ਹਨ) ਦੇ ਵਿੱਤੀ ਵਿਵਰਣਾਂ ਦੀ ਲੇਖਾ ਪ੍ਰੀਖਿਆ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਐਕਟ, 2013 ਦੀ ਧਾਰਾ 139(5) ਜਾਂ 139(7) ਦੇ ਉਪਬੰਧਾ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਅਧਿਨਿਯਮਿਕ ਲੇਖਾ ਪਰੀਖਕ ਐਕਟ, 2013 ਦੀ ਧਾਰਾ 143(5) ਦੇ ਅਧੀਨ ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ, ਹੋਰ ਚੀਜ਼ਾਂ ਦੇ ਨਾਲ, ਕੰਪਨੀ ਦੇ ਵਿੱਤੀ ਵਿਵਰਣ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਵਿੱਤੀ ਵਿਵਰਣਾਂ ਦੀ ਐਕਟ, 2013 ਦੀ ਧਾਰਾ 143(6) ਦੇ ਉਪਬੰਧਾਂ ਅਧੀਨ ਲੇਖਾ ਪ੍ਰੀਖਿਆ ਰਿਪੋਰਟ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ -ਅੰਦਰ ਪੂਰਕ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਵੀ ਕੀਤੀ ਜਾਂਦੀ ਹੈ। ਕੰਪਨੀ, ਜਿਸ ਦਾ ਵਿੱਤੀ ਸਾਲ 31 ਮਾਰਚ 2014 ਤੋਂ ਜਾਂ ਉਸ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ, ਉਸ ਦੇ ਵਿੱਤੀ ਵਿਵਰਣਾਂ ਦੀ ਲੇਖਾ ਪ੍ਰੀਖਿਆ ਕੰਪਨੀਜ਼ ਐਕਟ, 1956 ਦੇ ਨਿਯਮਾਂ ਦੇ ਅਧੀਨ ਜਾਰੀ ਰਹੇਗੀ।

ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਉਹਨਾਂ ਦੇ ਆਪਣੇ ਵਿਧਾਨਾਂ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ। ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਇਕੱਲੇ ਲੇਖਾ ਪਰੀਖਕ ਹਨ। ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਫਾਇਨੈਂਸ਼ਿਅਲ

[1] ਕੰਪਨੀਜ਼ (ਰਿਮੂਵਲ ਆਫ਼ ਡਿਫੀਕਲਟੀਜ਼) ਸੈਵਨਥ ਆਰਡਰ, 2014 ਜੋ ਕਿ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਮਿਤੀ 4 ਸਤੰਬਰ 2014 ਨੂੰ ਗਜ਼ਟ ਨੋਟੀਫਿਕੇਸ਼ਨ ਦੁਆਰਾ ਜਾਰੀ ਕੀਤਾ ਗਿਆ ਸੀ।

ਕਾਰਪੋਰੇਸ਼ਨ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਚਾਰਟਡ ਅਕਾਊਂਟੈਂਟਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਪੂਰਕ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਕੀਤੀ ਜਾਂਦੀ ਹੈ।

31 ਮਾਰਚ 2023 ਤੱਕ ਪੰਜਾਬ ਰਾਜ ਵਿੱਚ 49 ਐਸ ਪੀ ਐਸ ਈਜ਼ (ਪੰਜ ਪਾਵਰ ਖੇਤਰ ਐਸ ਪੀ ਐਸ ਈਜ਼ ਸਮੇਤ) ਸਨ ***(ਅੰਤਿਕਾ 2.1)***। 1952-53 ਤੋਂ 2021-22 ਦੇ ਸਮੇਂ ਦੌਰਾਨ ਸ਼ਾਮਲ ਕੀਤੇ ਗਏ ਇਨ੍ਹਾਂ ਐਸ ਪੀ ਐਸ ਈਜ਼ ਵਿੱਚ 42 ਸਰਕਾਰੀ ਕੰਪਨੀਆਂ, ਤਿੰਨ[2] ਜੀ ਸੀ ਓ ਸੀਜ਼ ਅਤੇ ਚਾਰ[3] ਅਧਿਨਿਯਮਿਕ ਕਾਰਪੋਰੇਸ਼ਨਾਂ ਸ਼ਾਮਲ ਸਨ। ਸਰਕਾਰੀ ਕੰਪਨੀਆਂ ਵਿੱਚ 16[4] ਗੈਰ-ਕਾਰਜਸ਼ੀਲ ਕੰਪਨੀਆਂ ਅਤੇ ਸਰਕਾਰੀ ਕੰਪਨੀਆਂ ਦੀਆਂ 12[5] ਸਹਾਇਕ ਕੰਪਨੀਆਂ ਸ਼ਾਮਲ ਸਨ। ਵਿਚਾਰ ਅਧੀਨ ਸਮੇਂ ਦੌਰਾਨ, ਪੰਜਾਬ ਰੂਰਲ ਵਾਟਰ ਯੂਟਿਲੀਟੀ (ਇੱਕ ਸਰਕਾਰੀ ਕੰਪਨੀ) ਸਥਾਪਿਤ (ਮਾਰਚ 2022) ਹੋਈ ਸੀ। ਇਸ ਤੋਂ ਇਲਾਵਾ, ਪੰਜਾਬ ਐਗਰੋ ਜੂਸਿਜ਼ ਲਿਮਟਡ ਨੂੰ (ਜਨਵਰੀ 2023) ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਵਿੱਚ ਮਿਲਾ[6] ਦਿੱਤਾ ਗਿਆ ਸੀ। ਇੱਕ ਕੰਪਨੀ ਜਿਵੇਂ ਕਿ ਪੰਜਾਬ ਕਮਿਊਨੀਕੇਸ਼ਨ ਲਿਮਟਡ ਨੂੰ ਸਟਾਕ ਐਕਸਚੇਂਜ ਤੇ ਸੂਚੀਬੱਧ ਕੀਤਾ ਗਿਆ ਸੀ।

30 ਸਤੰਬਰ 2023 ਤੱਕ 33 ਕਾਰਜਸ਼ੀਲ ਐਸ ਪੀ ਐਸ ਈਜ਼ ***(ਅੰਤਿਕਾ 2.2)*** ਦੁਆਰਾ ਉਨ੍ਹਾਂ ਦੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਦੇ ਅਧਾਰ ਤੇ ਉਨ੍ਹਾਂ ਦੀ ਵਿੱਤੀ ਕਾਰਗੁਜ਼ਾਰੀ ਇਸ ਅਧਿਆਇ ਵਿੱਚ ਕਵਰ ਕੀਤੀ ਗਈ ਹੈ ਜਿਵੇਂ ਕਿ **ਸਾਰਣੀ** 2.1 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.1: ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਦਾ ਸੰਖੇਪ**

| ਵੇਰਵੇ | ਪਾਵਰ ਖੇਤਰ | ਪਾਵਰ ਖੇਤਰ ਤੋਂ ਇਲਾਵਾ | ਜੋੜ |
|---|---|---|---|
| ਐਸ ਪੀ ਐਸ ਈਜ਼ ਦੀ ਗਿਣਤੀ | 5 | 44 | 49 |
| ਐਸ ਪੀ ਐਸ ਈਜ਼ ਸ਼ਾਮਲ (ਕਾਰਜਸ਼ੀਲ) | 5 | 28 | 33 |
| ਅਦਾ ਕੀਤੀ ਪੂੰਜੀ | ₹ 22,338.61 ਕਰੋੜ | ₹ 1,178.35 ਕਰੋੜ | ₹ 23,516.96 ਕਰੋੜ |
| ਲੰਬੀ-ਮਿਆਦ ਦੇ ਕਰਜ਼ੇ | ₹ 16,634.82 ਕਰੋੜ | ₹ 22,848.83 ਕਰੋੜ | ₹ 39,483.64 ਕਰੋੜ |
| ਨਿਰੋਲ ਲਾਭ | ₹ 101.03 ਕਰੋੜ | ₹ 218.94 ਕਰੋੜ | ₹ 319.97 ਕਰੋੜ (11[7] ਐਸ ਪੀ ਐਸ ਈਜ਼) |
| ਨਿਰੋਲ ਹਾਨੀ | ₹ 4,775.95 ਕਰੋੜ | ₹ 353.78 ਕਰੋੜ | ₹ 5,129.73 ਕਰੋੜ (18[8] ਐਸ ਪੀ ਐਸ ਈਜ਼) |
| "ਬਿਨ੍ਹਾਂ ਲਾਭ ਬਿਨ੍ਹਾਂ ਹਾਨੀ" ਦੇ ਅਧਾਰ 'ਤੇ ਕੰਮ ਕਰਨਾਂ | ਜ਼ੀਰੋ | ਚਾਰ | ਚਾਰ[9] ਐਸ ਪੀ ਐਸ ਈਜ਼ |
| ਕੁੱਲ ਮਿਲਾ ਕੇ ਲਾਭ/ਹਾਨੀ | ₹ (-) 4,674.92 ਕਰੋੜ | ₹ (-) 134.84 ਕਰੋੜ | ₹ (-) 4,809.76 ਕਰੋੜ |
| ਘੋਸ਼ਿਤ ਕੀਤਾ ਲਾਭ-ਅੰਸ਼ | - | ₹ 3.88 ਕਰੋੜ | ₹ 3.88 ਕਰੋੜ |

2 ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਲੁਧਿਆਣਾ ਸਮਾਰਟ ਸਿਟੀ ਲਿਮਟਡ ਅਤੇ ਜਲੰਧਰ ਸਮਾਰਟ ਸਿਟੀ ਲਿਮਟਡ।

3 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ, ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ।

4 ***ਅੰਤਿਕਾ 2.1*** ਦੀ ਲੜੀ ਨੰ.16 ਤੋਂ 18 ਅਤੇ 37 ਤੋਂ 49

5 ***ਅੰਤਿਕਾ 2.1*** ਦੀ ਲੜੀ ਨੰ. 1,4,9,12,18,20,32 ਅਤੇ 45 ਤੋਂ 49

6 ਸਾਲ 2022-23 ਦੌਰਾਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੇ ਪੰਜਾਬ ਐਗਰੋ ਜੂਸਿਜ਼ ਲਿਮਟਡ ਵਿੱਚ ਮਿਲਣ ਤੋਂ ਬਾਅਦ ਦੇ ਲੇਖੇ ਅਜੇ ਤੱਕ ਪ੍ਰਾਪਤ ਨਹੀਂ ਹੋਏ ਸਨ। ਇਸ ਤਰ੍ਹਾਂ, ਸਾਲ 2021-22 ਲਈ ਦੋਵਾਂ ਐਸ ਪੀ ਐਸ ਈਜ਼ ਦੇ ਨਵੀਨਤਮ ਉਪਲੱਬਧ ਅੰਤਿਮ ਰੂਪ ਦਿੱਤੇ ਲੇਖੇ ਲਏ ਗਏ ਸਨ।

7 ***ਅੰਤਿਕਾ 2.2*** ਦੀ ਲੜੀ ਨੰ. 2, 5, 8, 10, 11, 16, 17, 19, 21, 25 ਅਤੇ 31।

8 ***ਅੰਤਿਕਾ 2.2*** ਦੀ ਲੜੀ ਨੰ. 1, 3, 4, 6, 7, 9, 12, 13, 14, 15, 18, 22, 26, 28, 29, 30, 32 ਅਤੇ 33।

9 ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਬਾਇਓਟੈਕ ਕਾਰਪੋਰੇਸ਼ਨ (ਮੋਹਾਲੀ ਬਾਇਓਟੈਕਨਾਲੋਜੀ ਪਾਰਕ), ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਮਿਊਂਸਿਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ।

| ਵੇਰਵੇ | ਪਾਵਰ ਖੇਤਰ | ਪਾਵਰ ਖੇਤਰ ਤੋਂ ਇਲਾਵਾ | ਜੋੜ |
|---|---|---|---|
| | | | (ਤਿੰਨ[10] ਐਸ ਪੀ ਐਸ ਈਜ਼) |
| ਕੁੱਲ ਸੰਪਤੀ | ₹ 66,808.39 ਕਰੋੜ | ₹ 47,296.28 ਕਰੋੜ | ₹ 1,14,104.67 ਕਰੋੜ |
| ਟਰਨਓਵਰ | ₹ 39,092.14 ਕਰੋੜ | ₹ 34,450.19 ਕਰੋੜ | ₹ 73,542.33 ਕਰੋੜ |
| ਨਿਰੋਲ ਮੁੱਲ | ₹ 12,750.61 ਕਰੋੜ | ₹ (-) 7,032.48 ਕਰੋੜ | ₹ 5,718.13 ਕਰੋੜ |

ਐਸ ਪੀ ਐਸ ਈਜ਼ ਦੀ ਟਰਨਓਵਰ ਦਾ ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਨਾਲ ਅਨੁਪਾਤ ਰਾਜ ਦੀ ਆਰਥਿਕਤਾ ਵਿੱਚ ਇਹਨਾਂ ਐਸ ਪੀ ਐਸ ਈਜ਼ ਦੀਆਂ ਗਤੀਵਿਧੀਆਂ ਦੇ ਯੋਗਦਾਨ ਨੂੰ ਦਰਸਾਉਂਦਾ ਹੈ। ਮਾਰਚ 2023 ਨੂੰ ਖਤਮ ਹੋਏ ਪਿਛਲੇ ਪੰਜ ਸਾਲਾਂ ਲਈ ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ **ਸਾਰਣੀ** 2.2 ਵਿੱਚ ਦਰਸਾਏ ਗਏ ਹੈ :

**ਸਾਰਣੀ 2.2: ਐਸ ਪੀ ਐਸ ਈਜ਼ ਦੀ ਟਰਨਓਵਰ ਵਿਰੁੱਧ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ**

*(₹ ਕਰੋੜ ਵਿੱਚ)*

| ਵੇਰਵੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| **ਟਰਨਓਵਰ:** | | | | | |
| ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 32,040.21 | 33,262.60 | 33,113.25 | 35,478.80 | 39,092.14 |
| ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼ | 39,723.72 | 38,884.93 | 36,595.60 | 35,144.11 | 33,276.04 |
| ਹੋਰ ਐਸ ਪੀ ਐਸ ਈਜ਼ | 1,159.77 | 1,142.59 | 1,315.79 | 1,333.23 | 1,174.15 |
| ਜੋੜ | 72,923.70 | 73,290.12 | 71,024.64 | 71,956.14 | 73,542.33 |
| ਪੰਜਾਬ ਦਾ ਜੀ ਐਸ ਡੀ ਪੀ | 5,12,510.00 | 5,37,031.00 | 5,40,853.00 | 6,14,227.00 | 6,73,107.00 |
| **ਪੰਜਾਬ ਦੇ ਜੀ ਐਸ ਡੀ ਪੀ ਦੇ ਟਰਨਓਵਰ ਦੀ ਪ੍ਰਤੀਸ਼ਤਤਾ** | | | | | |
| ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 6.25 | 6.19 | 6.12 | 5.77 | 5.81 |
| ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼ | 7.75 | 7.24 | 6.77 | 5.72 | 4.94 |
| ਹੋਰ ਐਸ ਪੀ ਐਸ ਈਜ਼ | 0.23 | 0.21 | 0.24 | 0.22 | 0.17 |
| **ਜੋੜ** | **14.23** | **13.64** | **13.13** | **11.71** | **10.92** |

*ਸ੍ਰੋਤ: ਅੰਕੜੇ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ (ਐਮ ਓ ਐਸ ਪੀ ਆਈ) ਅਨੁਸਾਰ ਐਸ ਪੀ ਐਸ ਈਜ਼ ਅਤੇ ਜੀ ਐਸ ਡੀ ਪੀ ਅੰਕੜਿਆਂ ਦੀਆਂ ਨਵੀਨਤਮ ਅੰਤਿਮ ਰੂਪ ਦਿੱਤੀ ਗਈ ਵਿੱਤੀ ਵਿਵਰਣੀਆਂ ਅਨੁਸਾਰ ਟਰਨਓਵਰ ਅੰਕੜਿਆਂ 'ਤੇ ਅਧਾਰਤ ਸੰਕਲਨ*

2018-23 ਦੀ ਮਿਆਦ ਦੌਰਾਨ, ਟਰਨਓਵਰ ਵਿੱਚ ਸਾਲਾਨਾ ਵਾਧਾ/ਘਾਟਾ (-) 3.09 *ਪ੍ਰਤੀਸ਼ਤ* ਤੋਂ 2.20 *ਪ੍ਰਤੀਸ਼ਤ* ਦੇ ਵਿਚਕਾਰ ਰਹੀ, ਜਦੋਂ ਕਿ ਇਸੇ ਸਮੇਂ ਦੌਰਾਨ ਰਾਜ ਦੇ ਜੀ ਐਸ ਡੀ ਪੀ ਵਿੱਚ ਵਾਧਾ 0.71 *ਪ੍ਰਤੀਸ਼ਤ* ਅਤੇ 13.57 *ਪ੍ਰਤੀਸ਼ਤ* ਦੇ ਵਿਚਕਾਰ ਰਿਹਾ। ਮਿਸ਼ਰਿਤ ਸਾਲਾਨਾ ਵਾਧਾ ਵੱਖ-ਵੱਖ ਸਮੇਂ ਦੌਰਾਨ ਵਿਕਾਸ ਦਰ ਨੂੰ ਮਾਪਣ ਲਈ ਇੱਕ ਉਪਯੋਗੀ ਤਰੀਕਾ ਹੈ। ਜੀ ਐਸ ਡੀ ਪੀ ਦੇ 7.05 *ਪ੍ਰਤੀਸ਼ਤ* ਦੇ ਮਿਸ਼ਰਿਤ ਸਾਲਾਨਾ ਵਾਧੇ ਦੇ ਵਿਰੁੱਧ, ਐਸ ਪੀ ਐਸ ਈਜ਼ ਦੇ ਟਰਨਓਵਰ ਨੇ ਪਿਛਲੇ ਪੰਜ ਸਾਲਾਂ ਦੌਰਾਨ 0.21 *ਪ੍ਰਤੀਸ਼ਤ* ਦਾ ਮਿਸ਼ਰਿਤ ਸਾਲਾਨਾ ਵਾਧਾ ਦਰਜ ਕੀਤਾ। *ਪ੍ਰਤੀਸ਼ਤ* ਦੇ ਰੂਪ ਵਿੱਚ ਜੀ ਐਸ ਡੀ ਪੀ ਵਿੱਚ ਇਨ੍ਹਾਂ ਐਸ ਪੀ ਐਸ ਈਜ਼ ਦੀ ਟਰਨਓਵਰ ਦਾ ਹਿੱਸਾ 2018-19 ਵਿੱਚ 14.23 *ਪ੍ਰਤੀਸ਼ਤ* ਤੋਂ ਘੱਟ ਕੇ 2022-23 ਵਿੱਚ 10.92 *ਪ੍ਰਤੀਸ਼ਤ* ਹੋ ਗਿਆ। ਪਿਛਲੇ ਪੰਜ ਸਾਲਾਂ ਦੌਰਾਨ (2018-23) ਪੰਜਾਬ ਦੇ ਜੀ ਐਸ ਡੀ ਪੀ ਵਿੱਚ ਪਾਵਰ ਖੇਤਰ ਦੇ ਐਸ ਪੀ ਐਸ ਈਜ਼ ਦਾ ਟਰਨਓਵਰ ਦਾ *ਪ੍ਰਤੀਸ਼ਤ* 6.25 *ਪ੍ਰਤੀਸ਼ਤ* ਤੋਂ ਘੱਟ ਕੇ 5.81 *ਪ੍ਰਤੀਸ਼ਤ* ਹੋ ਗਿਆ। ਇਸੇ ਸਮੇਂ ਦੀ ਮਿਆਦ ਦੇ ਦੌਰਾਨ ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼ ਦੇ ਸਬੰਧ ਵਿੱਚ

[10] ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ।

ਪੰਜਾਬ ਦੇ ਜੀ ਐਸ ਡੀ ਪੀ ਵਿੱਚ ਟਰਨਓਵਰ ਦਾ *ਪ੍ਰਤੀਸ਼ਤ* 7.75 *ਪ੍ਰਤੀਸ਼ਤ* ਤੋਂ ਘੱਟ ਕੇ 4.94 *ਪ੍ਰਤੀਸ਼ਤ* ਹੋ ਗਿਆ।

## 2.2 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਅਤੇ ਬਜਟਰੀ ਸਹਾਇਤਾ

31 ਮਾਰਚ 2023 ਨੂੰ ਖਤਮ ਹੋਣ ਵਾਲੇ ਤਿੰਨ ਸਾਲਾਂ ਦੀ ਮਿਆਦ ਲਈ 33 ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ਿਆਂ ਵਿੱਚ ਖੇਤਰ-ਵਾਰ ਨਿਵੇਸ਼ (31 ਮਾਰਚ 2023 ਤੱਕ ਐਸ ਪੀ ਐਸ ਈ-ਵਾਰ ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ਿਆਂ ਦਾ ਵੇਰਵਾ ***ਅੰਤਿਕਾ** 2.3* ਵਿੱਚ ਦਰਸਾਇਆ ਗਿਆ ਹੈ) **ਸਾਰਣੀ** 2.3 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.3: ਐਸ ਪੀ ਐਸ ਈਜ਼ ਵਿੱਚ ਇਕਵਟੀ ਨਿਵੇਸ਼ ਅਤੇ ਲੰਬੀ-ਮਿਆਦ ਦੇ ਕਰਜ਼ੇ**

***(₹ ਕਰੋੜ ਵਿੱਚ)***

| ਨਿਵੇਸ਼ ਦਾ ਸਰੋਤ | ਖੇਤਰ | 31 ਮਾਰਚ 2021 ਤੱਕ | | | 31 ਮਾਰਚ 2022 ਤੱਕ | | | 31 ਮਾਰਚ 2023 ਤੱਕ | | |
|---|---|---|---|---|---|---|---|---|---|---|
| | | ਇਕਵਟੀ | ਲੰਬੀ - ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ - ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ - ਮਿਆਦ ਦੇ ਕਰਜ਼ੇ | ਕੁੱਲ |
| ਰਾਜ ਸਰਕਾਰ | ਪਾਵਰ ਖੇਤਰ | 22,315.61 | 14.07 | 22,329.68 | 22,315.61 | 8.86 | 22,324.47 | 22,315.61 | 3.64 | 22,319.25 |
| | ਪਾਵਰ ਖੇਤਰ ਤੋਂ ਇਲਾਵਾ | 998.68 | 25,389.69 | 26,388.37 | 998.68 | 25,928.38 | 26,927.06 | 1,000.74 | 26,600.26 | 27,601.00 |
| | **ਜੋੜ** | **23,314.29** | **25,403.76** | **48,718.05** | **23,314.29** | **25,937.24** | **49,251.53** | **23,316.35** | **26,603.90** | **49,920.25** |
| ਕੇਂਦਰ ਸਰਕਾਰ | ਪਾਵਰ ਖੇਤਰ | 0.00 | 0.00 | 0.00 | 0.00 | 0.00 | 0.00 | 0.00 | 0.00 | 0.00 |
| | ਪਾਵਰ ਖੇਤਰ ਤੋਂ ਇਲਾਵਾ | 103.31 | 0.00 | 103.31 | 103.31 | 0.00 | 103.31 | 103.31 | 0.00 | 103.31 |
| | **ਜੋੜ** | **103.31** | **0.00** | **103.31** | **103.31** | **0.00** | **103.31** | **103.31** | **0.00** | **103.31** |
| ਹੋਰ | ਪਾਵਰ ਖੇਤਰ | 23.00 | 17,640.84 | 17,663.84 | 23.00 | 18,048.34 | 18,071.34 | 23.00 | 16,631.18 | 16,654.18 |
| | ਪਾਵਰ ਖੇਤਰ ਤੋਂ ਇਲਾਵਾ | 76.37 | 2,475.87 | 2,552.24 | 76.37 | 2,522.26 | 2,598.63 | 26.37 | 2,234.86 | 2,261.23 |
| | **ਜੋੜ** | **99.37** | **20,116.71** | **20,216.08** | **99.37** | **20,570.60** | **20,669.97** | **49.37** | **18,866.04** | **18,915.41** |
| ਕੁੱਲ | ਪਾਵਰ ਖੇਤਰ | 22,338.61 | 17,654.91 | 39,993.52 | 22,338.61 | 18,057.20 | 40,395.81 | 22,338.61 | 16,634.82 | 38,973.43 |
| | ਪਾਵਰ ਖੇਤਰ ਤੋਂ ਇਲਾਵਾ | 1,178.36 | 27,865.56 | 29,043.92 | 1,178.36 | 28,450.64 | 29,629.00 | 1,130.42 | 28,835.12 | 29,965.54 |
| | **ਜੋੜ** | **23,516.97** | **45,520.47** | **69,037.44** | **23,516.97** | **46,507.84** | **70,024.81** | **23,469.03** | **45,469.94** | **68,938.97** |
| ਕੁੱਲ ਨਿਵੇਸ਼ ਨਾਲ ਰਾਜ ਸਰਕਾਰ ਦੇ ਨਿਵੇਸ਼ ਦੀ ਪ੍ਰਤੀਸ਼ਤਤਾ | ਪਾਵਰ ਖੇਤਰ | 99.90 | 0.08 | 55.83 | 99.90 | 0.05 | 55.26 | 99.90 | 0.02 | 57.27 |
| | ਪਾਵਰ ਖੇਤਰ ਤੋਂ ਇਲਾਵਾ | 84.75 | 91.11 | 90.86 | 84.75 | 91.13 | 90.88 | 88.53 | 92.25 | 92.11 |
| | **ਜੋੜ** | **99.14** | **55.81** | **70.57** | **99.14** | **55.77** | **70.33** | **99.35** | **58.51** | **72.41** |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

2022-23 ਦੌਰਾਨ ਦੋ[11] ਐਸ ਪੀ ਐਸ ਈਜ਼ ਵਿੱਚ ਇਕਵਟੀ ਦੀ ਫੇਸ ਵੈਲਿਊ 'ਤੇ ਕੁੱਲ ਨਿਵੇਸ਼ ਵਿੱਚ ₹ 2.06 ਕਰੋੜ ਦਾ ਵਾਧਾ ਦਰਜ ਕੀਤਾ ਗਿਆ ਜਿਸ ਵਿੱਚ ਪੂਰੀ ਤਰ੍ਹਾਂ ਰਾਜ ਸਰਕਾਰ ਵੱਲੋਂ ਯੋਗਦਾਨ ਪਾਇਆ ਗਿਆ।

ਐਸ ਪੀ ਐਸ ਈਜ਼ ਦੇ ਨਿਵੇਸ਼ ਦਾ ਜ਼ੋਰ ਮੁੱਖ ਤੌਰ ਤੇ ਬਿਜਲੀ ਖੇਤਰ ਦੇ ਐਸ ਪੀ ਐਸ ਈਜ਼ 'ਤੇ ਸੀ, ਜਿਨ੍ਹਾਂ ਨੇ 31 ਮਾਰਚ 2023 ਤੱਕ ₹ 68,938.97 ਕਰੋੜ ਦੇ ਕੁੱਲ ਨਿਵੇਸ਼ ਦਾ 56.53 *ਪ੍ਰਤੀਸ਼ਤ* (₹ 38,973.43 ਕਰੋੜ) ਪ੍ਰਾਪਤ ਕੀਤਾ ਸੀ। ₹ 68,938.97 ਕਰੋੜ ਦੇ ਕੁੱਲ ਨਿਵੇਸ਼ ਵਿੱਚ ਰਾਜ ਸਰਕਾਰ ਦਾ ਹਿੱਸਾ 72.41 *ਪ੍ਰਤੀਸ਼ਤ* (₹ 49,920.25 ਕਰੋੜ) ਸੀ। ₹ 45,469.94 ਕਰੋੜ ਦੇ ਕੁੱਲ ਕਰਜ਼ਿਆਂ ਵਿੱਚ ₹ 25,029.82 ਕਰੋੜ ਦੀ ਰਾਸ਼ੀ ਫੰਡਾਂ ਦੀ ਘਾਟ, ਵਿਚਾਰ ਅਧੀਨ ਮਿਲਾਨ ਆਦਿ ਕਰਕੇ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਬਕਾਇਆ ਸੀ। ₹ 25,029.82 ਕਰੋੜ ਵਿੱਚੋਂ ₹ 24,541.88 ਕਰੋੜ (98.05 *ਪ੍ਰਤੀਸ਼ਤ*) ਚਾਰ[12] ਐਸ ਪੀ ਐਸ ਈਜ਼ ਨਾਲ ਸਬੰਧਤ ਹਨ।

ਪੰਜਾਬ ਸਰਕਾਰ ਐਸ ਪੀ ਐਸ ਈਜ਼ ਨੂੰ ਸਾਲਾਨਾ ਬਜਟ ਰਾਹੀਂ ਵੱਖ-ਵੱਖ ਰੂਪਾਂ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਮਾਰਚ 2023 ਨੂੰ ਖਤਮ ਹੋਣ ਵਾਲੇ ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਸਾਲ ਦੌਰਾਨ ਇਕਵਟੀ, ਕਰਜ਼ਿਆਂ, ਗ੍ਰਾਂਟਾਂ/ਸਬਸਿਡੀਆਂ, ਵੱਟੇ ਖਾਤੇ ਪਾਏ ਕਰਜ਼ੇ ਅਤੇ ਇਕਵਟੀ ਵਿੱਚ ਤਬਦੀਲ ਕਰਜ਼ੇ ਪ੍ਰਤੀ ਦਿੱਤੀ ਬਜਟਰੀ ਸਹਾਇਤਾ ਦੇ ਸੰਖੇਪ ਵੇਰਵੇ **ਸਾਰਣੀ** 2.4 ਅਨੁਸਾਰ ਹਨ:

**ਸਾਰਣੀ 2.4: ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਨੂੰ ਬਜਟਰੀ ਸਹਾਇਤਾ ਦੇ ਵੇਰਵੇ**

*(₹ ਕਰੋੜ ਵਿੱਚ)*

| ਵੇਰਵੇ[13] | 2018-19 | | 2019-20 | | 2020-21 | | 2021-22 | | 2022-23 | |
|---|---|---|---|---|---|---|---|---|---|---|
| | ਐਸ ਪੀ ਐਸ ਈਜ਼ ਦੀ ਸੰਖਿਆ | ਰਾਸ਼ੀ | ਐਸ ਪੀ ਐਸ ਈਜ਼ ਦੀ ਸੰਖਿਆ | ਰਾਸ਼ੀ | ਐਸ ਪੀ ਐਸ ਈਜ਼ ਦੀ ਸੰਖਿਆ | ਰਾਸ਼ੀ | ਐਸ ਪੀ ਐਸ ਈਜ਼ ਦੀ ਸੰਖਿਆ | ਰਾਸ਼ੀ | ਐਸ ਪੀ ਐਸ ਈਜ਼ ਦੀ ਸੰਖਿਆ | ਰਾਸ਼ੀ |
| (i) ਇਕਵਟੀ ਪੂੰਜੀ ਨਿਕਾਸੀ | 0 | - | 2 | 15,629.35 | 2 | (-) 44.58 | 0 | - | 2 | 2.06 |
| (ii) ਦਿੱਤੇ ਗਏ ਕਰਜ਼ੇ (ਵਿਆਜ ਵਾਲੇ) | 0 | - | 1 | (-) 15,628.26 | 0 | - | 0 | - | 0 | - |
| (iii) ਗ੍ਰਾਂਟ/ਸਬਸਿਡੀ | 9 | 9,364.50 | 11 | 9,769.82 | 11 | 10,059.50 | 15 | 14,965.12 | 14 | 20,429.78 |
| **ਕੁੱਲ ਨਿਕਾਸੀ (i+ii+iii)** | | **9,364.50** | | **9,770.91** | | **10,014.92** | | **14,965.12** | | **20,431.84** |
| ਕਰਜ਼ਿਆਂ ਦੀ ਮੁੜ ਅਦਾਇਗੀ ਵੱਟੇ ਖਾਤੇ ਪਾਈ ਗਈ | 0 | - | 1 | 0.84 | 0 | - | 0 | - | 0 | - |
| ਇਕਵਟੀ ਵਿੱਚ ਬਦਲੇ ਕਰਜ਼ੇ | 0 | - | 1 | 15,628.26 | 0 | - | 0 | - | 0 | - |
| ਜਾਰੀ ਕੀਤੀਆਂ ਗਰੰਟੀਆਂ | 3 | 2,983.89 | 3 | 4,164.35 | 4 | 4,763.51 | 3 | 3,588.73 | 2 | 3,899.84 |
| ਗਰੰਟੀ ਪ੍ਰਤੀਬੱਧਤਾ | 12 | 12,518.16 | 12 | 16,276.20 | 12 | 15,724.36 | 14 | 17,300.79 | 11 | 17,296.70 |

*ਸ੍ਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ*

[11] ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਨੂੰ ਵਾਧੂ ਇਕਵਟੀ ਪੂੰਜੀ ਵਜੋਂ ₹ 2.05 ਕਰੋੜ ਅਤੇ ਸ਼ੁਰੂਆਤੀ ਸ਼ੇਅਰ ਪੂੰਜੀ ਵਜੋਂ ₹ 0.01 ਕਰੋੜ ਪੰਜਾਬ ਰੂਰਲ ਵਾਟਰ ਯੂਟੀਲਿਟੀ।

[12] ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ।

[13] ਰਾਸ਼ੀ ਸਿਰਫ ਰਾਜ ਦੇ ਬਜਟ ਵਿੱਚੋਂ ਨਿਕਾਸੀ ਨੂੰ ਦਰਸਾਉਂਦੀ ਹੈ ।

ਸਾਲ 2022-23 ਦੇ ਦੌਰਾਨ, ₹ 20,429.78 ਕਰੋੜ ਦੀ ਕੁੱਲ ਉਪਦਾਨ ਵਿੱਚੋਂ ₹ 18,902 ਕਰੋੜ (92.52 *ਪ੍ਰਤੀਸ਼ਤ*) ਦਾ ਸਬਸਿਡੀ ਸਿਰਫ਼ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਨੂੰ ਉਪਲੱਬਧ ਕਰਵਾਈ ਗਈ ਸੀ ।

## 2.2.1 ਐਸ ਪੀ ਐਸ ਈਜ਼ ਵਿੱਚ ਇਕਵਟੀ ਹੋਲਡਿੰਗ

31 ਮਾਰਚ 2023 ਤੱਕ, 33 ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ੇ), ₹ 68,938.97 ਕਰੋੜ ਸੀ। ਨਿਵੇਸ਼ ਵਿੱਚ ਇਕਵਟੀ 34.04 *ਪ੍ਰਤੀਸ਼ਤ* ਅਤੇ ਲੰਬੀ-ਮਿਆਦ ਦੇ ਕਰਜ਼ੇ 65.96 *ਪ੍ਰਤੀਸ਼ਤ* ਸ਼ਾਮਲ ਸੀ। ਸਾਲ 2022-23 ਦੌਰਾਨ, ਰਾਜ ਸਰਕਾਰ ਦੁਆਰਾ ਨਿਵੇਸ਼ ਦੇ ਕਾਰਨ, ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਦੀ ਇਕਵਟੀ ਵਿੱਚ ₹ 2.05 ਕਰੋੜ ਅਤੇ ਨਵੀਂ ਸਥਾਪਿਤ ਹੋਈ ਐਸ ਪੀ ਐਸ ਈ (ਪੰਜਾਬ ਰੂਰਲ ਵਾਟਰ ਯੂਟੀਲਿਟੀ) ਦੀ ਇਕਵਟੀ ਵਿੱਚ ₹ 0.01 ਕਰੋੜ ਦਾ ਵਾਧਾ ਹੋਇਆ ਹੈ।

ਮਾਰਚ 2023 ਨੂੰ ਖਤਮ ਹੋਣ ਵਾਲੇ ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਸਰਕਾਰ, ਕੇਂਦਰ ਸਰਕਾਰ ਅਤੇ ਹੋਰਨਾਂ ਦੁਆਰਾ ਐਸ ਪੀ ਐਸ ਈਜ਼ ਦੀ ਇਕਵਟੀ ਵਿੱਚ ਇਕਵਟੀ ਹੋਲਡਿੰਗ ਨੂੰ ਹੇਠਾਂ **ਚਾਰਟ 2.1** ਵਿੱਚ ਦਰਸ਼ਾਇਆ ਗਿਆ ਹੈ:

**ਚਾਰਟ 2.1: ਪਾਵਰ ਖੇਤਰ ਅਤੇ ਪਾਵਰ ਖੇਤਰ ਤੋਂ ਇਲਾਵਾ ਦੇ ਐਸ ਪੀ ਐਸ ਈਜ਼ ਵਿੱਚ ਇਕਵਟੀ ਵਿੱਚ ਨਿਵੇਸ਼**




31 ਮਾਰਚ 2023 ਨੂੰ ਐਸ ਪੀ ਐਸ ਈਜ਼ ਦੀ ਪ੍ਰਾਪਤ ਕੀਤੀ ਸ਼ੇਅਰ ਪੂੰਜੀ ਵਿੱਚ ਰਾਜ ਸਰਕਾਰ ਵੱਲੋਂ ਕੀਤੇ ਮਹੱਤਵਪੂਰਨ ਨਿਵੇਸ਼ਾਂ (₹ 100 ਕਰੋੜ ਤੋਂ ਵੱਧ ਦੇ ਨਿਵੇਸ਼) ਦਾ ਵੇਰਵਾ **ਸਾਰਣੀ 2.5** ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.5: ਰਾਜ ਸਰਕਾਰ ਦੁਆਰਾ ਐਸ ਪੀ ਐਸ ਈਜ਼ ਦੀ ਇਕਵਟੀ ਵਿੱਚ ਕੀਤੇ ਗਏ ਮਹੱਤਵਪੂਰਨ ਨਿਵੇਸ਼**

| ਐਸ ਪੀ ਐਸ ਈ ਦਾ ਨਾਂ | ਵਿਭਾਗ ਦਾ ਨਾਂ | ਰਾਸ਼ੀ *(₹ ਕਰੋੜ ਵਿੱਚ)* |
|---|---|---|
| ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਪਾਵਰ | 21,709.73 |
| ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਪਾਵਰ | 605.88 |
| ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | ਟਰਾਂਸਪੋਰਟ | 307.08 |
| ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਸਿੰਚਾਈ | 300.00 |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

## 2.2.2 ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਵਿੱਚ ਨਿਵੇਸ਼

31 ਮਾਰਚ 2023 ਤੱਕ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਤਿੰਨ[14] ਜੀ ਸੀ ਓ ਸੀਜ਼ ਵਿੱਚ ਨਿਵੇਸ਼ ਕੀਤੀ ਗਈ ਪੂੰਜੀ ₹ 0.03 ਕਰੋੜ ਸੀ ਜੋ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਬਰਾਬਰ ਵੰਡੀ ਗਈ ਸੀ।

## 2.2.3 ਐਸ ਪੀ ਐਸ ਈਜ਼ ਨੂੰ ਦਿੱਤੇ ਕਰਜ਼ੇ

### *2.2.3.1 31 ਮਾਰਚ 2023 ਨੂੰ ਬਕਾਇਆ ਲੰਬੀ-ਮਿਆਦ ਦੇ ਕਰਜ਼ਿਆਂ ਦੀ ਗਣਨਾ*

31 ਮਾਰਚ 2023 ਨੂੰ 33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚੋਂ, 17 ਐਸ ਪੀ ਐਸ ਈਜ਼ ਵਿੱਚ ਭਿੰਨ ਸ੍ਰੋਤਾਂ ਤੋਂ ਲਏ ਲੰਬੀ-ਮਿਆਦ ਦੇ ਕਰਜ਼ੇ ਬਕਾਇਆ ਸਨ। ਲੰਬੀ-ਮਿਆਦ ਦੇ ਕੁੱਲ ₹ 45,469.94 ਕਰੋੜ ਦੇ ਕਰਜ਼ੇ ਬਕਾਇਆ ਸਨ। ਇਨ੍ਹਾਂ ਲੰਬੀ-ਮਿਆਦ ਦੇ ਕਰਜ਼ੇ ਵਿੱਚੋਂ, ਰਾਜ ਸਰਕਾਰ ਦੁਆਰਾ ਦਿੱਤੇ 58.51 *ਪ੍ਰਤੀਸ਼ਤ* (₹ 26,603.90 ਕਰੋੜ) ਬਣਦੇ ਹਨ ਜਦੋਂਕਿ 41.49 *ਪ੍ਰਤੀਸ਼ਤ* (₹ 18,866.04 ਕਰੋੜ) ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕੀਤੇ ਗਏ ਹਨ। ਦੋ[15] ਐਸ ਪੀ ਐਸ ਈਜ਼ ਰਾਜ ਸਰਕਾਰ ਨੂੰ ₹ 33.59 ਕਰੋੜ ਦੇ ਕਰਜ਼ਿਆਂ ਦੀ ਮੁੜ ਅਦਾਇਗੀ ਵਿੱਚ ਡਿਫਾਲਟਰ ਹੋਏ। ਦੋਵੇਂ ਐਸ ਪੀ ਐਸ ਈਜ਼ ਨੇ ਆਪਣੇ ਕਰਜ਼ੇ ਨੂੰ ਇਕਵਟੀ ਵਿੱਚ ਤਬਦੀਲ ਕਰਨ ਲਈ ਰਾਜ ਸਰਕਾਰ ਕੋਲ ਮਾਮਲਾ ਉਠਾਇਆ ਹੈ। 31 ਮਾਰਚ 2023 ਨੂੰ ਖਤਮ ਹੋਏ ਪਿਛਲੇ ਤਿੰਨ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਲੰਬੀ-ਮਿਆਦ ਦੇ ਕਰਜ਼ਿਆਂ ਦੇ ਵੇਰਵੇ **ਚਾਰਟ** 2.2 ਵਿੱਚ ਦਰਸਾਏ ਗਏ ਹਨ:

14 ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਜਲੰਧਰ ਸਮਾਰਟ ਸਿਟੀ ਲਿਮਟਡ ਅਤੇ ਲੁਧਿਆਣਾ ਸਮਾਰਟ ਸਿਟੀ ਲਿਮਟਡ।

15 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ 2012-13 ਤੋਂ ਅਤੇ ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ 1991-92 ਤੋਂ।

**ਚਾਰਟ 2.2: ਐਸ ਪੀ ਐਸ ਈਜ਼ ਵਿੱਚ ਲੰਬੀ-ਮਿਆਦ ਦੇ ਕਰਜ਼ੇ**




### *2.2.3.2 ਕਰਜ਼ਾ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਸੰਪਤੀ ਦੀ ਅਨੁਕੂਲਤਾ*

ਕੁੱਲ ਸੰਪਤੀ ਤੋਂ ਲੰਬੀ-ਮਿਆਦ ਦੇ ਕਰਜ਼ੇ ਦਾ ਅਨੁਪਾਤ ਇਹ ਨਿਰਧਾਰਤ ਕਰਨ ਲਈ ਵਰਤੇ ਜਾਂਦੇ ਤਰੀਕਿਆਂ ਵਿੱਚੋਂ ਇੱਕ ਤਰੀਕਾ ਹੈ ਕੀ ਕੋਈ ਕੰਪਨੀ ਸੌਲਵੈਂਟ ਰਹਿ ਸਕਦੀ ਹੈ। ਸੌਲਵੈਂਟ ਮੰਨਣ ਲਈ, ਕਿਸੇ ਕੰਪਨੀ ਦੀ ਸੰਪਤੀਆਂ ਦਾ ਮੁੱਲ ਉਸ ਦੇ ਲੰਬੀ-ਮਿਆਦ ਕਰਜ਼ਿਆਂ/ਦੀ ਰਾਸ਼ੀ ਤੋਂ (ਸਕਾਰਾਤਮਕ ਕਵਰੇਜ ਦਰਸਾਇਆ ਗਿਆ) ਵੱਧ ਹੋਣਾ ਚਾਹੀਦਾ ਹੈ। ਨਵੀਨਤਮ ਅੰਤਿਮ ਰੂਪ ਦਿੱਤੇ ਪੂਰਕ ਲੇਖਿਆਂ ਅਨੁਸਾਰ 17 ਐਸ ਪੀ ਐਸ ਈਜ਼, ਜਿਹਨਾਂ ਵਿੱਚ ਲੰਬੀ-ਮਿਆਦ ਦੇ ਕਰਜ਼ੇ ਬਕਾਇਆ ਸਨ, ਵਿੱਚ ਕੁੱਲ ਸੰਪਤੀਆਂ ਦੇ ਮੁੱਲ ਦੁਆਰਾ ਲੰਬੀ-ਮਿਆਦ ਦੇ ਕਰਜ਼ਿਆਂ ਦੀ ਕਵਰੇਜ **ਸਾਰਣੀ 2.6** ਵਿੱਚ ਦਰਸਾਈ ਗਈ ਹੈ:

**ਸਾਰਣੀ 2.6: ਕੁੱਲ ਸੰਪਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ਿਆਂ ਦੀ ਕਵਰੇਜ**

*(₹ ਕਰੋੜ ਵਿੱਚ)*

| ਐਸ ਪੀ ਐਸ ਈਜ਼ ਦੀ ਕਿਸਮ | ਸਕਾਰਾਤਮਕ ਕਵਰੇਜ | | | | ਨਕਾਰਾਤਮਕ ਕਵਰੇਜ | | | |
|---|---|---|---|---|---|---|---|---|
| | ਐਸ ਪੀ ਐਸ ਈਜ਼ ਦੀ ਗਿਣਤੀ | ਸੰਪਤੀਆਂ | ਲੰਬੀ-ਮਿਆਦ ਦੇ ਕਰਜ਼ੇ | ਸੰਪਤੀਆਂ ਦੇ ਨਾਲ ਲੰਬੀ-ਮਿਆਦ ਦੇ ਕਰਜ਼ੇ ਦਾ ਅਨੁਪਾਤ | ਐਸ ਪੀ ਐਸ ਈਜ਼ ਦੀ ਗਿਣਤੀ | ਸੰਪਤੀਆਂ | ਲੰਬੀ-ਮਿਆਦ ਦੇ ਕਰਜ਼ੇ | ਸੰਪਤੀਆਂ ਦੇ ਨਾਲ ਲੰਬੀ-ਮਿਆਦ ਦੇ ਕਰਜ਼ੇ ਦਾ ਅਨੁਪਾਤ |
| ਸਰਕਾਰੀ ਕੰਪਨੀਆਂ | 11 | 79,145.21 | 24,883.43 | 3.18 | 2 | 5,992.27 | 6,535.85 | 0.92 |
| ਅਧਿਨਿਯਮਿਕ ਕਾਰਪੋਰੇਸ਼ਨਾਂ | 3 | 9,214.70 | 7,888.88 | 1.17 | 1 | 16.08 | 175.48 | 0.09 |

*ਸ੍ਰੋਤ: ਐਸ ਪੀ ਐਸ ਈਜ਼ ਦੇ ਨਵੀਨਤਮ ਅੰਤਿਮ ਰੂਪ ਦੀ ਵਿੱਤੀ ਵਿਵਰਣੀਆਂ*

ਲੰਬੀ-ਮਿਆਦ ਦੇ ਕਰਜ਼ੇ ਵਾਲੇ 17 ਐਸ ਪੀ ਐਸ ਈਜ਼ ਵਿੱਚੋਂ, 14 ਐਸ ਪੀ ਐਸ ਈਜ਼ ਕੋਲ ਸਕਾਰਾਤਮਕ ਕਵਰੇਜ ਸਨ ਅਤੇ ਬਾਕੀ ਤਿੰਨ[16] ਐਸ ਪੀ ਐਸ ਈਜ਼ ਦੀ ਨਕਾਰਾਤਮਕ ਕਵਰੇਜ ਸੀ।

[16] ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ

### *2.2.3.3 ਵਿਆਜ ਕਵਰੇਜ*

ਵਿਆਜ ਕਵਰੇਜ ਅਨੁਪਾਤ ਦੀ ਵਰਤੋਂ ਕੰਪਨੀਆਂ ਦੀ ਬਕਾਇਆ ਕਰਜ਼ੇ ਤੇ ਵਿਆਜ ਦਾ ਭੁਗਤਾਨ ਕਰਨ ਦੀ ਕੁਸ਼ਲਤਾ ਮਾਪਣ ਲਈ ਕੀਤੀ ਜਾਂਦੀ ਹੈ ਅਤੇ ਇਸ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) ਨੂੰ ਉਸੇ ਸਮੇਂ ਦੇ ਵਿਆਜ ਦੇ ਖਰਚੇ ਨਾਲ ਵੰਡ ਕੇ ਕੀਤੀ ਜਾਂਦੀ ਹੈ। ਜਿਨ੍ਹਾਂ ਘੱਟ ਅਨੁਪਾਤ, ਕੰਪਨੀ ਦੀ ਵਿਆਜ ਭੁਗਤਾਨ ਕਰਨ ਦੀ ਕੁਸ਼ਲਤਾ ਉੱਨੀ ਘੱਟ। ਵਿਆਜ ਕਵਰੇਜ ਅਨੁਪਾਤ ਦਾ ਇੱਕ ਤੋਂ ਘੱਟ ਹੋਣਾ ਦਰਸਾਉਂਦਾ ਹੈ ਕਿ ਕੰਪਨੀ ਆਪਣੇ ਵਿਆਜ ਦੇ ਖਰਚੇ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨੀ ਪੈਦਾ ਨਹੀਂ ਕਰ ਰਹੀ ਸੀ। 2020-21 ਤੋਂ 2022-23 ਦੇ ਸਮੇਂ ਦੌਰਾਨ, ਆਪਣੇ ਲੇਖਿਆਂ ਵਿੱਚ ਲੰਬੀ-ਮਿਆਦ ਦੇ ਕਰਜ਼ਿਆਂ ਉੱਤੇ ਵਿਆਜ ਵਸੂਲਣ ਵਾਲੇ ਐਸ ਪੀ ਐਸ ਈਜ਼ ਵਿੱਚ ਵਿਆਜ ਕਵਰੇਜ ਅਨੁਪਾਤ ਦਾ ਵਿਸਥਾਰ **ਸਾਰਣੀ** 2.7 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.7: ਐਸ ਪੀ ਐਸ ਈਜ਼ ਦੀ ਵਿਆਜ ਕਵਰੇਜ ਅਨੁਪਾਤ**

| ਸਾਲ | ਖੇਤਰ | ਵਿਆਜ *(₹ ਕਰੋੜਾਂ ਵਿੱਚ)* | ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ *(₹ ਕਰੋੜਾਂ ਵਿੱਚ)* | ਲੰਬੀ-ਮਿਆਦ ਦੇ ਕਰਜ਼ਿਆਂ ਦਾ ਵਿਆਜ ਬੋਝ ਅਤੇ ਦੇਣਦਾਰੀ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ 1 ਤੋਂ ਵੱਧ ਹੈ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ 1 ਤੋਂ ਘੱਟ ਹੈ |
|---|---|---|---|---|---|---|
| 2020-21 | ਪਾਵਰ ਖੇਤਰ ਐਸ ਪੀ ਐਸ ਈਜ਼ | 2,004.42 | 3,471.29 | 2 | 2 | 0 |
| | ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼ | 360.12 | 480.16 | 2 | 1 | 1 |
| | ਹੋਰ ਐਸ ਪੀ ਐਸ ਈਜ਼ | 32.29 | 46.14 | 5 | 2 | 3 |
| | **ਜੋੜ** | **2,396.83** | **3,997.59** | **9** | **5** | **4** |
| 2021-22 | ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 1,684.84 | 2,969.15 | 2 | 2 | 0 |
| | ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼ | 193.23 | 369.68 | 2 | 1 | 1 |
| | ਹੋਰ ਐਸ ਪੀ ਐਸ ਈਜ਼ | 30.96 | 57.91 | 5 | 2 | 3 |
| | **ਜੋੜ** | **1,909.03** | **3,396.74** | **9** | **5** | **4** |
| 2022-23 | ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 1,699.81 | (-)2,975.22 | 2 | 1 | 1 |
| | ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼ | 89.07 | 202.19 | 2 | 1 | 1 |
| | ਹੋਰ ਐਸ ਪੀ ਐਸ ਈਜ਼ | 33.22 | 36.66 | 5 | 2 | 3 |
| | **ਜੋੜ** | **1,822.10** | **(-) 2,736.37** | **9** | **4** | **5** |

*ਸ੍ਰੋਤ: ਐਸ ਪੀ ਐਸ ਈਜ਼ ਦੀਆਂ ਨਵੀਨਤਮ ਵਿੱਤੀ ਵਿਵਰਣੀਆਂ*

2022-23 ਵਿੱਚ ਇੱਕ ਤੋਂ ਵੱਧ ਵਿਆਜ ਕਵਰੇਜ ਅਨੁਪਾਤ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ, 2020-21 ਅਤੇ 2021-22 ਸਾਲ ਵਿੱਚ ਪੰਜ ਦੇ ਮੁਕਾਬਲੇ ਚਾਰ ਸੀ। ਹੋਰ ਪੰਜ ਐਸ ਪੀ ਐਸ ਈਜ਼[17] ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਸੀ ਜੋ ਦਰਸਾਉਂਦਾ ਹੈ ਕਿ ਇਹ ਐਸ ਪੀ ਐਸ ਈਜ਼ ਇਸ ਮਿਆਦ ਦੇ ਦੌਰਾਨ ਵਿਆਜ 'ਤੇ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਲੋੜੀਂਦਾ ਮਾਲਿਆ ਪੈਦਾ ਨਹੀਂ ਕਰ ਸਕੀਆਂ।

### *2.2.3.4 ਲੰਬੀ-ਮਿਆਦ ਦੇ ਕਰਜ਼ਿਆਂ ਤੇ ਬਕਾਇਆ ਵਿਆਜ ਦਾ ਉਮਰ-ਵਾਰ ਵਿਸ਼ਲੇਸ਼ਣ*

31 ਮਾਰਚ 2023 ਤੱਕ, ਰਾਜ ਸਰਕਾਰ ਦੁਆਰਾ ਪ੍ਰਦਾਨ ਕੀਤੇ ਲੰਬੀ-ਮਿਆਦ ਦੇ ਕਰਜ਼ਿਆਂ ਤੇ ਇੱਕ ਐਸ ਪੀ ਐਸ ਈ 'ਤੇ ₹ 28.84 ਕਰੋੜ ਦਾ ਵਿਆਜ ਬਕਾਇਆ ਸੀ ਅਤੇ ਦੋ ਐਸ ਪੀ ਐਸ ਈਜ਼ ਦਾ ਲੰਬੀ-ਮਿਆਦ ਲਈ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ਿਆਂ 'ਤੇ ₹ 127.44 ਕਰੋੜ ਦਾ ਵਿਆਜ ਬਕਾਇਆ ਸੀ ।ਐਸ ਪੀ ਐਸ ਈਜ਼ ਵਿੱਚ ਲੰਬੀ-ਮਿਆਦ ਦੇ ਕਰਜ਼ਿਆਂ 'ਤੇ ਬਕਾਇਆ ਵਿਆਜ ਦਾ ਉਮਰ-ਵਾਰ ਵਿਸ਼ਲੇਸ਼ਣ **ਸਾਰਣੀ** 2.8 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.8: ਐਸ ਪੀ ਐਸ ਈਜ਼ ਵਿੱਚ ਬਕਾਇਆ ਵਿਆਜ**

*(₹ ਕਰੋੜ ਵਿੱਚ)*

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਬਕਾਇਆ ਵਿਆਜ | 1 ਤੋਂ ਘੱਟ ਸਾਲ ਲਈ ਬਕਾਇਆ ਵਿਆਜ | 1 ਤੋਂ 3 ਸਾਲਾਂ ਲਈ ਬਕਾਇਆ ਵਿਆਜ | 3 ਸਾਲਾਂ ਤੋਂ ਵੱਧ ਬਕਾਇਆ ਵਿਆਜ |
|---|---|---|---|---|---|
| ੳ. ਰਾਜ ਸਰਕਾਰ ਦੇ ਕਰਜ਼ਿਆਂ ਤੇ ਬਕਾਇਆ ਵਿਆਜ | | | | | |
| 1. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 28.84 | - | 9.50 | 19.34 |
| | **ਜੋੜ (ੳ)** | **28.84** | **-** | **9.50** | **19.34** |
| ਅ. ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ਿਆਂ ਤੇ ਬਕਾਇਆ ਵਿਆਜ | | | | | |
| 1. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | 46.82 | 46.82 | - | - |
| 2. | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 80.62 | 2.32 | 16.47 | 61.83 |
| | **ਜੋੜ (ਅ)** | **127.44** | **49.14** | **16.47** | **61.83** |

*ਸ੍ਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਜਾਣਕਾਰੀ*

ਰਾਜ ਦੀਆਂ ਅਨਾਜ ਖਰੀਦ ਏਜੰਸੀਆਂ[18] (ਐਸ ਪੀ ਏਜ਼) ਨੇ ਰਾਜ ਸਰਕਾਰ ਦੇ ਕਰਜ਼ੇ (ਵਿਰਾਸਤ ਲੇਖੇ)[19] ਤੇ ਵਿਆਜ ਦੀ ਕੋਈ ਵਿਵਸਥਾ ਨਹੀਂ ਕੀਤੀ ਹੈ ਕਿਉਂਕਿ ਰਾਜ ਸਰਕਾਰ ਦੁਆਰਾ ਕਰਜ਼ਿਆਂ ਤੇ ਵਿਆਜ ਦੀ ਅਦਾਇਗੀ ਲਈ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਸਨ।

---

17 ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਲਿਮਟਡ, ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ

18 ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ

19 ਐਸ ਪੀ ਏਜ਼ ਨੇ ਦਸੰਬਰ 2016 ਤੱਕ ਬੈਂਕਾਂ ਦੇ ਵਿਰੁਧ ₹ 31,000 ਕਰੋੜ ਦੀ ਨਕਦ ਕ੍ਰੈਡਿਟ ਦੇਣਦਾਰੀਆਂ ਦਾ ਨਿਪਟਾਰਾ ਨਹੀਂ ਕੀਤਾ ਸੀ। ਇਸ ਦੇਣਦਾਰੀ ਦਾ ਨਿਪਟਾਰਾ ਕਰਨ ਲਈ, ਪੰਜਾਬ ਸਰਕਾਰ ਨੇ ਭਾਰਤੀ ਸਟੇਟ ਬੈਂਕ ਨਾਲ ਇਸ ਦੇ ਵਨ-ਟਾਈਮ ਸੈਟਲਮੈਂਟ ਲਈ ਇੱਕ ਸਮਝੌਤਾ ਕੀਤਾ (ਦਸੰਬਰ 2016)। ਰਾਜ ਸਰਕਾਰ ਦੁਆਰਾ 2016-17 ਦੌਰਾਨ ₹ 30,584 ਕਰੋੜ ਦਾ ਕਰਜ਼ਾ ਉਠਾਇਆ ਗਿਆ ਸੀ। ਜਿਸਦੇ ਮੁਕਾਬਲੇ ₹ 29,920 ਕਰੋੜ ਪੰਜ ਐਸ ਪੀ ਏਜ਼ (ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮਟਡ ਸਮੇਤ) ਨੂੰ ਲੰਬੀ-ਮਿਆਦ ਦੇ ਕਰਜ਼ੇ ਵਜੋਂ ਦਿੱਤੇ ਗਏ ਸਨ। ਇਹ ਕਰਜ਼ਾ ਸਾਲ 2036 ਤੱਕ ਵਿਆਜ ਸਮੇਤ ਅਦਾ ਕੀਤਾ ਜਾਣਾ ਹੈ।

## 2.2.4 ਐਸ ਪੀ ਐਸ ਈਜ਼ ਵਿੱਚ ਇਕਵਟੀ ਨਿਵੇਸ਼ ਦਾ ਬਾਜ਼ਾਰ ਪੂੰਜੀਕਰਨ

ਬਾਜ਼ਾਰ ਪੂੰਜੀਕਰਨ ਸੂਚੀਬੱਧ ਕੰਪਨੀਆਂ ਦੇ ਸ਼ੇਅਰਜ਼ ਦੇ ਬਾਜ਼ਾਰ ਮੁੱਲ ਨੂੰ ਦਰਸਾਉਂਦਾ ਹੈ। 31 ਮਾਰਚ 2023 ਤੱਕ, ਸਿਰਫ ਇੱਕ ਐਸ ਪੀ ਐਸ ਈ (ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ) ਦੇ ਸ਼ੇਅਰ ਭਾਰਤ ਵਿੱਚ ਬੰਬੇ ਸਟਾਕ ਐਕਸਚੇਂਜ ਵਿੱਚ ਸੂਚੀਬੱਧ ਸਨ। ₹ 12.05 ਕਰੋੜ ਦੇ ਕੁੱਲ ਇਕਵਟੀ ਨਿਵੇਸ਼ ਵਾਲਾ ਇਹ ਐਸ ਪੀ ਐਸ ਈ ਪੰਜਾਬ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨੋਲੋਜੀ ਕਾਰਪੋਰੇਸ਼ਨ ਲਿਮਟਡ (₹ 8.57 ਕਰੋੜ ਦਾ ਇਕਵਟੀ ਨਿਵੇਸ਼ *ਭਾਵ* ₹ 12.05 ਕਰੋੜ ਦੇ ਕੁੱਲ ਇਕਵਟੀ ਨਿਵੇਸ਼ ਦਾ 71.12 *ਪ੍ਰਤੀਸ਼ਤ*) ਦੀ ਸਹਾਇਕ ਕੰਪਨੀ ਹੈ ਅਤੇ ਇਸ ਵਿੱਚ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੁਅਰਾ ਇਕਵਟੀ ਦਾ ਕੋਈ ਨਿਵੇਸ਼ ਨਹੀਂ ਹੈ। ਉਪਰੋਕਤ ਸੂਚੀਬੱਧ ਐਸ ਪੀ ਐਸ ਈ ਦੇ ਸ਼ੇਅਰਜ਼ ਦਾ ਕੁੱਲ ਬਾਜ਼ਾਰ ਮੁੱਲ 31 ਮਾਰਚ 2023 ਨੂੰ ₹ 34.28 ਕਰੋੜ[20] ਸੀ ਜੋ 31 ਮਾਰਚ 2022 ਨੂੰ ₹ 43.28 ਕਰੋੜ[21] ਸੀ।

## 2.2.5 ਵਿਨਿਵੇਸ਼, ਪੁਨਰਗਠਨ ਅਤੇ ਨਿੱਜੀਕਰਨ

ਸਾਲ 2022-23 ਦੌਰਾਨ ਕੰਮਕਾਜੀ ਜਾਂ ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਵਿਨਿਵੇਸ਼ ਜਾਂ ਨਿੱਜੀਕਰਨ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਹਾਲਾਂਕਿ, ਪੰਜਾਬ ਐਗਰੋ ਜੂਸਿਸ ਲਿਮਟਡ ਦਾ (ਜਨਵਰੀ 2023) ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਵਿੱਚ ਰਲੇਵਾਂ ਹੋ ਗਿਆ ਸੀ।

## 2.3 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਤੇ ਆਮਦਨ

### 2.3.1 ਐਸ ਪੀ ਐਸ ਈਜ਼ ਦੁਆਰਾ ਕਮਾਇਆ ਲਾਭ

ਨਵੀਨਤਮ ਅੰਤਮ ਰੂਪ ਦਿੱਤੇ ਲੇਖਿਆਂ ਅਨੁਸਾਰ, ਸਾਲ 2021-22 ਵਿੱਚ 12 ਐਸ ਪੀ ਐਸ ਈਜ਼ ਦੇ ਮੁਕਾਬਲੇ ਸਾਲ 2022-23 ਵਿੱਚ 11 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਨੂੰ ਸ਼ਾਮਲ ਕਰ ਕੇ) ਨੇ ਲਾਭ ਕਮਾਇਆ। ਕਮਾਇਆ ਹੋਇਆ ਲਾਭ 2022-23 ਵਿੱਚ ₹ 319.97 ਕਰੋੜ ਸੀ ਜਦੋਂ ਕਿ ਸਾਲ 2021-22 ਵਿੱਚ ₹ 1,710.77 ਕਰੋੜ ਦਾ ਲਾਭ ਹੋਇਆ ਸੀ। ਨੌਂ ਮੁਨਾਫਾ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਇਕਵਟੀ 'ਤੇ ਆਮਦਨ (ਆਰ ਓ ਈ)[22] ਸਾਲ 2022-23 ਵਿੱਚ 6.70 *ਪ੍ਰਤੀਸ਼ਤ* ਸੀ ਜਦੋਂਕਿ ਸਾਲ 2021-22 ਵਿੱਚ ਦਸ ਐਸ ਪੀ ਐਸ ਈਜ਼ ਵਿੱਚ ਇਹ 7.53 *ਪ੍ਰਤੀਸ਼ਤ* ਸੀ। ਹੋਰ ਦੋ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ ਆਰ ਓ ਈ ਦੀ ਗਣਨਾ ਨਹੀਂ ਕੀਤੀ ਜਾ ਸਕੀ ਕਿਉਂਕਿ ਉਹਨਾਂ ਦਾ ਨਿਰੋਲ ਮੁੱਲ ਨਕਾਰਾਤਮਕ ਸੀ।

2020-21 ਤੋਂ 2022-23 ਦੌਰਾਨ 33 ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ ਕਮਾਏ ਲਾਭ/ ਉਠਾਈ ਹਾਨੀਆਂ[23] ਦੀ ਸਮੁੱਚੀ ਸਥਿਤੀ **ਸਾਰਣੀ** 2.9 ਵਿੱਚ ਦਰਸਾਈ ਗਈ ਹੈ:

[20] ₹ ਦਸ ਪ੍ਰਤੀ ਸ਼ੇਅਰ ਦੇ ਫੇਸ ਵੈਲਿਊ ਦੇ ਮੁਕਾਬਲੇ ਪ੍ਰਤੀ ਸ਼ੇਅਰ ₹ 28.51* 1,20,23,565 ਸ਼ੇਅਰਜ਼

[21] ₹ ਦਸ ਪ੍ਰਤੀ ਸ਼ੇਅਰ ਦੇ ਫੇਸ ਵੈਲਿਊ ਦੇ ਮੁਕਾਬਲੇ ਪ੍ਰਤੀ ਸ਼ੇਅਰ ₹ 36* 1,20,23,565 ਸ਼ੇਅਰਜ਼

[22] ਇਕਵਟੀ ਤੇ ਆਮਦਨ = ((ਕਰਾਂ ਤੋਂ ਬਾਅਦ ਨਿਰੋਲ ਲਾਭ)/(ਨਿਰੋਲ ਮੁੱਲ))* 100

[23] ਅੰਕੜੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ ਹਨ।

**ਸਾਰਣੀ 2.9: 2020-21 ਤੋਂ 2022-23 ਦੌਰਾਨ ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ ਕਮਾਏ ਲਾਭ/ਉਠਾਈ ਹਾਨੀਆਂ**

*(₹ਕਰੋੜ ਵਿੱਚ)*

| ਸਾਲ | ਪਾਵਰ ਖੇਤਰ | ਪਾਵਰ ਖੇਤਰ ਤੋਂ ਇਲਾਵਾ | ਜੋੜ |
|---|---|---|---|
| 2020-21 | 1,469.08 | (-) 95.70 | 1,373.38 |
| 2021-22 | 1,286.04 | (-) 16.14 | 1,269.90 |
| 2022-23 | (-) 4,674.92 | (-) 134.84 | (-) 4,809.76 |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ 2021-22 ਵਿੱਚ ਕਮਾਏ ₹ 1,269.90 ਕਰੋੜ ਦੇ ਲਾਭ 2022-23 ਵਿੱਚ ₹ 4,809.76 ਕਰੋੜ ਦੀ ਹਾਨੀ ਵਿੱਚ ਬਦਲ ਗਿਆ। ਇਹ ਮੁੱਖ ਤੌਰ 'ਤੇ ਇੱਕ ਐਸ ਪੀ ਐਸ ਈ *ਭਾਵ* ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਦੇ ਕਾਰਨ ਸੀ ਜਿਸ ਨੂੰ ਕਿ 2021-22 ਵਿੱਚ ₹ 1,069.21 ਕਰੋੜ ਦੇ ਲਾਭ ਦੇ ਮੁਕਾਬਲੇ ਪਾਵਰ ਦੀ ਖਰੀਦ ਲਾਗਤਾਂ, ਫਿਯੂਲ ਦੀ ਖਪਤ ਦੀ ਲਾਗਤ ਅਤੇ ਕਰਮਚਾਰੀਆਂ ਦੇ ਲਾਭ ਦੇ ਖਰਚੇ ਵਿੱਚ ਕਾਫੀ ਵਾਧੇ ਕਾਰਨ 2022-23 ਵਿੱਚ ₹ 4,775.93 ਕਰੋੜ ਦਾ ਘਾਟਾ ਪਿਆ।

ਇਨ੍ਹਾਂ 34[24] ਕਾਰਜਸ਼ੀਲ ਰਾਜ ਐਸ ਪੀ ਐਸ ਈਜ਼ ਦੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ, 11[25] ਐਸ ਪੀ ਐਸ ਈਜ਼ ਨੇ ₹ 319.97 ਕਰੋੜ ਦਾ ਲਾਭ ਪ੍ਰਾਪਤ ਕੀਤਾ ਅਤੇ 18[26] ਐਸ ਪੀ ਐਸ ਈਜ਼ ਨੇ ₹ 5,129.73 ਕਰੋੜ ਦੀ ਹਾਨੀ ਉਠਾਈ ਜਿਵੇਂ ਕਿ ***ਅੰਤਿਕਾ 2.2*** ਵਿੱਚ ਵੇਰਵਾ ਦਰਸਾਇਆ ਗਿਆ ਹੈ। ਬਾਕੀ ਪੰਜ ਐਸ ਪੀ ਐਸ ਈਜ਼ ਵਿੱਚੋਂ, ਚਾਰ[27] 'ਨਾ ਲਾਭ ਨਾ ਹਾਨੀ' ਅਧਾਰ ਤੇ ਕੰਮ ਕਰ ਰਹੇ ਸਨ ਅਤੇ ਇੱਕ[28] ਐਸ ਪੀ ਐਸ ਈਜ਼ ਦੇ ਪਹਿਲੇ ਲੇਖੇ ਅਜੇ ਬਕਾਇਆ ਨਹੀਂ ਸਨ।

ਕਾਰਜਸ਼ੀਲ ਐਸ ਪੀ ਐਸ ਈਜ਼ ਜਿਹਨਾਂ ਨੇ 2020-21 ਤੋਂ 2022-23 ਦੌਰਾਨ ਕਮਾਏ ਲਾਭ/ ਉਠਾਈ ਹਾਨੀ ਦੀ ਸਥਿਤੀ **ਸਾਰਣੀ** 2.10 ਵਿੱਚ ਦਰਸਾਈ ਗਈ ਹੈ:

**ਸਾਰਣੀ 2.10: ਕਾਰਜਸ਼ੀਲ ਐਸ ਪੀ ਐਸ ਈਜ਼ ਜਿਹਨਾਂ ਨੇ 2020-21 ਤੋਂ 2022-23 ਦੌਰਾਨ ਲਾਭ ਕਮਾਏ/ਹਾਨੀ ਉਠਾਈ**

| ਵਿੱਤੀ ਸਾਲ | ਐਸ ਪੀ ਐਸ ਈਜ਼ ਦੀ ਕੁੱਲ ਗਿਣਤੀ | ਸਾਲ ਦੌਰਾਨ ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਸਾਲ ਦੌਰਾਨ ਹਾਨੀ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਗਿਣਤੀ | | |
|---|---|---|---|---|---|---|
| | | | | ਨਾ ਲਾਭ ਨਾ ਹਾਨੀ | ਨਿਰਮਾਣ ਅਧੀਨ | ਪਹਿਲੇ ਲੇਖੇ 30 ਸਤੰਬਰ 2023 ਤੱਕ ਬਕਾਇਆ ਨਹੀਂ ਸਨ |
| 2020-21 | 33 | 13 | 16 | 4 | - | - |
| 2021-22 | 33 | 12 | 17 | 4 | - | - |
| 2022-23 | 34 | 11 | 18 | 4 | - | 1 |

*ਸ੍ਰੋਤ: ਅੰਤਿਕਾ 2.2 ਦੇ ਅਧਾਰ ਤੇ ਸੰਕਲਿਤ ਕੀਤਾ*

---

24 ਜਿਸ ਵਿੱਚ ਇੱਕ ਐਸ ਪੀ ਐਸ ਈ *ਭਾਵ* ਪੰਜਾਬ ਐਗਰੋ ਜੂਸਿਜ਼ ਲਿਮਟਡ ਸ਼ਾਮਲ ਹੈ ਨੂੰ ਇੱਕ ਹੋਰ ਐਸ ਪੀ ਐਸ ਈ ਭਾਵ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਵਿੱਚ ਮਿਲਾ ਦਿੱਤਾ ਗਿਆ ਸੀ। ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਦੇ ਸਾਲ 2022-23 ਲਈ ਪੰਜਾਬ ਐਗਰੋ ਜੂਸਿਜ਼ ਲਿਮਟਡ ਨਾਲ ਰਲੇਵੇਂ ਤੋਂ ਬਾਅਦ ਲੇਖੇ ਅਜੇ ਤੱਕ ਪ੍ਰਾਪਤ ਨਹੀਂ ਹੋਏ ਹਨ। ਇਸ ਤਰ੍ਹਾਂ, ਸਾਲ 2021-22 ਲਈ ਦੋਵਾਂ ਐਸ ਪੀ ਐਸ ਈਜ਼ ਦੇ ਨਵੀਨਤਮ ਉਪਲੱਬਧ ਅੰਤਿਮ ਰੂਪ ਦਿੱਤ ਲੇਖਿਆਂ ਨੂੰ ਲਿਆ ਗਿਆ ਹੈ।

25 ***ਅੰਤਿਕਾ 2.2*** ਦੀ ਲੜੀ ਨੰ. 2, 5, 8, 10, 11, 16,17, 19, 21, 25 ਅਤੇ 31

26 ***ਅੰਤਿਕਾ 2.2*** ਦੀ ਲੜੀ ਨੰ. 1, 3, 4, 6, 7, 9, 12, 13, 14, 15, 18, 22, 26, 28, 29, 30, 32 ਅਤੇ 33

27 ***ਅੰਤਿਕਾ 2.2*** ਦੀ ਲੜੀ ਨੰ. 20, 23, 24 ਅਤੇ 27

28 ***ਅੰਤਿਕਾ 2.2*** ਦੀ ਲੜੀ ਨੰ. 34

2022-23 ਦੌਰਾਨ ਕੁੱਲ ਲਾਭ ਵਿੱਚ ਖੇਤਰ-ਵਾਰ ਯੋਗਦਾਨ ਦਾ ਸੰਖੇਪ ਹੇਠਾਂ **ਸਾਰਣੀ** 2.11 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.11: ਸਾਲ 2022-23 ਦੌਰਾਨ ਕੁੱਲ ਲਾਭ ਵਿੱਚ ਖੇਤਰ-ਵਾਰ ਯੋਗਦਾਨ**

| ਖੇਤਰ | ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਕਮਾਇਆ ਨਿਰੋਲ ਲਾਭ *(₹ ਕਰੋੜ ਵਿੱਚ)* | ਐਸ ਪੀ ਐਸ ਈਜ਼ ਦੇ ਕੁੱਲ ਲਾਭ ਦੀ ਪ੍ਰਤੀਸ਼ਤਤਾ |
|---|---|---|---|
| ਪਾਵਰ ਖੇਤਰ | 2 | 101.03 | 31.58 |
| **ਪਾਵਰ ਖੇਤਰ ਤੋਂ ਇਲਾਵਾ:** | | | |
| ਖੇਤੀਬਾੜੀ ਅਤੇ ਸਹਿਯੋਗੀ ਖੇਤਰ | 4 | 177.93 | 55.61 |
| ਉਦਯੋਗ | 3 | 33.10 | 10.34 |
| ਟਰਾਂਸਪੋਰਟ ਅਤੇ ਹੋਰ | 2 | 7.91 | 2.47 |
| **ਜੋੜ** | **11** | **319.97** | **100.00** |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਅੰਤਿਮ ਰੂਪ ਦਿੱਤੀਆਂ ਵਿਵਰਣੀਆਂ*

ਐਸ ਪੀ ਐਸ ਈਜ਼ ਜਿਨ੍ਹਾਂ ਨੇ ਸਾਲ 2022-23 ਦੌਰਾਨ ₹ 10 ਕਰੋੜ ਤੋਂ ਵੱਧ ਦਾ ਲਾਭ ਕਮਾਇਆ ਦਾ ਵੇਰਵਾ ਹੇਠਾਂ **ਸਾਰਣੀ** 2.12 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.12 : ਐਸ ਪੀ ਐਸ ਈਜ਼ ਜਿਨ੍ਹਾਂ ਨੇ 10 ਕਰੋੜ ਤੋਂ ਵੱਧ ਦਾ ਲਾਭ ਕਮਾਇਆ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਨਿਰੋਲ ਲਾਭ *(₹ ਕਰੋੜ ਵਿੱਚ)* |
|---|---|---|
| 1. | ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ | 163.02 |
| 2. | ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 100.90 |
| 3. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ | 29.09 |
| 4. | ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 12.12 |
| | **ਜੋੜ** | **305.13** |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

ਇਹ ਵੇਖਿਆ ਜਾ ਸਕਦਾ ਹੈ ਕਿ 2022-23 ਦੌਰਾਨ, ਇਨ੍ਹਾਂ ਚਾਰ ਐਸ ਪੀ ਐਸ ਈਜ਼ ਨੇ 11 ਐਸ ਪੀ ਐਸ ਈਜ਼ ਦੁਆਰਾ ਕਮਾਏ ਕੁੱਲ ਲਾਭ (₹ 319.97 ਕਰੋੜ) ਦੇ ਵਿੱਚ 95.36 *ਪ੍ਰਤੀਸ਼ਤ* ਦਾ ਯੋਗਦਾਨ ਪਾਇਆ। ਨਾਲ ਹੀ, ਤਿੰਨ ਜੀ ਸੀ ਓ ਸੀਜ਼ ਦੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਦੇ ਅਨੁਸਾਰ, ਇਸ ਮਿਆਦ ਦੇ ਦੌਰਾਨ ਦੋ ਜੀ ਸੀ ਓ ਸੀਜ਼ ਨੇ ਨੁਕਸਾਨ ਉਠਾਇਆ ਸੀ।

## 2.3.2 ਐਸ ਪੀ ਐਸ ਈਜ਼ ਦੁਆਰਾ ਲਾਭ-ਅੰਸ਼ ਭੁਗਤਾਨ

ਤੇਰ੍ਹਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ (ਦਸੰਬਰ 2009) ਕਿ ਸਾਰੀਆਂ ਐਸ ਪੀ ਐਸ ਈਜ਼ ਦੁਆਰਾ ਸਰਕਾਰ ਦੀ ਇਕਵਟੀ ਦੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਲਾਭ-ਅੰਸ਼ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਅਪਣਾਇਆ ਅਤੇ ਸਾਰੇ ਐਸ ਪੀ ਐਸ ਈਜ਼ ਨੂੰ ਰਾਜ ਸਰਕਾਰ ਦੁਆਰਾ ਨਿਵੇਸ਼ ਕੀਤੇ ਫੰਡਾਂ ਤੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਦੀ ਅਦਾਇਗੀ ਕਰਨ ਦਾ ਨਿਰਦੇਸ਼ ਦਿੱਤਾ (ਜੁਲਾਈ 2011)।

31 ਮਾਰਚ 2023 ਤੱਕ, ਕੁੱਲ 24 ਐਸ ਪੀ ਐਸ ਈਜ਼ ਸਨ ਜਿਨ੍ਹਾਂ ਵਿੱਚ ਰਾਜ ਸਰਕਾਰ ਕੋਲ ₹ 23,316.35 ਕਰੋੜ ਦੀ ਇਕਵਟੀ ਸੀ। ਇਸ ਤੋਂ ਇਲਾਵਾ, ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਅਨੁਸਾਰ 11 ਐਸ ਪੀ ਐਸ ਈਜ਼ ਨੇ ਲਾਭ ਕਮਾਇਆ, ਪਰ ਇਨ੍ਹਾਂ ਵਿਚੋਂ ਸਿਰਫ ਤਿੰਨ ਨੇ

ਲਾਭ-ਅੰਸ਼ ਦਾ ਭੁਗਤਾਨ ਕੀਤਾ। ਲਾਭ ਕਮਾਉਣ ਵਾਲੇ 11 ਐਸ ਪੀ ਐਸ ਈਜ਼ ਵਿੱਚੋਂ, ਇੱਕ[29] ਐਸ ਪੀ ਐਸ ਈ ਕੋਲ ਰਾਜ ਸਰਕਾਰ ਦੀ ਕੋਈ ਇਕਵਟੀ ਨਹੀਂ ਸੀ।

2020-21 ਤੋਂ 2022-23 ਦੌਰਾਨ ਇਕਵਟੀ ਹੋਲਡਿੰਗ, ਲਾਭ ਕਮਾਉਣ ਅਤੇ ਲਾਭ-ਅੰਸ਼ ਭੁਗਤਾਨ ਦੇ ਵੇਰਵੇ **ਸਾਰਣੀ** 2.13 ਵਿੱਚ ਦਰਸਾਏ ਗਏ ਹਨ:

**ਸਾਰਣੀ 2.13: 2020-21 ਤੋਂ 2022-23 ਦੌਰਾਨ ਐਸ ਪੀ ਐਸ ਈਜ਼ ਦੁਆਰਾ ਲਾਭ-ਅੰਸ਼ ਦਾ ਭੁਗਤਾਨ**

*(₹ ਕਰੋੜ ਵਿੱਚ)*

| ਸਾਲ | ਰਾਜ ਸਰਕਾਰ ਵੱਲੋਂ ਲਗਾਈ ਗਈ ਇਕਵਟੀ | | ਸਾਲ ਦੌਰਾਨ ਕਮਾਇਆ ਲਾਭ | | ਸਾਲ ਦੌਰਾਨ ਲਾਭ-ਅੰਸ਼ ਘੋਸ਼ਿਤ/ਭੁਗਤਾਨ ਕੀਤਾ | |
|---|---|---|---|---|---|---|
| | ਐਸ ਪੀ ਐਸ ਈਜ਼ | ਇਕਵਟੀ | ਐਸ ਪੀ ਐਸ ਈਜ਼ | ਨਿਰੋਲ ਲਾਭ | ਐਸ ਪੀ ਐਸ ਈਜ਼ | ਐਸ ਪੀ ਐਸ ਈਜ਼ ਦੁਆਰਾ ਘੋਸ਼ਿਤ/ਭੁਗਤਾਨ ਕੀਤਾ ਲਾਭ-ਅੰਸ਼ |
| 2020-21 | 23 | 23,314.29 | 13 | 1,819.73 | 3 | 3.88 |
| 2021-22 | 23 | 23,314.29 | 12 | 1,710.77 | 4 | 5.71 |
| 2022-23 | 24 | 23,316.35 | 11 | 319.97 | 3 | 3.88 |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

2020-21 ਤੋਂ 2022-23 ਦੀ ਮਿਆਦ ਦੌਰਾਨ, ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ 11 ਤੋਂ 13 ਦੇ ਵਿਚਕਾਰ ਸੀ, ਜਿਨ੍ਹਾ ਵਿਚੋਂ ਰਾਜ ਸਰਕਾਰ ਨੂੰ ਲਾਭ-ਅੰਸ਼ ਘੋਸ਼ਿਤ/ਭੁਗਤਾਨ ਕਰਨ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ ਤਿੰਨ ਤੋਂ ਚਾਰ ਦੇ ਵਿਚਕਾਰ ਸੀ।

30 ਸਤੰਬਰ 2023 ਤੱਕ ਤਿੰਨ ਐਸ ਪੀ ਐਸ ਈਜ਼ ਨੇ, ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ ਲਾਭ-ਅੰਸ਼ ਘੋਸ਼ਿਤ ਕੀਤਾ, **ਸਾਰਣੀ** 2.14 ਵਿੱਚ ਦਰਸਾਏ ਗਏ ਹਨ:

**ਸਾਰਣੀ 2.14: ਲਾਭ ਕਮਾਇਆ ਅਤੇ ਲਾਭ-ਅੰਸ਼ ਘੋਸ਼ਿਤ ਕੀਤਾ**

*(₹ ਕਰੋੜ ਵਿੱਚ)*

| ਐਸ ਪੀ ਐਸ ਈ ਦਾ ਨਾਂ | ਅਦਾ ਕੀਤੀ ਪੂੰਜੀ | ਵਿਆਜ ਅਤੇ ਕਰਾਂ ਤੋਂ ਬਾਅਦ ਦਾ ਨਿਰੋਲ ਲਾਭ | ਲਾਭ-ਅੰਸ਼ ਘੋਸ਼ਿਤ ਕੀਤਾ |
|---|---|---|---|
| ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 0.25 | 0.78 | 0.13 |
| ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 25.00 | 12.12 | 1.25 |
| ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ | 50.01 | 29.09 | 2.50 |
| **ਜੋੜ** | **75.26** | **41.99** | **3.88** |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

2022-23 ਦੌਰਾਨ 11 ਐਸ ਪੀ ਐਸ ਈਜ਼ ਜਿਨ੍ਹਾਂ ਨੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ ਲਾਭ ਕਮਾਇਆ, ਉਨ੍ਹਾਂ ਵਿੱਚੋਂ ਚਾਰ[30] ਐਸ ਪੀ ਐਸ ਈਜ਼ ਨੇ ਲਾਭ-ਅੰਸ਼ ਘੋਸ਼ਿਤ ਕਰਨ

---

29 ਪੰਜਾਬ ਜੈਨਕੋ ਲਿਮਟਡ

30 ਪੰਜਾਬ ਜੇਨਕੋ ਲਿਮਟਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ ਅਤੇ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ।

ਲਈ ਲੋੜੀਂਦਾ ਲਾਭ ਨਹੀਂ ਕਮਾਇਆ। ਬਾਕੀ ਚਾਰ[31] ਐਸ ਪੀ ਐਸ ਈਜ਼ ਜਿਨ੍ਹਾਂ ਨੇ ਕੁੱਲ ₹ 275.82 ਕਰੋੜ ਦਾ ਲਾਭ ਕਮਾਇਆ ਸੀ ਅਤੇ ਜਿਨ੍ਹਾਂ ਵਿੱਚ ਦਿਸ਼ਾ-ਨਿਰਦੇਸ਼ ਅਨੁਸਾਰ ਭੁਗਤਾਨਯੋਗ ਘੱਟੋ-ਘੱਟ ਲਾਭ-ਅੰਸ਼ ₹ 34.46 ਕਰੋੜ ਹੋਇਆ ਸੀ, ਨੇ ਕੋਈ ਲਾਭ-ਅੰਸ਼ ਘੋਸ਼ਿਤ/ਭੁਗਤਾਨ ਨਹੀਂ ਕੀਤਾ ਸੀ।

### 2.3.3 ਐਸ ਪੀ ਐਸ ਈਜ਼ ਦੀ ਇਕਵਟੀ ਉੱਤੇ ਆਮਦਨ

ਇਕਵਟੀ ਤੇ ਆਮਦਨ[32] (ਆਰ ਓ ਈ) ਵਿੱਤੀ ਕਾਰਜਕੁਸ਼ਲਤਾ ਦਾ ਇੱਕ ਮਾਪ ਹੈ ਜੋ ਕਿ ਕੰਪਨੀਆਂ ਦੀ ਨਿਰੋਲ ਆਮਦਨ ਨੂੰ ਸ਼ੇਅਰਧਾਰਕਾਂ ਦੀ ਇਕਵਟੀ ਨਾਲ ਵੰਡ ਕੇ ਕੱਢਿਆ ਜਾਂਦਾ ਹੈ। ਇਹ *ਪ੍ਰਤੀਸ਼ਤ* ਦੇ ਰੂਪ ਵਿੱਚ ਦੱਸਿਆ ਜਾਂਦਾ ਹੈ ਅਤੇ ਕਿਸੇ ਵੀ ਉਸ ਕੰਪਨੀ ਲਈ ਗਿਣਿਆ ਜਾ ਸਕਦਾ ਹੈ ਜਿਸਦੀ ਨਿਰੋਲ ਆਮਦਨ ਅਤੇ ਸ਼ੇਅਰਧਾਰਕਾਂ ਦੀ ਇਕਵਟੀ ਦੋਵੇਂ ਸਕਾਰਾਤਮਕ ਸੰਖਿਆਵਾਂ ਹੋਣ।

29[33] ਕਾਰਜਸ਼ੀਲ ਐਸ ਪੀ ਐਸ ਈਜ਼ ਨਾਲ ਸਬੰਧਤ ਸ਼ੇਅਰਧਾਰਕਾਂ ਦੇ ਫੰਡ ਅਤੇ ਆਰ ਓ ਈ ਦੇ ਵੇਰਵੇ **ਸਾਰਣੀ** 2.15 ਵਿੱਚ ਦਰਸਾਏ ਗਏ ਹਨ।

**ਸਾਰਣੀ 2.15 ਕਾਰਜਸ਼ੀਲ ਐਸ ਪੀ ਐਸ ਈਜ਼ ਨਾਲ ਸਬੰਧਤ ਇਕਵਟੀ ਤੇ ਆਮਦਨ**

| ਸਾਲ | ਸਾਲ ਦੀ ਨਿਰੋਲ ਆਮਦਨ/ ਕੁਲ ਕਮਾਈ *(₹ ਕਰੋੜ ਵਿੱਚ)* | ਸ਼ੇਅਰਧਾਰਕਾਂ ਦੇ ਫੰਡ *(₹ ਕਰੋੜ ਵਿੱਚ)* | ਇਕਵਟੀ ਤੇ ਆਮਦਨ *(ਪ੍ਰਤੀਸ਼ਤ ਵਿਚ)* |
|---|---|---|---|
| 2020-21 | 1,373.38 | 8,809.80 | 15.59 |
| 2021-22 | 1,269.90 | 10,288.67 | 12.34 |
| 2022-23 | (-) 4,809.76 | 5,717.98 | - |

*ਸ੍ਰੋਤ: ਐਸ ਪੀ ਐਸ ਈਜ਼ ਨਵੀਨਤਮ ਵਿੱਤੀ ਵਿਵਰਣੀਆਂ*

ਪਾਵਰ ਖੇਤਰ ਦੇ ਐਸ ਪੀ ਐਸ ਈਜ਼ ਦੁਆਰਾ ਕਮਾਏ ਲਾਭ ਕਾਰਨ 2020-21 (15.59 *ਪ੍ਰਤੀਸ਼ਤ*) ਅਤੇ 2021-22 (12.34 *ਪ੍ਰਤੀਸ਼ਤ*) ਦੌਰਾਨ ਕੁੱਲ ਮਿਲਾ ਕੇ ਆਰ ਓ ਈ ਸਕਾਰਾਤਮਕ ਸੀ, ਹਾਲਾਂਕਿ, ਇੱਕ ਪ੍ਰਮੁੱਖ ਐਸ ਪੀ ਐਸ ਈ ਭਾਵ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਨੂੰ ਹੋਏ ਭਾਰੀ ਘਾਟੇ ਕਾਰਨ 2022-23 ਦੌਰਾਨ ਨਿਰੋਲ ਆਮਦਨ ਨਕਾਰਾਤਮਕ ਹੋ ਗਈ ਅਤੇ ਇਸ ਤਰ੍ਹਾਂ 29 ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਸੰਯੁਕਤ ਆਰ ਓ ਈ ਦੀ ਗਣਨਾ ਨਹੀਂ ਕੀਤੀ ਜਾ ਸਕੀ।

---

31 ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ: ₹ 30.29 ਕਰੋੜ (₹ 605.88 ਕਰੋੜ * ਪੰਜ *ਪ੍ਰਤੀਸ਼ਤ*), ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ₹ 0.40 ਕਰੋੜ (₹ 8.00 ਕਰੋੜ * ਪੰਜ *ਪ੍ਰਤੀਸ਼ਤ*), ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ₹ 2.81 ਕਰੋੜ (₹ 56.15 ਕਰੋੜ * ਪੰਜ *ਪ੍ਰਤੀਸ਼ਤ*) ਅਤੇ ਪੰਜਾਬ ਇਨਫਾਰਮੇਸ਼ਨ ਐਂਡ ਕੰਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ ₹ 0.96 ਕਰੋੜ (₹ 19.23 ਕਰੋੜ * ਪੰਜ *ਪ੍ਰਤੀਸ਼ਤ*)

32 ਇਕਵਟੀ ਉਤੇ ਆਮਦਨ = ((ਕਰਾਂ ਤੋਂ ਬਾਅਦ ਦਾ ਲਾਭ)/(ਸ਼ੇਅਰਧਾਰਕ ਦੀ ਇਕਵਟੀ)) * 100 ਜਿੱਥੇ ਸ਼ੇਅਰਧਾਰਕ ਦੀ ਇਕਵਟੀ = ਅਦਾ ਕੀਤੀ ਪੂੰਜੀ + ਮੁਫਤ ਰਿਜ਼ਰਵਜ਼- ਸੰਚਿਤ ਘਾਟੇ - ਮੁਲਤਵੀ ਰੈਵੀਨਿਊ ਖਰਚਾ

33 ਬਿਨਾਂ ਲਾਭ/ਬਿਨਾਂ ਨੁਕਸਾਨ ਦੇ ਅਧਾਰ ਤੇ ਕੰਮ ਕਰ ਰਹੇ ਚਾਰ ਐਸ ਪੀ ਐਸ ਈਜ਼ ਨੂੰ ਛੱਡ ਕੇ : ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ, ਪੰਜਾਬ ਮਿਊਂਸਿਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ, ਪੰਜਾਬ ਸਟੇਟ ਬਾਇਓਟੈਕ ਕਾਰਪੋਰੇਸ਼ਨ ਅਤੇ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ

## 2.4 ਐਸ ਪੀ ਐਸ ਈਜ਼ ਦੀ ਸੰਚਾਲਣ ਕੁਸ਼ਲਤਾ

### 2.4.1 ਟਰਨਓਵਰ

ਐਸ ਪੀ ਐਸ ਈਜ਼ ਨਾਲ ਸਬੰਧਤ ਤਿੰਨ ਸਾਲਾਂ ਦੀ ਮਿਆਦ ਦੌਰਾਨ ਦੀ ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼ ਨੂੰ **ਚਾਰਟ** 2.3 ਵਿੱਚ ਦਰਸਾਇਆ ਗਿਆ ਹੈ:

**ਚਾਰਟ 2.3: ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼**




2020-21 ਤੋਂ 2022-23 ਦੌਰਾਨ, ਐਸ ਪੀ ਐਸ ਈਜ਼ ਦੀ ਕਿਸਮ ਅਤੇ ਉਨ੍ਹਾਂ ਦੀ ਟਰਨਓਵਰ, ਸਾਰੀਆਂ ਐਸ ਪੀ ਐਸ ਈਜ਼ ਦੀ ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼ **ਸਾਰਣੀ** 2.16 ਵਿੱਚ ਦਰਸਾਈ ਗਈ ਹੈ:

**ਸਾਰਣੀ 2.16: ਸਾਰੀਆਂ ਐਸ ਪੀ ਐਸ ਈਜ਼ ਦਾ ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼**

*(₹ ਕਰੋੜ ਵਿੱਚ)*

| ਐਸ ਪੀ ਐਸ ਈ ਦੀ ਕਿਸਮ | ਟਰਨਓਵਰ | ਕੁੱਲ ਸੰਪਤੀ | ਪੂੰਜੀ ਨਿਵੇਸ਼ |
|---|---|---|---|
| **2020-21** | | | |
| ਪਾਵਰ ਖੇਤਰ | 33,113.25 | 65,767.85 | 33,799.47 |
| ਪਾਵਰ ਖੇਤਰ ਤੋਂ ਇਲਾਵਾ | 37,911.39 | 41,444.93 | 12,393.82 |
| **ਜੋੜ** | **71,024.64** | **107,212.78** | **46,193.29** |
| **2021-22** | | | |
| ਪਾਵਰ ਖੇਤਰ | 35,478.80 | 67,561.95 | 35,203.79 |
| ਪਾਵਰ ਖੇਤਰ ਤੋਂ ਇਲਾਵਾ | 36,477.34 | 42,559.19 | 13,338.07 |
| **ਜੋੜ** | **71,956.14** | **110,121.14** | **48,541.86** |
| **2022-23** | | | |
| ਪਾਵਰ ਖੇਤਰ | 39,092.14 | 66,808.39 | 29,385.42 |
| ਪਾਵਰ ਖੇਤਰ ਤੋਂ ਇਲਾਵਾ | 34,450.19 | 47,296.28 | 15,816.35 |
| **ਜੋੜ** | **73,542.33** | **114,104.67** | **45,201.77** |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

ਪਿਛਲੇ ਸਾਲ ਦੇ ਮੁਕਾਬਲੇ ਸਾਲ 2022-23 ਦੌਰਾਨ ਟਰਨਓਵਰ ਅਤੇ ਕੁੱਲ ਸੰਪਤੀਆਂ ਵਿੱਚ ਵਾਧਾ ਹੋਇਆ ਜਦੋਂ ਕਿ ਪੂੰਜੀ ਨਿਵੇਸ਼ ਵਿੱਚ ਕਮੀ ਆਈ ਸੀ।

### 2.4.2 ਪੂੰਜੀ ਨਿਵੇਸ਼ ਉੱਤੇ ਆਮਦਨ

ਪੂੰਜੀ ਨਿਵੇਸ਼ ਉੱਤੇ ਆਮਦਨ (ਆਰ ਓ ਸੀ ਈ) ਇੱਕ ਅਨੁਪਾਤ ਹੈ ਜੋ ਕੰਪਨੀ ਦੇ ਲਾਭ ਅਤੇ ਪੂੰਜੀ ਲਗਾਉਣ ਦੀ ਕਾਰਜਕੁਸ਼ਲਤਾ ਨੂੰ ਮਾਪਦਾ ਹੈ। ਆਰ ਓ ਸੀ ਈ ਦੀ ਗਣਨਾ ਕੰਪਨੀ ਦੀ ਈ ਬੀ ਆਈ ਟੀ ਨੂੰ ਪੂੰਜੀ ਨਿਵੇਸ਼[34] ਨਾਲ ਭਾਗ ਕਰ ਕੇ ਕੀਤੀ ਜਾਂਦੀ ਹੈ। 2020-21 ਤੋਂ 2022-23 ਦੇ ਸਮੇਂ ਦੌਰਾਨ ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਆਰ ਓ ਸੀ ਈ ਦੇ ਵੇਰਵੇ **ਸਾਰਣੀ 2.17** ਵਿੱਚ ਦਰਸਾਏ ਗਏ ਹਨ:

**ਸਾਰਣੀ 2.17: ਪੂੰਜੀ ਨਿਵੇਸ਼ ਉੱਤੇ ਆਮਦਨ**

| ਸਾਲ | ਈ ਬੀ ਆਈ ਟੀ *(₹ ਕਰੋੜ ਵਿੱਚ)* | ਪੂੰਜੀ ਨਿਵੇਸ਼ *(₹ ਕਰੋੜ ਵਿੱਚ)* | *ਆਰ ਓ ਸੀ ਈ (ਪ੍ਰਤੀਸ਼ਤ ਵਿੱਚ)* |
|---|---|---|---|
| 2020-21 | 3,814.82 | 46,193.29 | 8.26 |
| 2021-22 | 3,223.56 | 48,541.86 | 6.64 |
| 2022-23 | (-) 2,097.68 | 45,201.77 | - |

*ਸ੍ਰੋਤ: ਐਸ ਪੀ ਐਸ ਈਜ਼ ਦੀਆਂ ਨਵੀਨਤਮ ਵਿੱਤੀ ਵਿਵਰਣੀਆਂ*

ਐਸ ਪੀ ਐਸ ਈਜ਼ ਦਾ ਆਰ ਓ ਸੀ ਈ 2020-21 ਵਿੱਚ 8.26 *ਪ੍ਰਤੀਸ਼ਤ* ਤੋਂ ਘੱਟਕੇ ਸਾਲ 2021-22 ਵਿੱਚ 6.64 *ਪ੍ਰਤੀਸ਼ਤ* ਹੋ ਗਿਆ ਅਤੇ 2022-23 ਦੌਰਾਨ ਨਕਾਰਾਤਮਕ ਈ ਬੀ ਆਈ ਟੀ ਕਾਰਨ ਆਰ ਓ ਸੀ ਈ ਦੀ ਗਣਨਾ ਨਹੀਂ ਕੀਤੀ ਗਈ ਕਿਉਂਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਨੂੰ ਭਾਰੀ ਘਾਟੇ ਹੋਏ ਸਨ।

### 2.4.3 ਨਿਵੇਸ਼ ਦੀ ਮੌਜੂਦਾ ਕੀਮਤ ਦੇ ਅਧਾਰ ਤੇ ਆਮਦਨ ਦੀ ਦਰ

ਹਰੇਕ ਸਾਲ ਦੇ ਅੰਤ ਵਿੱਚ 31 ਮਾਰਚ 2023 ਤੱਕ ਨਿਵੇਸ਼ ਦੀ ਹਿਸਟੋਰੀਕਲ ਲਾਗਤ ਨੂੰ ਇਸਦੀ ਮੌਜੂਦਾ ਮੁੱਲ (ਪੀ ਵੀ) ਤੇ ਲਿਆਉਣ ਲਈ, ਪੁਰਾਣੇ ਨਿਵੇਸ਼/ਰਾਜ ਸਰਕਾਰ ਦੁਆਰਾ ਐਸ ਪੀ ਐਸ ਈਜ਼ ਵਿੱਚ ਹਰੇਕ ਸਾਲ ਦਿੱਤੇ ਫੰਡਾਂ ਨੂੰ ਰਾਜ ਸਰਕਾਰ ਦੇ ਉਧਾਰ ਤੇ ਵਿਆਜ ਦੀ ਵਰੇ-ਵਾਰ ਔਸਤਨ ਦਰ ਤੇ ਮਿਸ਼ਰਿਤ ਕੀਤਾ ਗਿਆ ਹੈ, ਜਿਸ ਨੂੰ ਸਬੰਧਤ ਸਾਲ ਲਈ ਰਾਜ ਸਰਕਾਰ ਦੇ ਫੰਡਾਂ ਦੀ ਘੱਟੋ-ਘੱਟ ਲਾਗਤ ਦੇ ਤੌਰ ਤੇ ਮੰਨਿਆ ਜਾਂਦਾ ਹੈ ।ਇਸ ਤਰ੍ਹਾਂ, ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਦੀ ਗਣਨਾ ਉਥੇ ਕੀਤੀ ਗਈ ਸੀ, ਜਿੱਥੇ ਇਨ੍ਹਾਂ ਕੰਪਨੀਆਂ ਦੀ ਸਥਾਪਨਾ ਤੋਂ ਬਾਅਦ 31 ਮਾਰਚ 2023 ਤੱਕ ਰਾਜ ਸਰਕਾਰ ਵੱਲੋਂ ਇਕਵਟੀ, ਵਿਆਜ ਰਹਿਤ ਕਰਜ਼ੇ ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਗ੍ਰਾਂਟਾਂ/ਸਬਸਿਡੀਆਂ ਘੱਟ ਵਿਨਿਵੇਸ਼ ਦੇ ਰੂਪ ਵਿੱਚ ਫੰਡ ਦਿੱਤੇ ਜਾ ਰਹੇ ਸਨ।

ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੇ ਨਿਵੇਸ਼ਾਂ ਦੀ ਪੀ ਵੀ ਦੀ ਗਣਨਾ ਹੇਠਾਂ ਦਿੱਤੀਆਂ ਧਾਰਣਾਵਾਂ ਦੇ ਅਧਾਰ ਤੇ ਕੀਤੀ ਗਈ ਸੀ:

---

[34] ਪੂੰਜੀ ਨਿਵੇਸ਼ = ਅਦਾ ਕੀਤੀ ਸ਼ੇਅਰ ਪੂੰਜੀ + ਮੁਫਤ ਰਿਜ਼ਰਵ ਅਤੇ ਸਰਪਲੱਸ + ਲੰਬੀ ਮਿਆਦ ਦੇ ਕਰਜ਼ੇ - ਸੰਚਿਤ ਘਾਟੇ - ਮੁਲਤਵੀ ਰੈਵੀਨਿਊ ਖਰਚਾ

- ਵਿਆਜ ਰਹਿਤ ਕਰਜ਼ਿਆਂ ਨੂੰ ਰਾਜ ਸਰਕਾਰ ਦੇ ਨਿਵੇਸ਼ ਦੇ ਤੌਰ ਤੇ ਮੰਨਿਆ ਗਿਆ ਹੈ ਕਿਉਂਕਿ ਐਸ ਪੀ ਐਸ ਈ (ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਿਟਡ) ਨੇ ਵਿਆਜ ਰਹਿਤ ਕਰਜ਼ਿਆਂ ਦੀ ਕੋਈ ਰਾਸ਼ੀ ਦੀ ਮੁੜ ਅਦਾਇਗੀ ਨਹੀਂ ਕੀਤੀ ਹੈ।

- ਪੀ ਵੀ ਦੀ ਗਣਨਾ ਲਈ, ਸੰਬੰਧਿਤ ਵਿੱਤੀ ਸਾਲ[35] ਲਈ ਰਾਜ ਸਰਕਾਰ ਦੇ ਉਧਾਰ ਉਤੇ ਔਸਤਨ ਵਿਆਜ ਦੀ ਦਰ ਨੂੰ ਮਿਸ਼ਰਤ ਦਰ ਦੇ ਤੌਰ ਤੇ ਅਪਣਾਇਆ ਗਿਆ ਸੀ ਕਿਉਂਕਿ ਇਹ ਰਾਜ ਸਰਕਾਰ ਦੁਆਰਾ ਸਾਲ ਵਿੱਚ ਫੰਡਾਂ ਦੇ ਨਿਵੇਸ਼ ਕਰਨ ਲਈ ਕੀਤੀ ਗਈ ਲਾਗਤ ਨੂੰ ਦਰਸਾਉਂਦੇ ਹਨ ਅਤੇ ਇਸ ਲਈ ਰਾਜ ਸਰਕਾਰ ਦੁਆਰਾ ਕੀਤੇ ਨਿਵੇਸ਼ ਤੇ ਸੰਭਾਵਿਤ ਘੱਟੋ-ਘੱਟ ਉਮੀਦ ਦੀ ਦਰ ਦੇ ਤੌਰ ਤੇ ਮੰਨਿਆ ਗਿਆ ਹੈ ।

ਐਸ ਪੀ ਐਸ ਈ ਵਾਰ ਰਾਜ ਸਰਕਾਰ ਦੀ 22 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਦੀ ਸਥਿਤੀ ਨੂੰ 2010-11 ਤੋਂ 2022-23 ਦੇ ਸਮੇਂ ਲਈ ਹਿਸਟੋਰੀਕਲ ਲਾਗਤ ਦੇ ਅਧਾਰ ਤੇ ਇਕਵਟੀ ਅਤੇ ਵਿਆਜ ਰਹਿਤ ਕਰਜ਼ਿਆਂ ਦੇ ਰੂਪ ਵਿੱਚ ***ਅੰਤਿਕਾ 2.4*** ਵਿੱਚ ਦਰਸਾਇਆ ਗਿਆ ਹੈ। ਉਸੇ ਸਮੇਂ ਲਈ 22 ਐਸ ਪੀ ਐਸ ਈਜ਼ ਨਾਲ ਸਬੰਧਤ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਅਤੇ ਕੁੱਲ ਆਮਦਨੀ ਦੀ ਏਕੀਕ੍ਰਿਤ ਸਥਿਤੀ ਨੂੰ **ਸਾਰਣੀ** 2.18 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.18: ਰਾਜ ਸਰਕਾਰ ਦੁਆਰਾ ਨਿਵੇਸ਼ ਦੇ ਵਰੇ ਵਾਰ ਵੇਰਵੇ ਅਤੇ 2010-11 ਤੋਂ 2022-23 ਦੀ ਮਿਆਦ ਲਈ ਇਸ ਦਾ ਮੌਜੂਦਾ ਮੁੱਲ**

*(₹ ਕਰੋੜ ਵਿੱਚ)*

| ਵਿੱਤੀ ਸਾਲ | ਸਾਲ ਦੇ ਸ਼ੁਰੂ ਵਿੱਚ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੀ ਗਈ ਇਕਵਟੀ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਵਿਆਜ ਰਹਿਤ ਕਰਜੇ | ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਰਾਜ ਸਰਕਾਰ ਵਲੋਂ ਦਿੱਤੇ ਗ੍ਰਾਂਟ/ਸਬਸਿਡੀਆਂ | ਸਾਲ ਦੌਰਾਨ ਕੁੱਲ ਨਿਵੇਸ਼ | ਸਾਲ ਦੇ ਅੰਤ ਤੇ ਕੁੱਲ ਨਿਵੇਸ਼ | ਸਰਕਾਰੀ ਉਧਾਰਾਂ ਤੇ ਵਿਆਜ ਦੀ ਔਸਤਨ ਦਰ (*ਪ੍ਰਤੀਸ਼ਤ ਵਿੱਚ*) | ਸਾਲ ਦੇ ਅੰਤ ਤੇ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਫੰਡਾਂ ਦੀ ਲਾਗਤ ਦੀ ਵਸੂਲੀ ਲਈ ਉਮੀਦ ਕੀਤੀ ਘੱਟੋ-ਘੱਟ ਆਮਦਨ | ਸਾਲ[36] ਦੀ ਕੁੱਲ ਕਮਾਈ |
|---|---|---|---|---|---|---|---|---|---|---|
| i | ii | iii | iv | v | vi= iii + iv + v | vii = ii + vi | viii | ix = {vii*(1 + viii/100)} | x= ix-vii | xi |
| 2010-11 ਤੱਕ | 789.79[37] | 6,687.35[38] | - | - | 6,687.35 | 7,477.14 | 7.73 | 8,055.12 | 577.98 | (-) 1,696.24 |
| 2011-12 | 8,055.12 | 196.93 | - | 108.48 | 305.41 | 8,360.53 | 7.96 | 9,026.03 | 665.50 | (-) 779.63 |
| 2012-13 | 9,026.03 | 15.91 | 30.00 | 190.29 | 236.20 | 9,262.23 | 7.79 | 9,983.76 | 721.53 | 43.23 |
| 2013-14 | 9,983.76 | 22.35 | - | 242.25 | 264.60 | 10,248.36 | 8.04 | 11,072.33 | 823.97 | (-) 55.02 |

---

35 ਸਰਕਾਰੀ ਉਧਾਰਾਂ ਉੱਤੇ ਵਿਆਜ ਦੀ ਔਸਤਨ ਦਰ ਸੀ ਏ ਜੀ ਦੀਆਂ ਰਾਜ ਦੇ ਵਿੱਤਾਂ (ਪੰਜਾਬ ਸਰਕਾਰ) ਸੰਬੰਧਿਤ ਸਾਲ ਦੀਆਂ ਰਿਪੋਰਟਾਂ ਤੋਂ ਅਪਣਾਈ ਗਈ ਸੀ ਜਿਸ ਵਿੱਚ ਵਿਆਜ ਭੁਗਤਾਨ ਦੀ ਔਸਤਨ ਦਰ=ਵਿਆਜ ਅਦਾਇਗੀ/[(ਪਿਛਲੇ ਸਾਲਾਂ ਦੀਆਂ ਫਿਸਕਲ ਦੇਣਦਾਰੀਆਂ + ਚਾਲੂ ਸਾਲ ਦੀਆਂ ਫਿਸਕਲ ਦੇਣਦਾਰੀਆਂ)/2]*100

36 ਸਾਲ ਦੀ ਕੁੱਲ ਕਮਾਈ ਉਨ੍ਹਾਂ 22 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਨੂੰ ਛੱਡ ਕੇ) ਨਾਲ ਸਬੰਧਤ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ ਨਿਰੋਲ ਕਮਾਈ (ਲਾਭ/ਹਾਨੀ) ਨੂੰ ਦਰਸਾਉਂਦੀ ਹੈ ਜਿੱਥੇ ਰਾਜ ਸਰਕਾਰ ਦੁਆਰਾ ਫੰਡ ਲਗਾਏ ਗਏ ਸਨ।

37 ਵਿੱਤੀ ਸਾਲ 2010-11 ਤੱਕ ਰਾਜ ਸਰਕਾਰ ਵੱਲੋਂ ਇਤਿਹਾਸਕ ਲਾਗਤ ਦੇ ਆਧਾਰ 'ਤੇ ₹ 789.79 ਕਰੋੜ ਦਾ ਨਿਵੇਸ਼ ਕੀਤਾ ਗਿਆ ਹੈ।

38 ਇਹ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਲਿਮਟਡ ਦੀ ਇਕਵਟੀ ਨੂੰ ਦਰਸਾਉਂਦਾ ਹੈ, ਜੋ ਸਾਬਕਾ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਨੂੰ ਅਨਬੰਡਲਿੰਗ ਕਰਨ ਤੇ ਸੰਪਤਿਆਂ ਅਤੇ ਦੇਣਦਾਰੀਆਂ ਦੇ ਤਬਾਦਲੇ ਤੋਂ ਬਣਾਇਆ ਗਿਆ ਸੀ। ਬਿਜਲੀ ਖੇਤਰ ਦੇ ਐਸ ਪੀ ਐਸ ਈਜ਼ ਨੂੰ ਕੋਈ ਸੰਚਿਤ ਘਾਟਾ ਟਰਾਂਸਫਰ ਨਹੀਂ ਕੀਤਾ ਗਿਆ ਕਿਉਂਕਿ ਜ਼ਮੀਨ ਦੇ ਪੁਨਰ-ਮੁਲਾਂਕਣ ਤੇ ਬਣਾਏ ਗਏ ਪੂੰਜੀ ਰਿਜ਼ਰਵ ਦੇ ਮੁਕਾਬਲੇ ₹ 10,180.35 ਕਰੋੜ ਦਾ ਸੰਚਿਤ ਘਾਟਾ ਸੈੱਟ ਆੱਫ਼ ਕੀਤਾ ਗਿਆ ਸੀ।

| ਵਿੱਤੀ ਸਾਲ | ਸਾਲ ਦੇ ਸ਼ੁਰੂ ਵਿੱਚ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੀ ਗਈ ਇਕਵਟੀ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਵਿਆਜ ਰਹਿਤ ਕਰਜੇ | ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਰਾਜ ਸਰਕਾਰ ਵਲੋਂ ਦਿੱਤੇ ਗ੍ਰਾਂਟ/ਸਬਸਿਡੀਆਂ | ਸਾਲ ਦੌਰਾਨ ਕੁੱਲ ਨਿਵੇਸ਼ | ਸਾਲ ਦੇ ਅੰਤ ਤੇ ਕੁੱਲ ਨਿਵੇਸ਼ | ਸਰਕਾਰੀ ਉਧਾਰਾਂ ਤੇ ਵਿਆਜ ਦੀ ਔਸਤਨ ਦਰ (*ਪ੍ਰਤੀਸ਼ਤ* ਵਿੱਚ) | ਸਾਲ ਦੇ ਅੰਤ ਤੇ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਫੰਡਾਂ ਦੀ ਲਾਗਤ ਦੀ ਵਸੂਲੀ ਲਈ ਉਮੀਦ ਕੀਤੀ ਘੱਟੋ-ਘੱਟ ਆਮਦਨ | ਸਾਲ[36] ਦੀ ਕੁੱਲ ਕਮਾਈ |
|---|---|---|---|---|---|---|---|---|---|---|
| 2014-15 | 11,072.33 | 72.07 | - | 337.75 | 409.82 | 11,482.15 | 8.35 | 12,440.91 | 958.76 | (-) 673.78 |
| 2015-16 | 12,440.91 | 32.24 | - | 324.21 | 356.45 | 12,797.36 | 8.09 | 13,832.67 | 1,035.31 | (-) 2,315.70 |
| 2016-17 | 13,832.67 | 10.83 | - | 504.28 | 515.11 | 14,347.78 | 7.48 | 15,420.99 | 1,073.21 | (-) 4,327.30 |
| 2017-18 | 15,420.99 | - | - | 168.62 | 168.62 | 15,589.61 | 8.12 | 16,855.49 | 1,265.88 | (-) 2,799.39 |
| 2018-19 | 16,855.49 | (-) 97.97[39] | - | 205.76 | 107.79 | 16,963.28 | 8.00 | 18,320.34 | 1,357.06 | (-) 604.73 |
| 2019-20 | 18,320.34 | 15,629.35 | - | 160.28 | 15,789.63 | 34,109.97 | 7.93 | 36,814.89 | 2,704.92 | (-) 1,228.59 |
| 2020-21 | 36,814.89 | (-) 44.58 | - | 145.59 | 101.01 | 36,915.90 | 7.44 | 39,662.44 | 2,746.54 | 1,503.72 |
| 2021-22 | 39,662.44 | - | - | 439.14 | 439.14 | 40,101.58 | 7.05 | 42,928.74 | 2,827.16 | 1,421.97 |
| 2022-23 | 42,928.74 | 2.06 | | 165.19 | 167.25 | 43,095.99 | 6.66 | 45,966.18 | 2,870.19 | (-) 4,732.54 |
| **ਜੋੜ** | | | **30.00** | **29,91.84** | **25,548.38** | | | | | |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ*

ਸਾਲ 2022-23 ਦੇ ਅਖੀਰ ਵਿੱਚ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੁਆਰਾ ਨਿਵੇਸ਼ਾਂ ਦਾ ਬਕਾਇਆ ਸਾਲ 2010-11 ਦੇ ਅੰਤ ਵਿੱਚ ₹ 7,477.14 ਕਰੋੜ ਤੋਂ ਵੱਧ ਕੇ ₹ 43,095.99 ਕਰੋੜ ਹੋ ਗਿਆ। ਰਾਜ ਸਰਕਾਰ ਨੇ 2011-12 ਤੋਂ 2022-23 ਦੇ ਸਮੇਂ ਦੌਰਾਨ ਇਹਨਾਂ ਐਸ ਪੀ ਐਸ ਈਜ਼ ਵਿੱਚ ਇਕਵਟੀ (₹ 15,839.19 ਕਰੋੜ) ਅਤੇ ਵਿਆਜ ਰਹਿਤ ਕਰਜ਼ੇ (₹ 30 ਕਰੋੜ) ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਗ੍ਰਾਂਟਾਂ/ਸਬਸਿਡੀਆਂ (₹ 2,991.84 ਕਰੋੜ) ਦੇ ਰੂਪ ਵਿੱਚ ਹੋਰ ਨਿਵੇਸ਼ ਕੀਤਾ। ਰਾਜ ਸਰਕਾਰ ਦੁਆਰਾ 31 ਮਾਰਚ 2023 ਤੱਕ ਨਿਵੇਸ਼ ਕੀਤੇ ਗਏ ਫੰਡਾਂ ਦਾ ਪੀ ਵੀ ₹ 45,966.18 ਕਰੋੜ ਬਣਦਾ ਸੀ। 2011-12 ਤੋਂ 2022-23 ਦੇ ਸਾਰੇ ਸਾਲਾਂ ਦੌਰਾਨ, ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਲਗਾਏ ਫੰਡਾਂ ਦੀ ਲਾਗਤ ਨੂੰ ਵਸੂਲਣ ਦੀ ਕੁੱਲ ਕਮਾਈ ਘੱਟੋ-ਘੱਟ ਉਮੀਦ ਕੀਤੇ ਆਮਦਨ ਤੋਂ ਘੱਟ ਰਹੀ।

## 2.5 ਨੁਕਸਾਨ ਉਠਾਉਣ ਵਾਲੇ ਐਸ ਪੀ ਐਸ ਈਜ਼

ਸਾਲ 2022-23 ਦੌਰਾਨ 18 ਕਾਰਜਸ਼ੀਲ ਐਸ ਪੀ ਐਸ ਈਜ਼ ਘਾਟੇ ਵਿੱਚ ਸਨ। ਘਾਟੇ ਸਾਲ 2020-21 ਦੌਰਾਨ ₹ 446.35 ਕਰੋੜ ਤੋਂ ਵੱਧ ਕੇ ਸਾਲ 2022-23 ਦੌਰਾਨ ₹ 5,129.73 ਕਰੋੜ ਹੋ ਗਏ ਜੋ **ਸਾਰਣੀ** 2.19 ਅਨੁਸਾਰ ਹੈ:

[39] ਸਾਲ 2017-18 ਦੇ ਲੇਖਿਆਂ ਨੂੰ ਅੰਤਿਮ ਰੂਪ ਦਿੰਦੇ ਸਮੇਂ ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ ਨੇ ਟਿਊਬਵੈੱਲਾਂ ਨੂੰ ਸਿੰਕਿੰਗ ਅਤੇ ਲਗਾਉਣ ਲਈ ਰਾਜ ਸਰਕਾਰ ਤੋਂ ਪ੍ਰਾਪਤ ਹੋਈ ₹ 97.97 ਕਰੋੜ ਦੀ ਪੂੰਜੀ ਗ੍ਰਾਂਟ ਨੂੰ ਮੁਲਤਵੀ ਮਾਲੀਆਂ ਮੰਨਿਆ ਜਿਸ ਨੂੰ ਪਹਿਲਾ 'ਸ਼ੇਅਰ ਐਪਲੀਕੇਸ਼ਨ ਮਨੀ ਬਕਾਇਆ ਅਲਾਟਮੈਂਟ' ਮੰਨਿਆ ਜਾਂਦਾ ਹੈ।

**ਸਾਰਣੀ 2.19: 2020-21 ਤੋਂ 2022-23 ਦੌਰਾਨ ਨੁਕਸਾਨ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ**

| ਸਾਲ | ਖੇਤਰ | ਨੁਕਸਾਨ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ | ਸਾਲ ਦਾ ਨਿਰੋਲ ਘਾਟਾ *(₹ ਕਰੋੜਾਂ ਵਿੱਚ)* | ਸੰਚਿਤ ਘਾਟੇ *(₹ ਕਰੋੜਾਂ ਵਿੱਚ)* | ਨਿਰੋਲ ਮੁੱਲ[40] *(₹ ਕਰੋੜਾਂ ਵਿੱਚ)* |
|---|---|---|---|---|---|
| 2020-21 | ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 2 | - | (-) 0.10 | - |
| | **ਪਾਵਰ ਖੇਤਰ ਤੋਂ ਇਲਾਵਾ:** | | | | |
| | ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼ | 6 | (-) 423.56 | (-) 6,907.27 | (-) 6,541.87 |
| | ਹੋਰ ਐਸ ਪੀ ਐਸ ਈਜ਼ | 8 | (-)22.79 | (-) 714.65 | (-) 194.39 |
| | **ਜੋੜ** | **16** | **(-) 446.35** | **(-) 7,622.02** | **(-) 6,736.26** |
| 2021-22 | ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 2 | - | (-) 0.11 | (-) 0.01 |
| | **ਪਾਵਰ ਖੇਤਰ ਤੋਂ ਇਲਾਵਾ:** | | | | |
| | ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼ | 7 | (-) 420.71 | (-) 7,060.18 | (-) 6,689.78 |
| | ਹੋਰ ਐਸ ਪੀ ਐਸ ਈਜ਼ | 8 | (-) 20.16 | (-) 731.80 | (-) 199.76 |
| | **ਜੋੜ** | **17** | **(-) 440.87** | **(-) 7,792.09** | **(-) 6,889.55** |
| 2022-23 | ਪਾਵਰ ਖੇਤਰ ਦੇ ਐਸ ਪੀ ਐਸ ਈਜ਼ | 3 | (-) 4,775.95 | (-) 10,420.10 | 11,309.81 |
| | **ਪਾਵਰ ਖੇਤਰ ਤੋਂ ਇਲਾਵਾ:** | | | | |
| | ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼ | 7 | (-) 322.88 | (-) 7,157.62 | (-) 6,787.22 |
| | ਹੋਰ ਐਸ ਪੀ ਐਸ ਈਜ਼ | 8 | (-) 30.90 | (-) 759.45 | (-) 227.38 |
| | **ਜੋੜ** | **18** | **(-) 5,129.73** | **(-) 18,337.17** | **4,295.21** |

*ਸ੍ਰੋਤ: ਐਸ ਪੀ ਐਸ ਈਜ਼ ਦੀ ਨਵੀਨਤਮ ਵਿੱਤੀ ਵਿਵਰਣੀਆਂ*

2022-23 ਵਿੱਚ, 18 ਐਸ ਪੀ ਐਸ ਈਜ਼ ਨੂੰ ਹੋਏ ₹ 5,129.73 ਕਰੋੜ ਦੇ ਕੁੱਲ ਘਾਟੇ ਵਿੱਚੋਂ ₹ 4,775.93 ਕਰੋੜ (ਕੁੱਲ ਘਾਟੇ ਦਾ 93.10 *ਪ੍ਰਤੀਸ਼ਤ*) ਦਾ ਘਾਟਾ ਸਿਰਫ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਨੂੰ ਹੋਇਆ ਸੀ।

31 ਮਾਰਚ 2023 ਤੱਕ ਘਾਟੇ ਵਿੱਚ ਚੱਲ ਰਹੇ ਐਸ ਪੀ ਐਸ ਈਜ਼ ਵਿੱਚ ₹ 22,554.01 ਕਰੋੜ ਦੇ ਕੁੱਲ ਇਕਵਟੀ ਨਿਵੇਸ਼ ਵਿੱਚੋਂ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦਾ ਹਿੱਸਾ ਕ੍ਰਮਵਾਰ ₹ 22,432.24 ਕਰੋੜ ਅਤੇ ₹ 97.90 ਕਰੋੜ ਸੀ।

## 2.6 ਐਸ ਪੀ ਐਸ ਈਜ਼ ਵਿੱਚ ਪੂੰਜੀ ਦਾ ਖੁਰਨਾ

17 ਕਾਰਜਸ਼ੀਲ ਐਸ ਪੀ ਐਸ ਈਜ਼ ਜਿਨ੍ਹਾਂ ਨੂੰ ₹ 19,425.68 ਕਰੋੜ ਦਾ ਸੰਚਿਤ ਘਾਟਾ ਹੋਇਆ ਸੀ ਜਿਵੇਂ ਕਿ ***ਅੰਤਿਕਾ 2.5*** ਵਿੱਚ ਦਰਸਾਇਆ ਗਿਆ ਹੈ। ਇਨ੍ਹਾਂ ਵਿੱਚੋਂ 15 ਐਸ ਪੀ ਐਸ ਈਜ਼ ਨੂੰ 30 ਸਤੰਬਰ 2023 ਤੱਕ ਦੇ ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਅਨੁਸਾਰ ₹ 5,120.67 ਕਰੋੜ ਦਾ ਘਾਟਾ ਹੋਇਆ।

---

40 ਨਿਰੋਲ ਮੁੱਲ ਦਾ ਮਤਲਬ ਹੈ ਭੁਗਤਾਨ ਕੀਤੀ ਸ਼ੇਅਰ ਪੂੰਜੀ ਅਤੇ ਮੁਫਤ ਰਿਜ਼ਰਵ ਅਤੇ ਸਰਪਲੱਸ ਦਾ ਕੁੱਲ ਜੋੜ, ਘਟਾਓ ਸੰਚਿਤ ਘਾਟਾ ਅਤੇ ਮੁਲਤਵੀ ਰੈਵੀਨਿਊ ਖਰਚਾ। ਮੁਫਤ ਰਿਜ਼ਰਵ ਦਾ ਮਤਲਬ ਹੈ ਸਾਰੇ ਰਿਜ਼ਰਵ ਲਾਭ ਤੋਂ ਬਣਾਏ ਗਏ ਹਨ ਪ੍ਰੰਤੂ ਸੰਪਤੀ ਦੇ ਪੁਨਰ-ਮੁਲਾਂਕਣ ਤੋਂ ਬਣਾਏ ਗਏ ਰਿਜ਼ਰਵ ਅਤੇ ਡੈਪਰੀਸੀਏਸ਼ਨ ਪ੍ਰੋਵੀਜ਼ਨ ਦੀ ਵਾਪਸੀ ਨੂੰ ਸ਼ਾਮਲ ਨਹੀਂ ਕਰਦੇ ਹਨ।

ਇਨ੍ਹਾਂ 17 ਐਸ ਪੀ ਐਸ ਈਜ਼ ਵਿੱਚੋਂ 14 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ਸੰਚਿਤ ਘਾਟਿਆਂ ਕਾਰਨ ਪੂਰੀ ਤਰ੍ਹਾਂ ਖੁਰ ਗਿਆ ਸੀ ਅਤੇ ਉਨ੍ਹਾਂ ਦਾ ਨਿਰੋਲ ਮੁੱਲ ਜਾਂ ਤਾਂ ਜ਼ੀਰੋ ਸੀ ਜਾਂ ਨਕਾਰਾਤਮਕ ਹੋ ਗਿਆ ਸੀ। ਇਨ੍ਹਾਂ 14 ਐਸ ਪੀ ਐਸ ਈਜ਼ ਵਿੱਚੋਂ, 11 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ 22 ਸਾਲਾਂ ਤੱਕ ਦੇ ਸਮੇਂ ਲਈ ਨਾਕਾਰਾਤਮਕ ਹੋ ਗਿਆ ਸੀ ਅਤੇ ਤਿੰਨ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ ਇਸ ਦਾ ਖੁਰਨਾ 1999-2000 ਤੋਂ ਪਹਿਲਾਂ ਦਾ ਹੈ ਜਿਵੇਂ ਕਿ ***ਅੰਤਿਕਾ 2.5*** ਵਿੱਚ ਦਰਸਾਇਆ ਗਿਆ ਹੈ। ਇਨ੍ਹਾਂ 14 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ₹ 530.01 ਕਰੋੜ ਦੇ ਇਕਵਟੀ ਨਿਵੇਸ਼ ਦੇ ਵਿਰੁੱਧ (-) ₹ 8,179.54 ਕਰੋੜ ਸੀ। ਇਨ੍ਹਾਂ 14 ਐਸ ਪੀ ਐਸ ਈਜ਼ ਵਿੱਚੋਂ, ਜਿਨ੍ਹਾਂ ਦੀ ਪੂੰਜੀ ਖੁਰ ਗਈ ਸੀ, ਦੋ[41] ਨੇ ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਅਨੁਸਾਰ ₹ 163.04 ਕਰੋੜ ਦਾ ਲਾਭ ਦੀ ਕਮਾਇਆ ਸੀ। 14 ਐਸ ਪੀ ਐਸ ਈਜ਼ ਵਿੱਚੋਂ, ਇਹੋ ਜੇ ਸੱਤ ਐਸ ਪੀ ਐਸ ਈਜ਼ ਸਨ ਜਿਨ੍ਹਾਂ 'ਤੇ 31 ਮਾਰਚ 2023 ਤੱਕ ਸਰਕਾਰੀ ਕਰਜ਼ਿਆਂ ਦੇ ₹ 26,378.00 ਕਰੋੜ ਬਕਾਇਆ ਸਨ।

14 ਐਸ ਪੀ ਐਸ ਈਜ਼ ਵਿੱਚੋਂ ਜਿਨ੍ਹਾਂ ਦਾ ਕੁੱਲ ਮੁੱਲ ਖੁਰ ਗਿਆ ਸੀ, ਸਾਲ 2022-23 ਦੌਰਾਨ ₹ 420.62 ਕਰੋੜ ਦੀ ਰਾਸ਼ੀ ਤਿੰਨ[42] ਐਸ ਪੀ ਐਸ ਈਜ਼ ਨੂੰ ਗ੍ਰਾਂਟਾਂ/ਸਬਸਿਡੀ ਵਜੋਂ ਕਾਰਜਕਾਰੀ ਖਰਚਿਆਂ/ਦੇਣਦਾਰੀਆਂ ਦੇ ਭੁਗਤਾਨ ਲਈ ਦਿੱਤੀ ਗਈ ਸੀ।

## 2.7 ਸਿੱਟਾ

**31 ਮਾਰਚ 2023 ਤੱਕ 33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ-ਮਿਆਦ ਦੇ ਕਰਜ਼ੇ) ₹ 68,938.97 ਕਰੋੜ ਸਨ। ਐਸ ਪੀ ਐਸ ਈਜ਼ ਦੇ ਨਿਵੇਸ਼ ਦਾ ਜ਼ੋਰ ਪਾਵਰ ਖੇਤਰ ਦੇ ਐਸ ਪੀ ਐਸ ਈਜ਼ ਤੇ ਸੀ ਜਿਨ੍ਹਾ ਨੇ ਕੁੱਲ ਨਿਵੇਸ਼ ਦਾ 56.53 *ਪ੍ਰਤੀਸ਼ਤ* (₹ 38,973.43 ਕਰੋੜ) ਪ੍ਰਾਪਤ ਕੀਤਾ ਸੀ। ਇਨ੍ਹਾਂ ਐਸ ਪੀ ਐਸ ਈਜ਼ ਨੇ ਆਪਣੇ ਨਵੀਨਤਮ ਅੰਤਿਮ ਰੂਪ ਦਿੱਤੇ ਲੇਖਿਆਂ ਅਨੁਸਾਰ 2022-23 ਦੌਰਾਨ ₹ 73,542.33 ਕਰੋੜ ਦਾ ਸਾਲਾਨਾ ਟਰਨਓਵਰ ਦਰਜ਼ ਕੀਤਾ। ਇਹ ਟਰਨਓਵਰ ਸਾਲ 2022-23 ਲਈ ਰਾਜ ਦੀ ਜੀ ਐਸ ਡੀ ਪੀ ਦਾ 10.92 *ਪ੍ਰਤੀਸ਼ਤ* ਸੀ। ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਅਨੁਸਾਰ, 11 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਸਮੇਤ) ਨੇ 2021-22 ਵਿੱਚ ₹ 1,710.77 ਕਰੋੜ ਦੇ ਲਾਭ ਵਿਰੁੱਧ 2022-23 ਵਿੱਚ ₹ 319.97 ਕਰੋੜ ਦਾ ਲਾਭ ਕਮਾਇਆ ਅਤੇ 18 ਕਾਰਜਸ਼ੀਲ ਐਸ ਪੀ ਐਸ ਈਜ਼ ਨੂੰ ਘਾਟਾ ਹੋਇਆ ਜੋ 2020-21 ਦੌਰਾਨ ₹ 446.35 ਕਰੋੜ ਤੋਂ ਵੱਧ ਕੇ 2022-23 ਵਿੱਚ ₹ 5,129.73 ਕਰੋੜ ਹੋ ਗਿਆ। 14 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ਸੰਚਿਤ ਘਾਟੇ ਕਾਰਨ ਪੂਰੀ ਤਰ੍ਹਾਂ ਖੁਰ ਗਿਆ ਅਤੇ ਉਨ੍ਹਾਂ ਦਾ ਨਿਰੋਲ ਮੁੱਲ ਜਾਂ ਤਾਂ ਜ਼ੀਰੋਂ ਜਾਂ ਨਕਾਰਾਤਮਕ ਸੀ। ਇੱਥੇ 11 ਐਸ ਪੀ ਐਸ ਈਜ਼ ਸਨ ਜਿਨ੍ਹਾਂ ਨੇ ਲਾਭ ਕਮਾਇਆ ਪਰ ਇਨ੍ਹਾਂ ਵਿੱਚੋਂ ਸਿਰਫ ਤਿੰਨ ਨੇ ਲਾਭ-ਅੰਸ਼ ਦਾ ਭੁਗਤਾਨ ਕੀਤਾ।**

## 2.8 ਸਿਫਾਰਸ਼ਾਂ

- **ਪਿਛਲੇ ਪੰਜ ਸਾਲਾਂ ਦੌਰਾਨ ਰਾਜ ਦੇ ਜੀ ਐਸ ਡੀ ਪੀ ਵਿੱਚ ਟਰਨਓਵਰ ਦੇ ਘਟਦੇ ਅਨੁਪਾਤ ਦੇ ਮੱਦੇਨਜ਼ਰ, ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੂੰ ਆਪਣੇ ਟਰਨਓਵਰ ਨੂੰ ਵਧਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।**

41 ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ

42 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ: ₹ 74.12 ਕਰੋੜ, ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ: ₹ 92.41 ਕਰੋੜ ਅਤੇ ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ: ₹ 254.09 ਕਰੋੜ

- ਪੰਜਾਬ ਸਰਕਾਰ ਵੱਲੋਂ ਅਪਣਾਏ ਗਏ ਤੇਰ੍ਹਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੱਦੇਨਜ਼ਰ, ਮੁਨਾਫ਼ਾ ਕਮਾਉਣ ਵਾਲੇ ਐਸ ਪੀ ਐਸ ਈਜ਼ ਲਾਭ-ਅੰਸ਼ ਨੂੰ ਘੋਸ਼ਿਤ ਅਤੇ ਉਸਦਾ ਭੁਗਤਾਨ ਕਰ ਸਕਦੇ ਹਨ।

- ਰਾਜ ਸਰਕਾਰ ਘਾਟੇ ਵਿੱਚ ਚੱਲ ਰਹੇ ਐਸ ਪੀ ਐਸ ਈਜ਼ ਦੇ ਨਾਲ-ਨਾਲ ਉਨ੍ਹਾਂ ਐਸ ਪੀ ਐਸ ਈਜ਼ ਦੇ ਕੰਮਕਾਜ ਦੀ ਸਮੀਖਿਆ ਕਰ ਸਕਦੀ ਹੈ ਜਿਨ੍ਹਾਂ ਦਾ ਕੁੱਲ ਮੁੱਲ ਪੂਰੀ ਤਰ੍ਹਾਂ ਖੁਰ ਗਿਆ ਸੀ।

# ਅਧਿਆਇ-III

# ਸੀ ਏ ਜੀ ਦੀ ਨਿਗਰਾਨੀ ਭੂਮਿਕਾ

# ਅਧਿਆਇ –III

# ਸੀ ਏ ਜੀ ਦੀ ਨਿਗਰਾਨੀ ਭੂਮਿਕਾ

## 3.1 ਰਾਜ ਦੇ ਸਰਵਜਨਿਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਕੰਪਨੀਜ਼ ਐਕਟ, 2013 (ਐਕਟ, 2013) ਦੀ ਧਾਰਾ 139(5) ਅਤੇ 139(7) ਦੇ ਅਧੀਨ ਰਾਜ ਸਰਕਾਰ ਦੀ ਕੰਪਨੀ[43] ਅਤੇ ਰਾਜ ਸਰਕਾਰ ਦੁਆਰਾ, ਨਿਯੰਤਰਿਤ ਹੋਰ ਕੰਪਨੀ, ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਕਰਦਾ ਹੈ। ਸੀ ਏ ਜੀ ਨੂੰ ਪੂਰਕ ਲੇਖਾ ਪ੍ਰੀਖਿਆ ਕਰਨ ਅਤੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਲੇਖਾ ਪ੍ਰੀਖਿਆ ਰਿਪੋਰਟ 'ਤੇ ਟਿੱਪਣੀ ਕਰਨ ਜਾਂ ਪੂਰਕ ਕਰਨ ਦਾ ਅਧਿਕਾਰ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਲੇਖਿਆਂ ਦੀ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ, ਜਿਵੇਂ ਕਿ ਉਨ੍ਹਾਂ ਨੂੰ ਨਿਯੰਤਰਿਤ ਕਰਨ ਵਾਲੇ ਉਨ੍ਹਾਂ ਦੇ ਸੰਵਿਧਾਨਾਂ ਦੁਆਰਾ ਲੋੜੀਂਦਾ ਹੋਏ ਅਤੇ ਇੱਕ ਰਿਪੋਰਟ ਰਾਜ ਵਿਧਾਨ ਸਭਾ ਨੂੰ ਸੌਂਪੀ ਜਾਂਦੀ ਹੈ।

## 3.2 ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ

ਐਕਟ, 2013 ਦੀ ਧਾਰਾ 139(5) ਵਿੱਚ ਇਹ ਵਿਵਸਥਾ ਹੈ ਕਿ ਰਾਜ ਸਰਕਾਰ ਦੀ ਕੰਪਨੀ ਜਾਂ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਮਾਮਲੇ ਵਿੱਚ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਵਿੱਤੀ ਸਾਲ ਦੀ ਸ਼ੁਰੂਆਤ ਤੋਂ 180 ਦਿਨਾਂ ਦੀ ਮਿਆਦ ਦੇ ਅੰਦਰ ਸੀ ਏ ਜੀ ਦੁਆਰਾ ਕੀਤੀ ਜਾਂਦੀ ਹੈ।

ਸੀ ਏ ਜੀ ਨੇ ਅਕਤੂਬਰ ਤੋਂ ਦਸੰਬਰ 2022 ਦੌਰਾਨ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਐਕਟ, 2013 ਅਧੀਨ ਰਜਿਸਟਰਡ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਕੀਤੀ ਸੀ। ਇਸ ਤੋਂ ਇਲਾਵਾ, ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਸਾਲਾਨਾ ਜਨਰਲ ਮੀਟਿੰਗ ਵਿੱਚ ਸ਼ੇਅਰਧਾਰਕਾਂ ਦੁਆਰਾ ਭਾਰਤੀ ਰਿਜ਼ਰਵ ਬੈਂਕ ਦੁਆਰਾ ਪ੍ਰਵਾਨਿਤ ਲੇਖਾ ਪਰੀਖਕਾਂ ਦੇ ਪੈਨਲ ਵਿੱਚੋਂ ਕੀਤੀ ਜਾਂਦੀ ਹੈ ਅਤੇ ਸੀ ਏ ਜੀ ਬਾਕੀ ਦੋ ਅਧਿਨਿਯਮਿਕ ਕਾਰਪੋਰੇਸ਼ਨਾਂ ਲਈ ਇਕਲੌਤਾ ਲੇਖਾ ਪਰੀਖਕ ਹੁੰਦਾ ਹੈ।

## 3.3 ਐਸ ਪੀ ਐਸ ਈਜ਼ ਦੁਆਰਾ ਲੇਖਿਆਂ ਨੂੰ ਪੇਸ਼ ਕਰਵਾਉਣਾ

### 3.3.1 ਸਮੇਂ ਸਿਰ ਪੇਸ਼ ਕਰਨ ਦੀ ਲੋੜ

ਐਕਟ, 2013 ਦੀ ਧਾਰਾ 394 ਅਤੇ 395 ਦੇ ਅਨੁਸਾਰ, ਕਿਸੇ ਸਰਕਾਰੀ ਕੰਪਨੀ ਦੇ ਕੰਮਕਾਜ ਅਤੇ ਮਾਮਲਿਆਂ ਬਾਰੇ ਸੀ ਏ ਜੀ ਦੁਆਰਾ ਬਣਾਇਆ ਗਿਆ ਸਾਲਾਨਾ ਰਿਪੋਰਟ, ਉਸਦੀ ਸਾਲਾਨਾ ਜਨਰਲ ਮੀਟਿੰਗ (ਏ ਜ਼ੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਜਿੰਨੀ

---

43 ਕੰਪਨੀਜ਼ ਐਕਟ, 2013 ਦੀ ਧਾਰਾ 2 (45) ਵਿੱਚ ਇੱਕ ਸਰਕਾਰੀ ਕੰਪਨੀ ਨੂੰ ਇੱਕ ਅਜਿਹੀ ਕੰਪਨੀ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਵਿੱਚ ਭੁਗਤਾਨ ਕੀਤੀ ਸ਼ੇਅਰ ਪੂੰਜੀ ਦਾ ਘੱਟੋ ਘੱਟ 51 *ਪ੍ਰਤੀਸ਼ਤ* ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਅੰਸ਼ਕ ਤੌਰ 'ਤੇ ਕੇਂਦਰ ਸਰਕਾਰ ਅਤੇ ਅੰਸ਼ਕ ਤੌਰ 'ਤੇ ਇੱਕ ਜਾਂ ਵਧੇਰੇ ਰਾਜ ਸਰਕਾਰਾਂ ਦੁਆਰਾ ਰੱਖਿਆ ਜਾਂਦਾ ਹੈ ਅਤੇ ਇਸ ਵਿੱਚ ਇੱਕ ਕੰਪਨੀ ਸ਼ਾਮਲ ਹੈ ਜੋ ਕਿਸੇ ਸਰਕਾਰੀ ਕੰਪਨੀ ਦੀ ਸਹਾਇਕ ਕੰਪਨੀ ਹੈ।

ਜਲਦੀ ਹੋ ਸਕੇ, ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ ਅਤੇ ਲੇਖਾ ਪ੍ਰੀਖਿਆ ਰਿਪੋਰਟ ਤੇ ਕੋਈ ਟਿੱਪਣੀ ਜਾਂ ਪੂਰਕ ਦੇ ਨਾਲ ਸਦਨ ਜਾਂ ਰਾਜ ਵਿਧਾਨ ਸਭਾ ਦੇ ਦੋਵਾਂ ਸਦਨਾਂ ਦੇ ਸਾਹਮਣੇ ਰੱਖੀ ਜਾਣੀ ਚਾਹੀਦੀ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯਮਤ ਕਰਨ ਵਾਲੇ ਸਬੰਧਤ ਐਕਟਾਂ ਵਿੱਚ ਲਗਭਗ ਇਸੇ ਤਰ੍ਹਾਂ ਦੀਆਂ ਵਿਵਸਥਾਵਾਂ ਮੌਜੂਦ ਹਨ। ਇਹ ਕਾਰਜਵਿਧੀ ਰਾਜ ਦੇ ਸੰਚਿਤ ਫੰਡ ਵਿੱਚੋਂ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ 'ਤੇ ਲੋੜੀਂਦਾ ਵਿਧਾਨਕ ਨਿਯੰਤਰਣ ਪ੍ਰਦਾਨ ਕਰਦੀ ਹੈ।

ਐਕਟ, 2013 ਦੀ ਧਾਰਾ 96 ਅਨੁਸਾਰ ਹਰੇਕ ਕੰਪਨੀ ਨੂੰ ਹਰ ਕੈਲੰਡਰ ਸਾਲ ਵਿੱਚ ਇੱਕ ਵਾਰ ਸ਼ੇਅਰਧਾਰਕਾਂ ਦੀ ਏ ਜ਼ੀ ਐਮ ਕਰਵਾਉਣੀ ਲੋੜੀਂਦੀ ਹੈ। ਇਹ ਵੀ ਕਿਹਾ ਗਿਆ ਹੈ, ਕਿ ਇੱਕ ਏ ਜ਼ੀ ਐਮ ਦੀ ਮਿਤੀ ਅਤੇ ਅਗਲੀ ਏ ਜ਼ੀ ਐਮ ਦੀ ਮਿਤੀ ਦੇ ਵਿਚਕਾਰ 15 ਮਹੀਨਿਆਂ ਤੋਂ ਵੱਧ ਦਾ ਸਮਾਂ ਨਹੀਂ ਹੋਣਾ ਚਾਹੀਦਾ। ਇਸ ਤੋਂ ਇਲਾਵਾ, ਐਕਟ, 2013 ਦੀ ਧਾਰਾ 129(2) ਅਤੇ 136 ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਵਿੱਤੀ ਸਾਲ ਲਈ ਲੇਖਾ ਪ੍ਰੀਖਿਆ ਕੀਤੀਆਂ ਗਈਆਂ ਵਿੱਤੀ ਵਿਵਰਣੀਆਂ ਨੂੰ ਉਕਤ ਏ ਜ਼ੀ ਐਮ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਐਕਟ, 2013 ਦੀ ਧਾਰਾ 129(7) ਦੇ ਤਹਿਤ ਕੰਪਨੀ ਦੇ ਡਾਇਰੈਕਟਰਾਂ ਸਮੇਤ ਓਹ ਵਿਅਕਤੀ ਜੋ ਐਕਟ, 2013 ਦੀ ਧਾਰਾ 129 ਦੇ ਉਪਬੰਧਾਂ ਦੀ ਪਾਲਣਾ ਨਾ ਕਰਨ ਲਈ ਜ਼ਿੰਮੇਵਾਰ ਹੋਵੇਗਾ ਉਨ੍ਹਾਂ 'ਤੇ ਜੁਰਮਾਨਾ ਲਗਾਉਣ ਅਤੇ ਕੈਦ ਦੀ ਸਜ਼ਾ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ।

ਉਪਰੋਕਤ ਦੇ ਬਾਵਜੂਦ, 30 ਸਤੰਬਰ 2023 ਤੱਕ 43 ਐਸ ਪੀ ਐਸ ਈਜ਼ (*ਭਾਵ* 39 ਸਰਕਾਰੀ ਕੰਪਨੀਆਂ ਅਤੇ 4 ਅਧਿਨਿਯਮਿਕ ਕਾਰਪੋਰੇਸ਼ਨਾਂ) ਦੇ ਸਾਲਾਨਾ ਲੇਖੇ ਲੰਬਿਤ ਸਨ, ਜਿਵੇਂ ਕਿ ਅਗਲੇ ਪੈਰ੍ਹਾ ਵਿੱਚ ਵੇਰਵਾ ਦਿੱਤਾ ਗਿਆ ਹੈ।

### *3.3.1.1 ਰਾਜ ਸਰਕਾਰ ਦੀਆਂ ਕੰਪਨੀਆਂ, ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੁਆਰਾ ਲੇਖਿਆਂ ਨੂੰ ਤਿਆਰ ਕਰਨ ਵਿੱਚ ਸਮਾਂਬੱਧਤਾ*

31 ਮਾਰਚ 2023 ਤੱਕ, ਸੀ ਏ ਜੀ ਦੇ ਲੇਖਾ ਪ੍ਰੀਖਿਆ ਦੇ ਦਾਇਰੇ ਵਿੱਚ ਰਾਜ ਸਰਕਾਰ ਦੀਆਂ 42 ਕੰਪਨੀਆਂ (ਇੱਕ ਸੂਚੀਬੱਧ ਅਤੇ 41 ਗੈਰ-ਸੂਚੀਬੱਧ) ਅਤੇ ਤਿੰਨ ਸਰਕਾਰੀ ਨਿਯੰਤਰਿਤ ਹੋਰ ਕੰਪਨੀਆਂ ਸਨ। ਇਨ੍ਹਾਂ ਵਿੱਚੋਂ ਸਾਲ 2022-23 ਲੇਖੇ ਰਾਜ ਸਰਕਾਰ ਦੀਆਂ 41[44] ਕੰਪਨੀਆਂ ਅਤੇ ਤਿੰਨ ਸਰਕਾਰੀ ਨਿਯੰਤਰਿਤ ਹੋਰ ਕੰਪਨੀਆਂ ਦੇ ਬਕਾਇਆ ਸਨ। ਕੁੱਲ ਪੰਜ ਸਰਕਾਰੀ ਕੰਪਨੀਆਂ ਨੇ ਸਾਲ 2022-23 ਲਈ ਆਪਣੇ ਲੇਖੇ 30 ਸਤੰਬਰ 2023 ਨੂੰ ਜਾਂ ਇਸ ਤੋਂ ਪਹਿਲਾਂ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਲਈ ਜਮ੍ਹਾਂ ਕਰਵਾਏ ਸਨ। ਰਾਜ ਸਰਕਾਰ ਦੀਆਂ 39 ਕੰਪਨੀਆਂ ਦੇ 217 ਲੇਖੇ ਵੱਖ-ਵੱਖ ਕਾਰਨਾਂ ਕਰਕੇ ਬਕਾਏ ਵਿੱਚ ਸਨ।

---

[44] ਮਾਰਚ 2022 ਦੌਰਾਨ ਸਥਾਪਤ ਕੀਤੇ ਗਏ ਇੱਕ ਐਸ ਪੀ ਐਸ ਈ ਭਾਵ ਪੰਜਾਬ ਰੂਰਲ ਵਾਟਰ ਯੂਟੀਲਿਟੀ ਨੂੰ ਛੱਡ ਕੇ, ਜਿਸ ਦਾ ਪਹਿਲਾਂ ਏ ਜੀ ਐਮ ਬਕਾਇਆ ਨਹੀਂ ਸੀ ਕਿਉਂਕਿ ਪਹਿਲਾਂ ਏ ਜੀ ਐਮ ਕੰਪਨੀ ਦੇ ਪਹਿਲੇ ਵਿੱਤੀ ਸਾਲ ਦੀ ਸਮਾਪਤੀ ਤੋਂ ਨੌ ਮਹੀਨਿਆਂ ਦੀ ਮਿਆਦ ਦੇ ਅੰਦਰ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ (ਕੰਪਨੀਜ਼ ਐਕਟ ਦੀ ਧਾਰਾ 96, 2013)।

**ਸਾਰਣੀ 3.1: ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੁਆਰਾ ਲੇਖੇ ਪੇਸ਼ ਕਰਨ ਵਿੱਚ ਬਕਾਏ**

| ਵੇਰਵੇ | | ਰਾਜ ਸਰਕਾਰ ਦੀਆਂ ਕੰਪਨੀਆਂ/ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ | | | | | |
|---|---|---|---|---|---|---|---|
| | | ਰਾਜ ਸਰਕਾਰ ਦੀਆਂ ਕੰਪਨੀਆਂ | | ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ | | ਜੋੜ | |
| 31 ਮਾਰਚ 2023 ਤੱਕ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਦੇ ਦਾਇਰੇ ਵਿੱਚ ਆਉਣ ਵਾਲੀਆਂ ਕੰਪਨੀਆਂ ਦੀ ਕੁੱਲ ਗਿਣਤੀ | | 42 | | 03 | | 45 | |
| | | ਸੂਚੀਬੱਧ | ਗੈਰ-ਸੂਚੀਬੱਧ | ਸੂਚੀਬੱਧ | ਗੈਰ-ਸੂਚੀਬੱਧ | ਸੂਚੀਬੱਧ | ਗੈਰ-ਸੂਚੀਬੱਧ |
| ਸੂਚੀਬੱਧ/ਗੈਰ-ਸੂਚੀਬੱਧ | | 01 | 41 | - | 03 | 01 | 44 |
| *ਘੱਟ:* ਨਵੀਆਂ ਕੰਪਨੀਆਂ ਜਿਨ੍ਹਾਂ ਤੋਂ ਸਾਲ 2022-23 ਲਈ ਲੇਖੇ ਬਕਾਇਆ ਨਹੀਂ ਸਨ। | | - | 01 | - | - | - | 01 |
| ਸਾਲ 2022-23 ਲਈ ਜਿਨ੍ਹਾਂ ਕੰਪਨੀਆਂ ਦੇ ਲੇਖੇ ਬਕਾਇਆ ਸਨ ਉਨ੍ਹਾਂ ਦੀ ਗਿਣਤੀ | | 01 | 40 | - | 03 | 01 | 43 |
| ਕੰਪਨੀਆਂ ਦੀ ਗਿਣਤੀ ਜਿਨ੍ਹਾਂ ਨੇ 30 ਸਤੰਬਰ 2023 ਤੱਕ ਸੀ ਏ ਜੀ ਲੇਖਾ ਪ੍ਰੀਖਿਆ ਲਈ ਸਾਲ 2022-23 ਲਈ ਲੇਖੇ ਪੇਸ਼ ਕੀਤੇ। | | 01 | 04 | - | - | 01 | 04 |
| ਬਕਾਏ ਵਿੱਚ ਲੇਖੇ ਵਾਲੀਆਂ ਕੰਪਨੀਆਂ ਦੀ ਗਿਣਤੀ | | - | 36 | - | 03 | - | 39 |
| ਬਕਾਏ ਵਿੱਚ ਲੇਖਿਆ ਦੀ ਸੰਖਿਆ | | - | 210 | - | 07 | - | 217 |
| ਬਕਾਏ ਦਾ ਵਿਸਥਾਰ | (i) ਲਿਕਵਿਡੇਸ਼ਨ ਅਧੀਨ | - | 91 | - | - | - | 91 |
| | (ii) ਅਕਿਰਿਆਸ਼ੀਲ | - | 79 | - | - | - | 79 |
| | (iii) ਪਹਿਲੇ ਲੇਖੇ ਜਮ੍ਹਾਂ ਨਹੀਂ ਕੀਤੇ ਗਏ | - | - | - | - | - | - |
| | (iv) ਹੋਰ | - | 40 | - | 07 | - | 47 |
| 'ਹੋਰ' ਸ਼੍ਰੇਣੀ ਦੇ ਵਿਰੁੱਧ ਬਕਾਏ ਦਾ ਸਮੇਂ-ਵਾਰ ਵਿਸ਼ਲੇਸ਼ਣ | ਇੱਕ ਸਾਲ (2022-23) | - | 13 | - | - | - | 13 |
| | ਦੋ ਸਾਲ (2020-21 ਅਤੇ 2021-22) | - | 02 | - | 04 | - | 06 |
| | ਤਿੰਨ ਸਾਲ ਅਤੇ ਇਸ ਤੋਂ ਵੱਧ | - | 25 | - | 03 | - | 28 |

*ਸ੍ਰੋਤ: ਅਕਤੂਬਰ 2022 ਤੋਂ ਸਤੰਬਰ 2023 ਦੀ ਮਿਆਦ ਦੌਰਾਨ ਪ੍ਰਾਪਤ ਸਾਲਾਨਾ ਲੇਖਿਆਂ ਦੇ ਅਧਾਰ ਤੇ ਸੰਕਲਿਤ ਕੀਤਾ ਗਿਆ*

ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਨੂੰ ਉਨ੍ਹਾਂ ਦੇ ਸਬੰਧਤ ਵਿਧਾਨਾਂ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਵਿੱਚੋਂ ਸੀ ਏ ਜੀ ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਲਈ ਇਕਲੌਤਾ ਲੇਖਾ ਪਰੀਖਕ ਹੈ। ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਚਾਰਟਰਡ ਅਕਾਊਂਟੈਂਟਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਪੂਰਕ ਲੇਖਾ ਪ੍ਰੀਖਿਆ ਸੀ ਏ ਜੀ ਦੁਆਰਾ ਕੀਤੀ ਜਾਂਦੀ ਹੈ। ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਵਿੱਚੋਂ

ਕਿਸੇ ਨੇ ਵੀ ਵਿੱਤੀ ਸਾਲ 2022-23 ਲਈ 30 ਸਤੰਬਰ 2023 ਤੱਕ ਆਪਣੇ ਲੇਖੇ ਜਮ੍ਹਾਂ ਨਹੀਂ ਕੀਤੇ ਸਨ।

ਰਾਜ ਸਰਕਾਰ ਦੀਆਂ ਕੰਪਨੀਆਂ, ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਬਕਾਏ ਲੇਖਿਆਂ ਦੀ ਸਥਿਤੀ ਨੂੰ ***ਅੰਤਿਕਾ 3.1*** ਵਿੱਚ ਦਰਸਾਇਆ ਗਿਆ ਹੈ।

ਤਿੰਨ[45] ਵੱਡੇ ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ, ਪੰਜ ਤੇ ਸੱਤ ਸਾਲਾਂ ਦੇ ਲੇਖੇ ਬਕਾਏ ਸਨ। ਲੇਖਿਆਂ ਨੂੰ ਅੰਤਿਮ ਰੂਪ ਦੇਣ ਅਤੇ ਉਨ੍ਹਾਂ ਦੇ ਬਾਅਦ ਦੇ ਲੇਖਾ ਪ੍ਰੀਖਿਆ ਦੀ ਅਣਹੋਂਦ ਵਿੱਚ, ਇਹ ਯਕੀਨੀ ਨਹੀਂ ਬਣਾਇਆ ਜਾ ਸਕਿਆ ਕਿ ਕੀਤੇ ਗਏ ਨਿਵੇਸ਼ਾਂ ਅਤੇ ਖਰਚਿਆਂ ਦਾ ਸਹੀ ਹਿਸਾਬ ਰੱਖਿਆ ਗਿਆ ਅਤੇ ਜਿਸ ਮਕਸਦ ਲਈ ਰਾਸ਼ੀ ਦਾ ਨਿਵੇਸ਼ ਕੀਤਾ ਗਿਆ ਸੀ, ਉਹ ਪ੍ਰਾਪਤ ਕੀਤਾ ਗਿਆ। ਇਸ ਲਈ ਇਨ੍ਹਾਂ ਐਸ ਪੀ ਐਸ ਈਜ਼ ਜ਼ਰੀਏ ਨਿਵੇਸ਼ ਰਾਜ ਵਿਧਾਨ ਸਭਾ ਦੀ ਪੜਤਾਲ ਤੋਂ ਬਾਹਰ ਰਿਹਾ। ਇਸ ਨਾਲ ਨਾ ਸਿਰਫ ਲੇਖਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਹੋਈ ਬਲਕਿ ਸਬੰਧਤ ਉਪਬੰਧਾਂ ਦੀ ਪਾਲਣਾ ਵੀ ਨਹੀਂ ਕੀਤੀ ਗਈ।

## 3.4 ਸੀ ਏ ਜੀ ਦੀ ਨਿਗਰਾਨੀ - ਲੇਖਿਆਂ ਦੀ ਲੇਖਾ ਪ੍ਰੀਖਿਆ ਅਤੇ ਪੂਰਕ ਲੇਖਾ ਪ੍ਰੀਖਿਆ

### 3.4.1 ਵਿੱਤੀ ਰਿਪੋਰਟਿੰਗ ਢਾਂਚਾ

ਕੰਪਨੀਆਂ ਲਈ ਐਕਟ, 2013 ਦੀ ਸ਼ਡਿਊਲ III ਵਿੱਚ ਨਿਰਧਾਰਤ ਫਾਰਮੇਟ ਵਿੱਚ ਰਾਸ਼ਟਰੀ ਵਿੱਤੀ ਰਿਪੋਰਟਿੰਗ ਅਥਾਰਟੀ[46] ਨਾਲ ਸਲਾਹ-ਮਸ਼ਵਰਾ ਕਰਕੇ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਲਾਜ਼ਮੀ ਲੇਖਾ ਮਿਆਰਾਂ ਦੀ ਪਾਲਣਾ ਕਰਦਿਆਂ ਵਿੱਤੀ ਵਿਵਰਣੀ ਤਿਆਰ ਕਰਨ ਦੀ ਲੋੜ ਹੁੰਦੀ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਆਪਣੇ ਸਬੰਧਤ ਐਕਟਾਂ ਅਤੇ ਨਿਯਮਾਂ ਅਧੀਨ ਨਿਰਧਾਰਤ ਫਾਰਮੇਟ ਵਿੱਚ ਆਪਣੇ ਲੇਖੇ ਤਿਆਰ ਕਰਨ ਦੀ ਲੋੜ ਹੁੰਦੀ ਹੈ।

### 3.4.2 ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਾਜ ਸਰਕਾਰ ਦੀਆਂ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ

ਐਕਟ, 2013 ਦੀ ਧਾਰਾ 139 ਅਧੀਨ ਸੀ ਏ ਜੀ ਦੁਆਰਾ ਨਿਯੁਕਤ ਕੀਤੇ ਗਏ ਅਧਿਨਿਯਮਿਕ ਲੇਖਾ ਪਰੀਖਕਾਂ ਰਾਜ ਸਰਕਾਰ ਦੀਆਂ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਕਰਦੇ ਹਨ ਅਤੇ ਐਕਟ, 2013 ਦੀ ਧਾਰਾ 143 ਦੇ ਅਨੁਸਾਰ ਉਨ੍ਹਾਂ 'ਤੇ ਆਪਣੀਆਂ ਰਿਪੋਰਟਾਂ ਪੇਸ਼ ਕਰਦੇ ਹਨ।

ਸੀ ਏ ਜੀ ਜਨਤਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ ਵਿੱਚ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਕਰਕੇ ਨਿਗਰਾਨ ਦੀ ਭੂਮਿਕਾ ਨਿਭਾਉਂਦਾ ਹੈ ਜਿਸਦਾ ਸਮੁੱਚਾ ਉਦੇਸ਼ ਇਹ ਹੈ ਕਿ ਅਧਿਨਿਯਮਿਕ ਲੇਖਾ ਪਰੀਖਕ ਉਨ੍ਹਾਂ ਨੂੰ ਸੌਂਪੇ ਗਏ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਂਦੇ ਹਨ। ਇਸ ਕਾਰਜ ਨੂੰ ਸੀ ਏ ਜੀ ਦੁਆਰਾ ਸ਼ਕਤੀਆਂ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ:

[45] ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ, ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰਸ਼ਨ।

[46] 1 ਅਕਤੂਬਰ 2018 ਤੋਂ ਪ੍ਰਭਾਵਸ਼ਾਲੀ।

- ਐਕਟ, 2013 ਦੀ ਧਾਰਾ 143(5) ਅਧੀਨ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਨਿਰਦੇਸ਼ ਜਾਰੀ ਕਰਨਾ ਅਤੇ
- ਐਕਟ, 2013 ਦੀ ਧਾਰਾ 143(6) ਦੇ ਅਧੀਨ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਨੂੰ ਪੂਰਕ ਜਾਂ ਇਸ ਤੇ ਟਿੱਪਣੀ ਕਰਨਾ।

### 3.4.3 ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਪੂਰਕ ਲੇਖਾ ਪ੍ਰੀਖਿਆ

ਐਕਟ, 2013 ਜਾਂ ਹੋਰ ਸਬੰਧਤ ਐਕਟ ਅਧੀਨ ਨਿਰਧਾਰਤ ਵਿੱਤੀ ਰਿਪੋਰਟਿੰਗ ਢਾਂਚੇ ਦੇ ਅਨੁਸਾਰ ਵਿੱਤੀ ਵਿਵਰਣੀਆਂ ਨੂੰ ਤਿਆਰ ਕਰਨ ਦੀ ਮੁੱਖ ਜ਼ਿੰਮੇਵਾਰੀ ਇਕਾਈ ਦੇ ਪ੍ਰਬੰਧਨ ਦੀ ਹੈ।

ਐਕਟ, 2013 ਦੀ ਧਾਰਾ 139 ਦੇ ਅਧੀਨ ਸੀ ਏ ਜੀ ਦੁਆਰਾ ਨਿਯੁਕਤ ਕੀਤੇ ਗਏ ਅਧਿਨਿਯਮਿਕ ਲੇਖਾ ਪਰੀਖਕ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ਆਈ ਸੀ ਏ ਆਈ) ਦੇ ਸਟੈਂਡਰਡ ਆਡਿਟਿੰਗ ਪ੍ਰੈਕਟਿਸ/ਅਤੇ ਸੀ ਏ ਜੀ ਦੁਆਰਾ ਦਿੱਤੇ ਨਿਰਦੇਸ਼ਾਂ ਦੇ ਅਨੁਸਾਰ ਸੁਤੰਤਰ ਲੇਖਾ ਪ੍ਰੀਖਿਆ ਦੇ ਅਧਾਰ 'ਤੇ ਐਕਟ, 2013 ਦੀ ਧਾਰਾ 143 ਦੇ ਅਧੀਨ ਵਿੱਤੀ ਵਿਵਰਣੀਆਂ 'ਤੇ ਮੱਤ ਜ਼ਾਹਰ ਕਰਨ ਲਈ ਜ਼ਿੰਮੇਵਾਰ ਹਨ। ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਐਕਟ, 2013 ਦੀ ਧਾਰਾ 143 ਦੇ ਅਧੀਨ ਸੀ ਏ ਜੀ ਨੂੰ ਲੇਖਾ ਪ੍ਰੀਖਿਆ ਰਿਪੋਰਟ ਸੌਂਪਣੀ ਹੁੰਦੀ ਹੈ।

ਚੁਣੀਆਂ ਗਈਆਂ ਰਾਜ ਸਰਕਾਰ ਦੀਆਂ ਕੰਪਨੀਆਂ ਦੇ ਪ੍ਰਮਾਣਿਤ ਲੇਖਿਆਂ ਦੌਰਾਨ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਦੀ ਸਮੀਖਿਆ ਸੀ ਏ ਜੀ ਦੁਆਰਾ ਪੂਰਕ ਲੇਖਾ ਪ੍ਰੀਖਿਆ ਕਰਕੇ ਕੀਤੀ ਜਾਂਦੀ ਹੈ। ਅਜਿਹੀ ਸਮੀਖਿਆ ਦੇ ਅਧਾਰ ਤੇ ਐਕਟ, 2013 ਦੀ ਧਾਰਾ 143 (6) ਅਧੀਨ ਪ੍ਰਮੁੱਖ ਲੇਖਾ ਪ੍ਰੀਖਿਆ ਟਿੱਪਣੀਆਂ ਜੋ ਕੋਈ ਹਨ, ਨੂੰ ਸਾਲਾਨਾ ਜਨਰਲ ਮੀਟਿੰਗ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ।

## 3.5 ਸੀ ਏ ਜੀ ਦੀ ਨਿਗਰਾਨੀ ਭੂਮਿਕਾ ਦੇ ਨਤੀਜੇ

### 3.5.1 ਕੰਪਨੀਜ਼ ਐਕਟ, 2013 ਦੀ ਧਾਰਾ 143 ਅਧੀਨ ਰਾਜ ਸਰਕਾਰ ਦੀਆਂ ਕੰਪਨੀਆਂ/ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ

ਵਿੱਤੀ ਸਾਲ 2022-23 ਲਈ ਰਾਜ ਸਰਕਾਰ ਦੀਆਂ ਪੰਜ ਕਾਰਜਸ਼ੀਲ ਕੰਪਨੀਆਂ ਨਾਲ ਸਬੰਧਤ ਪੰਜ ਸਟੈਂਡਅਲੋਨ ਵਿੱਤੀ ਵਿਵਰਣੀਆਂ (ਐਸ ਐਫ ਐਸ) ਅਤੇ ਇੱਕ[47] ਏਕੀਕ੍ਰਿਤ ਵਿੱਤੀ ਵਿਵਰਣੀਆਂ (ਸੀ ਐਫ ਐਸ) 30 ਸਤੰਬਰ, 2023 ਤੱਕ ਇਸ ਦਫਤਰ ਵਿੱਚ ਪ੍ਰਾਪਤ ਹੋਏ ਸਨ। ਇਨ੍ਹਾਂ ਲੇਖਿਆਂ ਵਿੱਚੋਂ ਗੈਰ-ਸਮੀਖਿਆ ਸਰਟੀਫਿਕੇਟ[48] ਤਿੰਨ[49] ਕੰਪਨੀਆਂ ਨੂੰ ਜਾਰੀ ਕੀਤਾ ਗਿਆ ਸੀ ਅਤੇ ਦੋ ਕੰਪਨੀਆਂ[50] ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਅਕਤੂਬਰ 2022 ਤੋਂ ਸਤੰਬਰ 2023 ਦੀ ਮਿਆਦ

---

47 ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ

48 ਗੈਰ-ਸਮੀਖਿਆ ਸਰਟੀਫਿਕੇਟ ਉਨ੍ਹਾਂ ਵਿੱਤੀ ਵਿਵਰਣੀਆਂ 'ਤੇ ਜਾਰੀ ਕੀਤਾ ਜਾਂਦਾ ਹੈ ਜੋ ਵਿੱਤੀ ਵਿਵਰਣੀਆਂ ਦੇ ਪੂਰਕ ਲੇਖਾ ਪ੍ਰੀਖਿਆ ਲਈ ਐਸ ਪੀ ਐਸ ਈਜ਼ ਦੀ ਚੋਣ ਦੇ ਮਾਪਦੰਡਾਂ ਅਨੁਸਾਰ ਲੇਖਾ ਪ੍ਰੀਖਿਆ ਲਈ ਨਹੀਂ ਚੁਣੇ ਜਾਂਦੇ ਹਨ।

49 ਗਿੱਦੜਬਾਹਾ ਪਾਵਰ ਲਿਮਿਟਡ, ਪੰਜਾਬ ਥਰਮਲ ਜਨਰੇਸ਼ਨ ਲਿਮਿਟਡ ਅਤੇ ਪੰਜਾਬ ਕਮਿਊਨੀਕੇਸ਼ਨਜ਼ ਲਿਮਿਟਡ।

50 ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ (ਐਸ ਐਫ ਐਸ ਅਤੇ ਸੀ ਐਫ ਐਸ ਦੋਵੇ) ਦੀਆਂ ਟਿੱਪਣੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ (30 ਸਤੰਬਰ 2023 ਤੱਕ)।

ਦੌਰਾਨ ਸੀ ਏ ਜੀ ਦੁਆਰਾ ਕੀਤੀ ਗਈ ਅਤੇ ਅੰਤਿਮ ਰੂਪ ਦਿੱਤੀ ਗਈ ਸਮੀਖਿਆ ਦੇ ਨਤੀਜੇ ਅਗਲੇ ਪੈਰਾਗ੍ਰਾਫਾਂ ਵਿੱਚ ਵਿਸਥਾਰ ਨਾਲ ਦਿੱਤੇ ਗਏ ਹਨ।

## 3.5.2 ਐਸ ਪੀ ਐਸ ਈਜ਼ ਜਾਂ ਇਕੱਲੇ ਲੇਖਾ ਪਰੀਖਕ ਵਜੋਂ ਅਧਿਨਿਯਮਿਕ ਲੇਖਾ ਪਰੀਖਕਾਂ ਦੀਆਂ ਰਿਪੋਰਟਾਂ ਦੇ ਪੂਰਕ ਵਜੋਂ ਜਾਰੀ ਕੀਤੇ ਗਏ ਸੀ ਏ ਜੀ ਦੀਆਂ ਮਹੱਤਵਪੂਰਣ ਟਿੱਪਣੀਆਂ

ਐਸ ਪੀ ਐਸ ਈਜ਼ ਦੀ ਸੂਚੀ ਜਿਨ੍ਹਾਂ ਦੇ ਸਬੰਧ ਵਿੱਚ ਅਕਤੂਬਰ 2022 ਤੋਂ ਸਤੰਬਰ 2023 ਦੀ ਮਿਆਦ ਦੌਰਾਨ ਟਿੱਪਣੀਆਂ ਜਾਰੀ ਕੀਤੀਆਂ ਗਈਆਂ ਸਨ, ***ਅੰਤਿਕਾ 3.2*** ਵਿੱਚ ਦਿੱਤੀ ਗਈ ਹੈ। ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ ਤੇ ਜਾਰੀ ਕੀਤੀਆਂ ਮਹੱਤਵਪੂਰਨ ਟਿੱਪਣੀਆਂ ਹੇਠਾਂ ਦਿੱਤੀਆਂ ਗਈਆਂ ਹਨ। ਐਸ ਪੀ ਐਸ ਈਜ਼ ਦੇ ਮੁਨਾਫੇ 'ਤੇ ਸੀ ਏ ਜੀ ਦੀਆਂ ਟਿੱਪਣੀਆਂ ਦਾ ਵਿੱਤੀ ਪ੍ਰਭਾਵ ₹ 17.13 ਕਰੋੜ ਸੀ। ਮੁਨਾਫੇ ਬਾਰੇ ਮਹੱਤਵਪੂਰਨ ਟਿੱਪਣੀਆਂ **ਸਾਰਣੀ** 3.2 ਵਿੱਚ ਵਿਸਥਾਰ ਨਾਲ ਦਿੱਤੀਆਂ ਗਈਆਂ ਹਨ, **ਸਾਰਣੀ** 3.3 ਵਿੱਚ ਵਿੱਤੀ ਸਥਿਤੀ ਬਾਰੇ ਮਹੱਤਵਪੂਰਣ ਟਿੱਪਣੀਆਂ, **ਸਾਰਣੀ** 3.4 ਵਿੱਚ ਖੁਲਾਸਿਆਂ ਬਾਰੇ ਮਹੱਤਵਪੂਰਣ ਟਿੱਪਣੀਆਂ ਅਤੇ **ਸਾਰਣੀ** 3.5 ਵਿੱਚ ਅਧਿਨਿਯਕਿਮ ਲੇਖਾ ਪਰੀਖਕਾਂ ਦੀ ਰਿਪੋਰਟ 'ਤੇ ਮਹੱਤਵਪੂਰਣ ਟਿੱਪਣੀਆਂ:

**ਸਾਰਣੀ 3.2: ਲਾਭ 'ਤੇ ਟਿੱਪਣੀਆਂ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2022-23) | ਕੰਪਨੀ ਨੇ 1991 ਤੋਂ 2004 ਦੀ ਮਿਆਦ ਲਈ ਰਾਜਸਥਾਨ ਦੀ ਬਿਜਲੀ ਉਪਯੋਗਤਾ ਤੋਂ ਵਸੂਲੇ ਜਾਣ ਵਾਲੇ ₹ 0.87 ਕਰੋੜ 66 ਕੇ ਵੀ ਟਰਾਂਸਮਿਸ਼ਨ ਲਾਈਨਾਂ ਦੇ ਸੰਚਾਲਨ ਅਤੇ ਰੱਖ-ਰਖਾਅ ਖਰਚਿਆਂ ਵਜੋਂ ਬੁੱਕ ਕੀਤੇ ਹਨ ਜੋ ਕੰਪਨੀ ਦੇ ਅਧਿਕਾਰ ਖੇਤਰ ਵਿੱਚ ਨਹੀਂ ਸਨ। ਇਸ ਦੇ ਨਤੀਜੇ ਵਜੋਂ ਗੈਰ-ਚਾਲੂ ਜਾਇਦਾਦਾਂ ਅਤੇ ਲਾਭ ਵਿੱਚ ₹ 0.87 ਕਰੋੜ ਵੱਧ ਦਰਸਾਇਆ ਗਿਆ ਸੀ। |
| 2. | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) | 12 ਕੰਪਨੀਆਂ ਵਿੱਚ ਕੀਤੇ ਗਏ ₹ 13.91 ਕਰੋੜ ਦੇ ਨਿਵੇਸ਼, ਜੋ ਪਹਿਲਾਂ ਹੀ ਬੈਲੇਂਸ ਸੀਟ ਦੀ ਮਿਤੀ ਤੱਕ ਖਤਮ ਹੋ ਚੁੱਕੇ ਹਨ/ਬੰਦ ਕਰ ਦਿੱਤੇ ਗਏ ਹਨ/ਭੰਗ ਕਰ ਦਿੱਤੇ ਗਏ ਹਨ, ਨੂੰ ਵੱਟੇ ਖਾਤੇ ਪਾ ਦਿੱਤਾ ਹੈ। ਇਸ ਦੇ ਨਤੀਜੇ ਵਜੋਂ ਸਾਲ ਲਈ ਗੈਰ-ਚਾਲੂ ਸੰਪਤੀਆਂ ਅਤੇ ਲਾਭ ਵਿੱਚ ₹ 13.91 ਕਰੋੜ ਵੱਧ ਦਰਸਾਇਆ ਗਿਆ ਸੀ। |
| 3. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2020-21) | ਕੰਪਨੀ ਨੇ ਰਾਜ ਸਰਕਾਰ ਦੇ ਫੈਸਲੇ (ਦਸੰਬਰ 2017) ਅਨੁਸਾਰ ਕੰਪਨੀ ਵੱਲੋਂ ਵੇਚੇ ਗਏ ਪਲਾਟਾਂ ਦੇ ਕਾਰਨ ਪੰਜਾਬ ਇਨਫੋਟੈਕ ਤੋਂ ਵਸੂਲੇ ਜਾਣ ਵਾਲੇ ₹ 1.15 ਕਰੋੜ ਦੇ ਪ੍ਰਸ਼ਾਸਕੀ ਖਰਚਿਆਂ ਦਾ ਹਿਸਾਬ ਨਹੀਂ ਦਿੱਤਾ। ਇਸ ਦੇ ਨਤੀਜੇ ਵਜੋਂ 'ਸਾਲ ਲਈ ਲਾਭ' ਅਤੇ 'ਚਾਲੂ ਸੰਪਤੀਆਂ' ਵਿੱਚ ₹ 1.15 ਕਰੋੜ ਘੱਟ ਦਰਸਾਏ ਗਏ ਸਨ। |
| 4. | ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) | ਪ੍ਰਸ਼ਾਸਕੀ ਖਰਚਿਆਂ ਵਿੱਚ ਮੁੱਖ ਦਫ਼ਤਰ ਅਤੇ ਡਵੀਜ਼ਨਲ ਪੱਧਰ ਤੇ ਵੱਖ-ਵੱਖ ਇਮਾਰਤਾਂ ਲਈ ਕੰਪਨੀ ਵੱਲੋਂ ਅਦਾ ਕੀਤੇ ਜਾਣ ਵਾਲੇ ਦਫ਼ਤਰੀ ਕਿਰਾਏ ਵਜੋਂ ₹ 0.39 ਕਰੋੜ ਦੀ ਰਾਸ਼ੀ ਸ਼ਾਮਲ ਨਹੀਂ ਹੈ। ਇਸ ਦੇ ਨਤੀਜੇ ਵਜੋਂ ਪ੍ਰਸ਼ਾਸਕੀ ਖਰਚਿਆਂ ਅਤੇ ਮੌਜੂਦਾ ਦੇਣਦਾਰੀਆਂ ਵਿੱਚ ₹ 0.39 ਕਰੋੜ ਘੱਟ ਦਰਸਾਇਆ ਗਿਆ ਸੀ। |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਟਿੱਪਣੀਆਂ |
|---|---|---|
| 5. | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ (ਵਿੱਤੀ ਸਾਲ 2021-22) | ₹ 0.20 ਕਰੋੜ ਦੀ ਵਾਧੂ ਕਰਜ਼ਾ ਮੁਆਫੀ ਨੂੰ ਪੰਜਾਬ ਸਰਕਾਰ ਨੂੰ ਭੁਗਤਾਨਯੋਗ ਵਜੋਂ ਮਾਨਤਾ ਨਹੀਂ ਦਿੱਤੀ ਗਈ ਹੈ। ਇਸ ਦੇ ਨਤੀਜੇ ਵਜੋਂ ਮੌਜੂਦਾ ਦੇਣਦਾਰੀਆਂ ਅਤੇ ਘਾਟੇ ਵਿੱਚ ₹ 0.20 ਕਰੋੜ ਘੱਟ ਦਰਸਾਇਆ ਗਿਆ ਸੀ। |
| 6. | ਪੰਜਾਬ ਰਿਕਾਰਡਰਜ਼ ਲਿਮਟਡ (ਵਿੱਤੀ ਸਾਲ 2020-21) | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (ਹੋਲਡਿੰਗ ਕੰਪਨੀ) ਦੀ ₹ 0.61 ਕਰੋੜ ਦੀ ਦੇਣਦਾਰੀ ਨੂੰ ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਆਪਣੇ ਕਰਜ਼ਦਾਰਾਂ ਨੂੰ ਕਰਜ਼ੇ ਦੀ ਅਦਾਇਗੀ ਦੇ ਰੂਪ ਵਿੱਚ ਵਾਪਸ ਕਰ ਦਿੱਤਾ ਗਿਆ ਸੀ ਅਤੇ ਸਿੱਧੇ ਤੌਰ 'ਤੇ ਲਾਭ ਅਤੇ ਘਾਟੇ ਦੀ ਵਿਵਰਣੀ ਵਿੱਚ ਰਿਜ਼ਰਵ ਅਤੇ ਸਰਪਲੱਸ – ਸਰਪਲੱਸ ਵਿੱਚ ਜਮ੍ਹਾਂ ਕਰ ਦਿੱਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਸਾਲ ਲਈ ਦੇਣਦਾਰੀ ਨੂੰ ਵੱਟੇ ਖਾਤੇ ਪਾ ਦਿੱਤਾ ਹੈ, ਜਿਸਨੂੰ ਘੱਟ ਦਰਸਾਇਆ ਅਤੇ ਘਾਟੇ ਦਾ ₹ 0.61 ਕਰੋੜ ਨੂੰ ਵੱਧ ਦਰਸਾਇਆ ਗਿਆ ਸੀ। |

*ਸ੍ਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੇ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ 'ਤੇ ਟਿੱਪਣੀਆਂ*

**ਸਾਰਣੀ 3.3: ਵਿੱਤੀ ਸਥਿਤੀ 'ਤੇ ਟਿੱਪਣੀਆਂ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) | ਪੰਜਾਬ ਐਗਰੋ ਜੂਸਿਸ ਲਿਮਟਡ ਦੀ ਟ੍ਰਾਂਸਫਰ ਕੀਤੀ ਗਈ ₹ 50 ਕਰੋੜ ਦੀ ਸ਼ੇਅਰ ਪੂੰਜੀ ਪੰਜਾਬ ਸਰਕਾਰ ਤੋਂ ਕੰਪਨੀ ਨੂੰ ਪ੍ਰਮੋਟਰ ਦੇ ਯੋਗਦਾਨ ਦੀ ਪ੍ਰਕਿਰਤੀ ਵਿੱਚ ਹੋਣ ਕਰਕੇ ਲੇਖਾਕਾਰੀ ਮਾਪਦੰਡ 12 ਅਨੁਸਾਰ ਲਾਭ ਅਤੇ ਘਾਟੇ ਦੀ ਵਿਵਰਣੀ ਵਿੱਚ ਸਰਪਲੱਸ ਵਿੱਚ ਜਮ੍ਹਾਂ ਕਰਨ ਦੀ ਬਜਾਏ ਪੂੰਜੀ ਰਿਜ਼ਰਵ ਵਿੱਚ ਜਮ੍ਹਾਂ ਕੀਤੀ ਜਾਣੀ ਚਾਹੀਦੀ ਸੀ। ਕੰਪਨੀ ਨੇ ਪਿਛਲੇ ਸਾਲ ਦੌਰਾਨ ਲਾਭ ਅਤੇ ਘਾਟੇ ਦੀ ਵਿਵਰਣੀ ਵਿੱਚ ਸਰਪਲੱਸ ਨੂੰ ਕ੍ਰੈਡਿਟ ਕੀਤਾ ਸੀ। ਇਸ ਦੇ ਨਤੀਜੇ ਵਜੋਂ ਪੂੰਜੀ ਰਿਜ਼ਰਵ ਨੂੰ ਘੱਟ ਦਰਸਾਇਆ ਅਤੇ ਲਾਭ ਅਤੇ ਘਾਟੇ ਦੀ ਵਿਵਰਣੀ ਵਿੱਚ ਸਰਪਲੱਸ ਨੂੰ ₹ 50 ਕਰੋੜ ਤੱਕ ਵੱਧ ਦਰਸਾਇਆ ਹੋਇਆ ਸੀ। |
| 2. | ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) | ਨਿਯਮਾਂ ਅਨੁਸਾਰ, ਨਿੱਜੀ ਵਰਤੋਂ ਲਈ ਵਸਤੂਆਂ ਜਾਂ ਸੇਵਾਵਾਂ ਤੇ ਕੋਈ ਇਨਪੁਟ ਟੈਕਸ ਕ੍ਰੈਡਿਟ (ਆਈ ਟੀ ਸੀ) ਉਪਲਬਧ ਨਹੀਂ ਹੈ। ਕੰਪਨੀ ਨੇ ਸਟਾਫ ਅਤੇ ਕੰਪਿਊਟਰ/ਮਸ਼ੀਨਰੀ ਦੀ ਮੁਰੰਮਤ ਆਦਿ ਲਈ ਠੇਕੇਦਾਰ ਨੂੰ ਭੁਗਤਾਨ ਲਈ ₹ 0.48 ਕਰੋੜ ਦੀ ਆਈ ਟੀ ਸੀ ਦਾ ਦਾਅਵਾ ਕੀਤਾ ਹੈ, ਜਿਸ ਨੂੰ ਆਈ ਟੀ ਸੀ ਵਜੋਂ ਦਾਅਵਾ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਵਸਤੂਆਂ ਜਾਂ ਸੇਵਾਵਾਂ ਦਾ ਅੰਤਮ ਉਪਭੋਗਤਾ ਹੈ। ਇਸ ਦੇ ਨਤੀਜੇ ਵਜੋਂ ਰਿਜ਼ਰਵ ਅਤੇ ਸਰਪਲੱਸ ਅਧੀਨ ਥੋੜ੍ਹੀ ਮਿਆਦ ਦੇ ਕਰਜ਼ਿਆਂ ਅਤੇ ਐਡਵਾਂਸ ਅਤੇ ਸਰਪਲੱਸ ਨੂੰ ₹ 0.48 ਕਰੋੜ ਵੱਧ ਦਰਸਾਇਆ ਹੋਇਆ ਸੀ। |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਟਿੱਪਣੀਆਂ |
|---|---|---|
| 3. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2022-23) | ਪੰਜਾਬ ਪਾਵਰ ਸੈਕਟਰ ਰਿਫਾਰਮਜ਼ ਟ੍ਰਾਂਸਫਰ ਸਕੀਮ 2010 ਦੇ ਲਾਗੂ ਹੋਣ ਅਨੁਸਾਰ ਖਪਤਕਾਰਾਂ ਦੇ ₹ 338.97 ਕਰੋੜ ਦੇ ਯੋਗਦਾਨ, ਗ੍ਰਾਂਟਾਂ ਅਤੇ ਸਬਸਿਡੀਆਂ ਨੂੰ ਗਲਤ ਤਰੀਕੇ ਨਾਲ ਕੰਪਨੀ ਦੀ ਇਕਵਟੀ ਵਿੱਚ ਰਾਜ ਸਰਕਾਰ ਦੀ ਪੂੰਜੀ ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ 'ਇਕਵਟੀ ਸ਼ੇਅਰ ਪੂੰਜੀ' ਨੂੰ ਵੱਧ ਅਤੇ 'ਹੋਰ ਇਕਵਟੀ - ਜਨਰਲ ਰਿਜ਼ਰਵ' ਦਾ ₹ 338.97 ਕਰੋੜ ਦਾ ਨੂੰ ਘੱਟ ਦਰਸਾਇਆ ਹੋਇਆ ਸੀ। |
| | | ਸਾਲ ਦੌਰਾਨ ਪੂਰੇ ਹੋਏ ਪੂੰਜੀਗਤ ਕਾਰਜ-ਪ੍ਰਗਤੀ ਵਿੱਚ ਅੱਠ ਪੂੰਜੀਗਤ ਕੰਮਾਂ ਤੇ ₹ 34.62 ਕਰੋੜ ਦਾ ਖਰਚ ਸ਼ਾਮਲ ਹੈ ਪਰ ਪੂੰਜੀਕਰਨ ਨਹੀਂ ਕੀਤੇ ਗਏ ਹਨ, ਜਿਸ ਦੇ ਨਤੀਜੇ ਵਜੋਂ 'ਪੂੰਜੀ ਕਾਰਜ ਪ੍ਰਗਤੀ ਵਿੱਚ ਹੈ' ਅਤੇ 'ਸੰਪਤੀਆਂ, ਪਲਾਂਟ ਅਤੇ ਉਪਕਰਣਾਂ ਦਾ ₹ 34.62 ਕਰੋੜ ਨੂੰ ਵੱਧ ਦਰਸਾਇਆ ਹੋਇਆ ਸੀ। |
| 4. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2020-21) | ਕੰਪਨੀ ਦੀ ਅਪਣਾਈ ਗਈ ਲੇਖਾ ਨੀਤੀ ਦੇ ਮੁਕਾਬਲੇ ₹ 20.81 ਕਰੋੜ ਦੇ 'ਕਾਰਜ ਪ੍ਰਗਤੀ ਵਿੱਚ ਹੈ' ਦਾ ਐਡਜਸਟਮੈਂਟ ਨਾ ਕਰਨ ਦੇ ਨਤੀਜੇ ਵਜੋਂ 'ਕਾਰਜ ਪ੍ਰਗਤੀ ਵਿੱਚ ਹੈ' ਵਿੱਚ ₹ 20.81 ਕਰੋੜ, ਪ੍ਰੋਜੈਕਟ ਦੇਣਦਾਰੀ ਵਿੱਚ ₹ 4.32 ਕਰੋੜ ਅਤੇ 'ਹੋਰ ਇਕਵਟੀ (ਬਰਕਰਾਰ ਕਮਾਈ)' ਵਿੱਚ ₹ 16.49 ਕਰੋੜ ਨੂੰ ਵੱਧ ਦਰਸਾਇਆ ਹੋਇਆ ਸੀ। |
| | | ਵਪਾਰ ਪ੍ਰਾਪਤੀਆਂ ਵਿੱਚ ਬਟਾਲਾ ਵਿਖੇ ਕੱਚੇ ਮਾਲ ਡਿਪੂ ਦੇ ਸਬੰਧ ਵਿੱਚ ₹ 3.09 ਕਰੋੜ ਦੀ ਰਾਸ਼ੀ ਸ਼ਾਮਲ ਹੈ ਜੋ ਦਫਤਰ ਤੋਂ ਡਿਪੂ ਨੂੰ ਟ੍ਰਾਂਸਫਰ ਕੀਤੇ ਗਏ ਕਰਜ਼ਦਾਰਾਂ ਦੇ ਬਕਾਏ ਦੇ ਸਬੰਧ ਵਿੱਚ ₹ 25.32 ਕਰੋੜ ਦੀ ਰਾਸ਼ੀ ਨੂੰ ਐਡਜਸਟ ਕਰਨ ਤੋਂ ਬਾਅਦ ਪ੍ਰਾਪਤ ਕੀਤੀ ਗਈ ਹੈ। ਇਸ ਦੇ ਨਤੀਜੇ ਵਜੋਂ ਟਰੇਡ ਰਿਸੀਵੇਬਲਜ਼ ਅਤੇ ਟਰੇਡ ਭੁਗਤਾਨਾਂ ਵਿੱਚ ₹ 25.32 ਕਰੋੜ ਘੱਟ ਦਰਸਾਇਆ ਹੋਇਆ ਸੀ। |
| | | ਪ੍ਰੋਜੈਕਟ ਦੇਣਦਾਰੀ ਵਿੱਚ ਅੱਠ ਆਈ ਐਫ ਪੀਜ਼ ਦੇ ਸਬੰਧ ਵਿੱਚ ₹ 15.69 ਕਰੋੜ ਸ਼ਾਮਲ ਹਨ ਜੋ ਪਹਿਲਾਂ ਹੀ ਸਬੰਧਤ ਸਥਾਨਕ ਸੰਸਥਾਵਾਂ ਨੂੰ ਟ੍ਰਾਂਸਫਰ ਕੀਤੇ ਜਾ ਚੁੱਕੇ ਹਨ ਪਰ ਇਸ ਦੇ ਵਿਰੁੱਧ ਪ੍ਰੋਜੈਕਟ ਦੇਣਦਾਰੀ ਲੇਖਿਆਂ ਵਿੱਚ ਵਾਪਸ ਨਹੀਂ ਲਿਖੀ ਗਈ ਹੈ। ਇਸ ਦੇ ਨਤੀਜੇ ਵਜੋਂ "ਹੋਰ ਲੰਬੀ ਮਿਆਦ ਦੀਆਂ ਦੇਣਦਾਰੀਆਂ (ਪ੍ਰੋਜੈਕਟ ਦੇਣਦਾਰੀ)" ਅਤੇ "ਹੋਰ ਇਕਵਟੀ (ਬਰਕਰਾਰ ਕਮਾਈ)" ਨੂੰ ₹ 15.69 ਕਰੋੜ ਵੱਧ ਦਰਸਾਇਆ ਹੋਇਆ ਸੀ। |
| 5. | ਪੰਜਾਬ ਰਿਕਾਰਡਜ਼ ਲਿਮਟਡ (ਵਿੱਤੀ ਸਾਲ 2020-21) | ਪੰਜਾਬ ਇਨਫੋਟੈਕ ਵਿਰੁੱਧ ਲੰਬੀ ਮਿਆਦ ਦੇ ਪ੍ਰਬੰਧ ਵਜੋਂ ਅਸੁਰੱਖਿਅਤ ਬਕਾਏ ਦਾ ਵਰਗੀਕਰਨ ਕਰਨ ਦੇ ਨਤੀਜੇ ਵਜੋਂ ਲੰਬੀ ਮਿਆਦ ਦੇ ਪ੍ਰਬੰਧ ਵੱਧ ਦਰਸਾਇਆ ਅਤੇ ਹੋਰ ਗੈਰ-ਚਾਲੂ ਦੇਣਦਾਰੀਆਂ ਨੂੰ ₹ 1.81 ਕਰੋੜ ਘੱਟ ਦਰਸਾਇਆ ਹੋਇਆ ਸੀ। |
| 6. | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (ਵਿੱਤੀ | ਸਹਾਇਕ ਕੰਪਨੀ ਕੰਜ਼ਿਊਮਰ ਇਲੈਕਟ੍ਰਾਨਿਕਸ ਪੰਜਾਬ ਲਿਮਟਡ ਵਿੱਚ ₹ 0.21 ਕਰੋੜ ਦਾ ਨਿਵੇਸ਼ ਜੋ ਭੰਗ ਹੋ ਚੁੱਕੀ ਹੈ। ਹਾਲਾਂਕਿ ਨਾ ਤਾਂ ₹ 0.21 ਕਰੋੜ ਦੇ ਨਿਵੇਸ਼ ਦੇ ਵਿਰੁੱਧ ਕੋਈ ਵਿਵਸਥਾ |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਟਿੱਪਣੀਆਂ |
|---|---|---|
| | ਸਾਲ 2021-22) (ਐਸ ਐਫ ਐਸ ਦੇ ਨਾਲ-ਨਾਲ ਸੀ ਐਸ ਐਫ) | ਕੀਤੀ ਗਈ ਅਤੇ ਨਾ ਹੀ ਇਸ ਨੂੰ ਵੱਟੇ ਖਾਤੇ ਪਾਇਆ ਗਿਆ। ਇਸ ਦੇ ਨਤੀਜੇ ਵਜੋਂ ਨਿਵੇਸ਼ ਅਤੇ ਇਕਵਟੀ ਵਿੱਚ ₹ 0.21 ਕਰੋੜ ਵੱਧ ਦਰਸਾਇਆ ਹੋਇਆ ਸੀ। |
| | | ਬੈਂਕਾਂ ਕੋਲ ₹ 10.40 ਕਰੋੜ ਦੇ ਬਕਾਏ ਨੂੰ ਬੈਲੇਂਸ ਸ਼ੀਟ ਦੀ ਮਿਤੀ ਤੋਂ 12 ਮਹੀਨੇ ਪਹਿਲਾਂ ਦੀ ਮਿਆਦ ਪੂਰੀ ਹੋਣ ਵਾਲੀ ਫਿਕਸਡ ਡਿਪਾਜ਼ਿਟ ਦੇ ਰੂਪ ਵਿੱਚ ਨਕਦ ਅਤੇ ਨਕਦ ਬਰਾਬਰਾਂ ਵਿੱਚ ਸ਼੍ਰੇਣੀਬੱਧ ਕਰਨਾ ਐਕਟ, 2013 ਦੀ ਅਨੁਸੂਚੀ-III ਦੀਆਂ ਹਦਾਇਤਾਂ ਨਾਲ ਮੇਲ ਨਹੀਂ ਖਾਂਦਾ। ਇਸ ਦੇ ਨਤੀਜੇ ਵਜੋਂ ਸੰਪਤੀਆਂ ਨੂੰ ਵੱਧ ਦਰਸਾਇਆ ਅਤੇ ₹ 10.40 ਕਰੋੜ ਦੀ ਗੈਰ-ਚਾਲੂ ਸੰਪਤੀਆਂ ਨੂੰ ਘੱਟ ਦਰਸਾਇਆ ਹੋਇਆ ਸੀ। |
| 7. | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ (ਵਿੱਤੀ ਸਾਲ 2021-22) | ਕਾਰਪੋਰੇਸ਼ਨ ਨੂੰ ਪੰਜਾਬ ਸਰਕਾਰ ਤੋਂ ਸ਼ੇਅਰ ਪੂੰਜੀ ਵਜੋਂ ₹ 11 ਕਰੋੜ (ਸਤੰਬਰ 2016) ਪ੍ਰਾਪਤ ਹੋਏ ਪਰ ਇਸ ਨੂੰ ਗਲਤ ਤਰੀਕੇ ਨਾਲ ਮ੍ਰਿਤਕ ਕਰਜ਼ਦਾਰਾਂ ਦੇ ਬਕਾਏ ਦੇ ਬਦਲੇ ਐਡਜਸਟ ਕੀਤਾ ਗਿਆ। ਇਸ ਗਲਤ ਵਿਵਹਾਰ ਦੇ ਨਤੀਜੇ ਵਜੋਂ ਭੁਗਤਾਨ ਕੀਤੀ ਗਈ ਸ਼ੇਅਰ ਪੂੰਜੀ ਦੇ ਨਾਲ-ਨਾਲ ਕਰਜ਼ਿਆਂ ਅਤੇ ਐਡਵਾਂਸ ਵਿੱਚ ₹ 11 ਕਰੋੜ ਨੂੰ ਘੱਟ ਦਰਸਾਇਆ ਹੋਇਆ ਸੀ। |

*ਸ੍ਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੇ ਅਨੁਸਾਰ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ 'ਤੇ ਟਿੱਪਣੀਆਂ*

**ਸਾਰਣੀ 3.4: ਖੁਲਾਸਿਆਂ 'ਤੇ ਟਿੱਪਣੀਆਂ**

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) (ਐਸ ਐਫ ਐਸ ਦੇ ਨਾਲ ਨਾਲ ਸੀ ਐਫ ਐਸ) | ਸੰਯੁਕਤ ਉੱਦਮ ਕੰਪਨੀ ਪੈਨਮ ਕੋਲ ਮਾਈਨਜ਼ ਲਿਮਟਡ ਦੇ ਵਿਕਰੇਤਾਵਾਂ ਨੂੰ ਕੰਪਨੀ ਨੂੰ ਅਲਾਟ ਕੀਤੀਆਂ ਗਈਆਂ ਖਾਨਾਂ ਦੇ ਸੰਚਾਲਨ ਲਈ ਕੀਤੇ ਜਾਣ ਵਾਲੇ ਬਕਾਇਆ ਭੁਗਤਾਨਾਂ ਦੇ ਸਬੰਧ ਵਿੱਚ ₹ 130.46 ਕਰੋੜ ਦੀ ਦੇਣਦਾਰੀ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। |
| 2. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2022-23) | ਕੰਪਨੀ ਨੇ ਪੀ ਐਸ ਪੀ ਸੀ ਐਲ ਤੋਂ ਦੂਜੇ ਤੇ ਗਏ/ਡੈਪੂਟੇਸ਼ਨ ਕਰਮਚਾਰੀਆਂ ਦੇ ਸਬੰਧ ਵਿੱਚ, ਸਾਰੇ ਕਰਮਚਾਰੀਆਂ ਲਈ ਕੁੱਲ ਟਰਮੀਨਲ ਲਾਭ ਦੇਣਦਾਰੀ ₹ 46,960.67 ਕਰੋੜ ਹੈ, ਪੰਜਾਬ ਪਾਵਰ ਸੈਕਟਰ ਰਿਫਾਰਮਜ਼ ਟ੍ਰਾਂਸਫਰ ਸਕੀਮ (ਪਹਿਲੀ ਸੋਧ), 2012 ਅਧੀਨ ਲੋੜੀਂਦੇ ਟਰਮੀਨਲ ਲਾਭਾਂ ਲਈ ਦੇਣਦਾਰੀ (11.36 *ਪ੍ਰਤੀਸ਼ਤ*) ਦਾ ਖੁਲਾਸਾ ਨਹੀਂ ਕੀਤਾ ਸੀ। |
| | | ਕੰਪਨੀ ਨੇ ਮਾਈਕਰੋ, ਸਮਾਲ ਮੀਡੀਅਮ ਇੰਟਰਪਰਾਈਸੀਜ਼ ਡਿਵੈਲਪਮੈਂਟ ਐਕਟ, 2006 ਦੇ ਅਧੀਨ ਆਉਣ ਵਾਲੀਆਂ 29 ਫਰਮਾਂ ਨੂੰ ₹ 4.02 ਕਰੋੜ ਦੇ ਭੁਗਤਾਨ ਵਿੱਚ ਦੇਰੀ ਦਾ ਖੁਲਾਸਾ ਨਹੀਂ ਕੀਤਾ ਸੀ। |
| 3. | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) (ਐਸ ਐਫ | ਵਪਾਰ ਭੁਗਤਾਨਾਂ ਵਿੱਚ 2007 ਤੋਂ ਬਕਾਇਆ ਐਮ ਐਸ ਐਮ ਈ ਯੂਨਿਟ ਨੂੰ ਭੁਗਤਾਨਯੋਗ ਮੂਲ ਰਾਸ਼ੀ ਵਜੋਂ ₹ 0.12 ਕਰੋੜ ਸ਼ਾਮਲ ਹਨ, ਜਿਸ ਦੇ ਬਦਲੇ ਮਾਈਕਰੋ, ਸਮਾਲ ਮੀਡੀਅਮ ਇੰਟਰਪਰਾਈਸੀਜ਼ ਡਿਵੈਲਪਮੈਂਟ ਐਕਟ, 2006 ਦੇ ਅਨੁਸਾਰ |

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਟਿੱਪਣੀਆਂ |
|---|---|---|
| | ਐਸ ਦੇ ਨਾਲ ਨਾਲ – ਸੀ ਐਫ ਐਸ) | ₹ 1.02 ਕਰੋੜ ਦੇ ਮਿਸ਼ਰਤ ਵਿਆਜ ਘਾਟੇ ਦੇ ਨਾਲ ਮੂਲ ਦੀ/ਨੁਕਸਾਨ/ਵਸੂਲੀ ਲਈ ਕਾਨੂੰਨੀ ਨੋਟਿਸ ਜਾਰੀ ਕੀਤਾ ਗਿਆ ਹੈ। ਕੰਪਨੀ ਨੇ ਵਿੱਤੀ ਵਿਵਰਣੀਆਂ ਵਿੱਚ ਇਸ ਤੱਥ ਦਾ ਖੁਲਾਸਾ ਨਹੀਂ ਕੀਤਾ ਸੀ। |
| 4. | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ (ਵਿੱਤੀ ਸਾਲ 2021-22) | ਕਰਜ਼ੇ ਅਤੇ ਪੇਸ਼ਗੀਆਂ ਵਿੱਚ 60 ਧਿਰਾਂ ਨੂੰ ਉਨ੍ਹਾਂ ਦੀ ਅਚੱਲ ਸੰਪਤੀ ਦੇ ਬਦਲੇ ਦਿੱਤੇ ਗਏ ₹ 2.10 ਕਰੋੜ ਸ਼ਾਮਲ ਹਨ, ਜਿਨ੍ਹਾਂ ਦੇ ਕਾਗਜ਼ਾਤ ਜਾਅਲੀ ਪਾਏ ਗਏ ਸਨ। ਜ਼ਿੰਮੇਵਾਰ ਅਧਿਕਾਰੀਆਂ ਕਰਮਚਾਰੀਆਂ ਵਿਰੁੱਧ ਵਿਭਾਗੀ/ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਨ੍ਹਾਂ ਕਰਜ਼ਿਆਂ ਅਤੇ ਪੇਸ਼ਗੀਆਂ ਨੂੰ ਸੁਰੱਖਿਅਤ ਵਜੋਂ ਦਿਖਾਇਆ ਗਿਆ ਸੀ, ਜਿਨ੍ਹਾਂ ਨੂੰ ਅਸੁਰੱਖਿਅਤ ਕਰਜ਼ਿਆਂ ਅਤੇ ਪੇਸ਼ਗੀਆਂ ਦੇ ਅਧੀਨ ਵਿਖਾਇਆ ਜਾਣਾ ਚਾਹੀਦਾ ਸੀ; ਅਤੇ ਇਸ ਤੱਥ ਦਾ ਖੁਲਾਸਾ ਇਸ ਦੇ ਲੇਖਿਆਂ ਦੇ ਨੋਟਾਂ ਵਿੱਚ ਵੀ ਕੀਤਾ ਜਾਣਾ ਚਾਹੀਦਾ ਸੀ। |
| 5. | ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ (ਵਿੱਤੀ ਸਾਲ 2019-20) | ₹ 4.03 ਕਰੋੜ ਦੀਆਂ ਅਚਾਨਕ ਦੇਣਦਾਰੀਆਂ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। |
| 6. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਸੀ ਐਫ ਐਸ ਵਿੱਤੀ ਸਾਲ 2020-21) | ਕੰਪਨੀ ਨੇ ਆਪਣੀਆਂ ਸੰਯੁਕਤ ਵਿੱਤੀ ਵਿਵਰਣੀਆਂ ਵਿੱਚ ਦੱਸਿਆ ਕਿ ਫਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਪੰਜਾਬ ਰੂਰਲ ਡਿਵੈਲਪਮੈਂਟ ਬੋਰਡ ਤੋਂ ਸਹਾਇਕ ਕੰਪਨੀ ਨੂੰ ਪ੍ਰਾਪਤ ਹੋਏ ₹ 7.60 ਕਰੋੜ ਦੇ ਫੰਡਾਂ ਵਿੱਚੋਂ ਅਣਖਰਚੇ ਫੰਡਾਂ ਤੇ ਕਮਾਏ ਗਏ ਵਿਆਜ ਨੂੰ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਇਹ ਸ਼ਰਤਾਂ ਦਿੱਤੀਆਂ ਗਈਆਂ ਹਨ ਕਿ ਕਮਾਈ ਗਈ ਵਿਆਜ ਦੇ ਨਾਲ ਫੰਡਾਂ ਦੀ ਅਣਖਰਚੀ ਰਾਸ਼ੀ ਪੀ ਆਰ ਡੀ ਬੀ ਨੂੰ ਵਾਪਸ ਕੀਤੀ ਜਾਵੇ। ਕਿਉਂਕਿ ਸਹਾਇਕ ਕੰਪਨੀ ਨੇ ਫਿਕਸਡ ਡਿਪਾਜ਼ਿਟ ਦੇ ਗ੍ਰਾਂਟਵਾਰ ਵੇਰਵੇ ਨਹੀਂ ਰੱਖੇ-ਇਸ ਲਈ ਆਪਣੀ ਆਮਦਨ ਵਜੋਂ ਕਮਾਏ ਗਏ ਵਿਆਜ ਦੇ ਗਲਤ ਵਿਵਹਾਰ ਦੇ ਪ੍ਰਭਾਵ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀਂ ਲਗਾਇਆ ਜਾ ਸਕਿਆ। ਗ੍ਰਾਂਟਾਂ ਲਈ ਵਰਤੋਂ ਸਰਟੀਫਿਕੇਟ ਸਹਾਇਕ ਕੰਪਨੀ ਦੁਆਰਾ ਪੀ ਆਰ ਡੀ ਬੀ ਨੂੰ ਪੇਸ਼ ਨਹੀਂ ਕੀਤੇ ਗਏ ਸਨ। ਇਸ ਤੱਥ ਦਾ ਖੁਲਾਸਾ ਨੋਟਸ ਟੂ ਅਕਾਊਂਟਸ ਵਿੱਚ ਨਹੀਂ ਕੀਤਾ ਗਿਆ ਸੀ। |
| | | ਫਸਲੀ ਸਾਲ 2018-19 ਅਤੇ 2019-20 ਦੀ 1563.85 ਮੀਟ੍ਰਿਕ ਟਨ ਖਰਾਬ ਹੋਈ ਕਣਕ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ ਕੋਲ ਪਈ ਸੀ, ਜਿਸ ਦੀ ਕੀਮਤ ਕਲੋਜ਼ਿੰਗ ਸਟਾਕ ਵਿੱਚ ਪੂਰੀ ਲਾਗਤ 'ਤੇ ਨਿਰਧਾਰਤ ਕੀਤੀ ਗਈ ਸੀ। ਉਕਤ ਸਟਾਕ ਦੇ ਨੁਕਸਾਨੇ ਜਾਣ ਬਾਰੇ ਤੱਥਾਂ ਦਾ ਖੁਲਾਸਾ ਲੇਖਿਆਂ ਵਿੱਚ ਵੀ ਨਹੀਂ ਕੀਤਾ ਗਿਆ ਸੀ। |
| | | ਏਕੀਕਰਨ ਦੇ ਸਿਧਾਂਤ ਤੇ ਨੋਟ ਗਲਤ ਹੈ ਕਿਉਂਕਿ ਸਹਾਇਕ ਕੰਪਨੀਆਂ ਦੇ ਵਿੱਤੀ ਵਿਵਰਣੀਆਂ ਵਿੱਚ ਸ਼ਾਮਲ ਮਹੱਤਵਪੂਰਣ ਖੁਲਾਸਿਆਂ ਨੂੰ ਏਕੀਕ੍ਰਿਤ ਵਿੱਤੀ ਵਿਵਰਣੀਆਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਇੰਟਰਾ ਗਰੁੱਪ ਬੈਲੇਂਸ |

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਟਿੱਪਣੀਆਂ |
|---|---|---|
| | | ਨੂੰ ਏਕੀਕ੍ਰਿਤ ਵਿੱਤੀ ਵਿਵਰਣੀਆਂ ਤੋਂ ਖਤਮ ਨਹੀਂ ਕੀਤਾ ਗਿਆ ਸੀ। |
| 7. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਸੀ ਐਫ ਐਸ ਵਿੱਤੀ ਸਾਲ 2021-22) | ਏਕੀਕ੍ਰਿਤ ਵਿੱਤੀ ਵਿਵਰਣੀਆਂ ਵਿੱਚ ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਵੱਲੋਂ ਸਹਾਇਕ ਕੰਪਨੀ ਪੰਜਾਬ ਐਗਰੋ ਜੂਸਿਸ ਲਿਮਟਡ ਨੂੰ ਇੱਕ ਹੋਰ ਸਹਾਇਕ ਕੰਪਨੀ ਪੰਜਾਬ ਐਗਰੀ ਐਕਸਪੋਰਟ ਕਾਪੋਰੇਸ਼ਨ ਲਿਮਟਡ ਵਿੱਚ ਮਿਲਾਉਣ ਦੀ ਯੋਜਨਾ ਦੀ ਪ੍ਰਵਾਨਗੀ (ਜਨਵਰੀ 2023) ਦੇ ਤੱਥ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਅਤੇ ਇਹ ਸਕੀਮ 01 ਅਪ੍ਰੈਲ 2021 ਤੇ ਲਾਗੂ ਸੀ। |

*ਸ੍ਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੇ ਅਨੁਸਾਰ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ 'ਤੇ ਟਿੱਪਣੀਆਂ*

**ਸਾਰਣੀ 3.5: ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ 'ਤੇ ਟਿੱਪਣੀਆਂ**

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਸੀ ਐਫ ਐਸ ਵਿੱਤੀ ਸਾਲ 2020-21) | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਨੇ ਕਿਹਾ ਕਿ ਵਸਤੂਆਂ ਦੀ ਲਾਗਤ ਵਿੱਚ ਵਿਆਜ ਲਾਗਤ ਨੂੰ ਸ਼ਾਮਲ ਕਰਨ ਦੇ ਨਤੀਜੇ ਵਜੋਂ ਨੁਕਸਾਨ ਨੂੰ ਘੱਟ ਅਤੇ ਵਸਤੂਆਂ ਨੂੰ ₹ 2.82 ਕਰੋੜ ਵੱਧਾ ਕੇ ਦੱਸਿਆ ਗਿਆ ਹੈ। ਯੋਗਤਾ ₹ 50.96 ਕਰੋੜ ਦੀ ਹੱਦ ਤੱਕ ਘੱਟ ਹੈ ਕਿਉਂਕਿ ₹ 2.82 ਕਰੋੜ ਦੀ ਬਜਾਏ ₹ 53.78 ਕਰੋੜ ਦੀ ਵਿਆਜ ਲਾਗਤ ਨੂੰ ਵਸਤੂਆਂ ਦੀ ਲਾਗਤ ਵਿੱਚ ਸ਼ਾਮਲ ਕੀਤਾ ਗਿਆ ਸੀ। |

*ਸ੍ਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੇ ਅਨੁਸਾਰ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ 'ਤੇ ਟਿੱਪਣੀਆਂ*

ਉਪਰੋਕਤ ਤੋਂ ਇਲਾਵਾ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਦੇ ਏਕੀਕ੍ਰਿਤ ਵਿੱਤੀ ਵਿਵਰਣੀਆਂ (ਸੀ ਐਫ ਐਸ) ਵਿੱਚ ਸਹਾਇਕ ਕੰਪਨੀਆਂ ਦੇ ਸਾਲਾਨਾ ਲੇਖਿਆਂ ਨੂੰ ਏਕੀਕ੍ਰਿਤ ਕਰਨ ਦਾ ਮੁੱਦਾ, ਜੋ ਏ ਐਸ-21 ਦੀਆਂ ਜ਼ਰੂਰਤਾਂ ਅਨੁਸਾਰ ਨਹੀਂ ਹੈ, ਕੰਪਨੀ ਦੇ ਸਾਲ 2020-21 ਅਤੇ 2021-22 ਲਈ ਸੀ ਐਫ ਐਸ ਵਿੱਚ ਟਿੱਪਣੀ ਕੀਤੀ ਗਈ ਹੈ।

## 3.6 ਲੇਖਾ ਮਿਆਰਾਂ/ਇੰਡ ਏ ਐਸ ਦੀਆਂ ਵਿਵਸਥਾਵਾਂ ਦੀ ਪਾਲਣਾ ਨਾ ਕਰਨਾ

ਐਕਟ, 2013 ਦੀ ਧਾਰਾ 469 ਅਧੀਨ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਉਪਰੋਕਤ ਐਕਟ ਦੀ ਧਾਰਾ, 129(1), ਧਾਰਾ 132 ਅਤੇ ਧਾਰਾ 133 ਨਾਲ ਪੜਦੇ ਹੋਏ, ਕੇਂਦਰ ਸਰਕਾਰ ਨੇ ਅਕਾਊਂਟਿੰਗ ਸਟੈਨਡਰਜ਼ 1 ਤੋਂ 7 ਅਤੇ 9 ਤੋਂ 29 ਨਿਰਧਾਰਤ ਕੀਤੇ ਹਨ। ਇਨ੍ਹਾਂ ਤੋਂ ਇਲਾਵਾ, ਕੇਂਦਰ ਸਰਕਾਰ ਨੇ ਕੰਪਨੀਆਂ (ਇੰਡਇਨ ਅਕਾਊਂਟਿੰਗ ਸਟੈਨਡਰਜ਼ ) ਰੂਲਜ਼, 2015 ਅਤੇ ਕੰਪਨੀਆਂ (ਇੰਡਇਨ ਅਕਾਊਂਟਿੰਗ ਸਟੈਨਡਰਜ਼) (ਅਮੇਂਡਮੈਂਟ) ਰੂਲਜ਼, 2016 ਰਾਹੀਂ 41 ਇੰਡਇਨ ਅਕਾਊਂਟਿੰਗ ਸਟੈਨਡਰਜ਼ (ਇੰਡ ਏ ਐਸ) ਨੂੰ ਅਧਿਸੂਚਿਤ ਕੀਤਾ ਹੈ। ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਿਪੋਰਟ ਕੀਤੇ ਲਾਜ਼ਮੀ ਲੇਖਾ ਮਿਆਰਾਂ/ਇੰਡ ਏ ਐਸ ਦੀ ਪਾਲਣਾ ਨਾ ਕਰਨ ਨੂੰ ***ਅੰਤਿਕਾ 3.3*** ਵਿੱਚ ਸੂਚੀਬੱਧ ਕੀਤਾ ਗਿਆ ਹੈ।

ਪੂਰਕ ਲੇਖਾ ਪ੍ਰੀਖਿਆ ਦੇ ਦੌਰਾਨ ਸੀ ਏ ਜੀ ਨੇ ਵੇਖਿਆ ਕਿ ਕੰਪਨੀਆਂ ਨੇ ਲੇਖਾਕਾਰੀ ਮਿਆਰਾਂ/ਇੰਡ ਏ ਐਸ ਦੀ ਪਾਲਣਾ ਨਹੀਂ ਕੀਤੀ ਸੀ, ਜੋਕਿ ਉਨ੍ਹਾਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਨੇ ਵੀ ਰਿਪੋਰਟ ਨਹੀਂ ਕੀਤੀ ਸੀ, **ਸਾਰਣੀ** 3.6 ਵਿੱਚ ਦਰਸਾਏ ਅਨੁਸਾਰ ਨਹੀਂ ਕੀਤੀ ਸੀ:

**ਸਾਰਣੀ 3.6: ਲੇਖਾ ਮਿਆਰਾਂ ਤੇ ਟਿੱਪਣੀਆਂ/ਇੰਡ-ਏ ਐਸ**

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਲੇਖਾ ਮਿਆਰਾਂ/ ਇੰਡ ਏ/ਐਸ | ਟਿੱਪਣੀਆਂ |
|---|---|---|---|
| 1. | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) (ਐਸ ਐਫ ਐਸ ਦੇ ਨਾਲ-ਨਾਲ ਸੀ ਐਫ ਐਸ) | ਸਰਕਾਰੀ ਗ੍ਰਾਂਟ (ਇੰਡ ਏ ਐਸ-20) | ਕੰਪਨੀ ਨੇ 31 ਮਾਰਚ 2022 ਤੱਕ ਹੋਰ ਮੌਜੂਦਾ ਦੇਣਦਾਰੀਆਂ ਅਧੀਨ ₹ 1.15 ਕਰੋੜ (ਏ ਐਸ ਆਈ ਡੀ ਈ ਸਕੀਮ), ₹ 4.84 ਕਰੋੜ (ਸਟਾਰਟ ਅੱਪ), ₹ 0.30 ਕਰੋੜ (ਸਟੈਂਡ ਅੱਪ), ₹ 0.30 ਕਰੋੜ (ਵਿਸ਼ਾ ਸਕੀਮ) ਅਤੇ ₹ 0.11 ਕਰੋੜ (ਸਕ੍ਰੈਪ ਪ੍ਰੋਜੈਕਟ) ਦੀ ਸਹਾਇਤਾ ਗ੍ਰਾਂਟ ਦਿਖਾਈ ਹੈ। ਹਾਲਾਂਕਿ, ਕੰਪਨੀ ਨੇ ਇੰਡ ਏ ਐਸ 20 ਦੇ ਅਧੀਨ ਲੋੜੀਂਦੀ ਸਹਾਇਤਾ ਗ੍ਰਾਂਟ ਦੇ ਸਬੰਧ ਵਿੱਚ ਖੁਲਾਸਾ ਨਹੀਂ ਕੀਤਾ ਹੈ। |
| | | ਰੈਵੀਨਿਊ ਮਾਨਤਾ (ਇੰਡ ਏ ਐਸ-115) | ਰੈਵੀਨਿਊ ਮਾਨਤਾ ਲਈ ਲੇਖਾ ਨੀਤੀ-ਕੰਪਨੀ ਦੁਆਰਾ ਅਪਣਾਏ ਗਏ ਪਲਾਟਾਂ ਦੀ ਵਿਕਰੀ ਇੰਡ ਏ ਐਸ-115 ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਕੂਲ ਨਹੀਂ ਹੈ। |
| 2. | ਪੰਜਾਬ ਐਗਰੋ ਜੂਸਿਸ ਲਿਮਟਡ ਹੁਣ ਪੰਜਾਬ ਐਗਰੀ ਕਾਰਪੋਰੇਸ਼ਨ ਲਿਮਟਡ ਵਿੱਚ ਰਲੇਵਾ (ਵਿੱਤੀ ਸਾਲ 2021-22) | ਇਸ ਮਿਆਦ ਲਈ ਨਿਰੋਲ ਲਾਭ ਜਾਂ ਘਾਟਾ, ਪਿਛਲੀ ਮਿਆਦ ਦੀਆਂ ਆਈਟਮਾਂ ਅਤੇ ਲੇਖਾ ਨੀਤੀਆਂ ਵਿੱਚ ਤਬਦੀਲੀਆਂ (ਏ ਐਸ-5) | ਏ ਐਸ-5 ਦੀਆਂ ਲੋੜਾਂ ਅਨੁਸਾਰ ₹ 0.15 ਕਰੋੜ ਦੇ ਪਿਛਲੇ ਮਿਆਦ ਦੇ ਖਰਚਿਆਂ ਨੂੰ ਵੱਖਰੇ ਤੌਰ ਤੇ ਨਹੀਂ ਦਿਖਾਇਆ ਗਿਆ ਹੈ। |
| | | ਕੈਸ਼ ਫਲੋ ਵਿਵਰਣੀ (ਏ ਐਸ-3) | ਨਕਦ ਅਤੇ ਨਕਦ ਬਰਾਬਰਾਂ ਵਿੱਚ ਬੈਲੇਂਸ ਸ਼ੀਟ ਦੀ ਮਿਤੀ ਤੋਂ ਬਾਰਾਂ ਮਹੀਨਿਆਂ ਤੋਂ ਵੱਧ ਦੀ ਮਿਆਦ ਪੂਰੀ ਹੋਣ ਵਾਲੀਆਂ ਅਤੇ ਲੇਖਾ ਮਿਆਰਾਂ 3 ਦੇ ਅਨੁਸਾਰ ਨਕਦ ਬਰਾਬਰ ਨਾ ਹੋਣ ਵਾਲੀਆਂ ਮਿਆਦੀ ਜਮ੍ਹਾਂ ਰਾਸ਼ੀ ਲਈ ₹ 0.60 ਕਰੋੜ ਅਤੇ ₹ 1.06 ਕਰੋੜ ਦੀ ਰਾਸ਼ੀ ਸ਼ਾਮਲ ਹੈ। ਇਸ ਲਈ, ਸ਼ਾਮਲ ਕਰਨਾ ਇਸ ਹੱਦ ਤੱਕ ਗਲਤ ਹੈ। |
| 3. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2020-21) | ਰੈਵੀਨਿਊ ਮਾਨਤਾ (ਇੰਡ ਏ ਐਸ-115) | ਰੈਵੀਨਿਊ ਮਾਨਤਾ ਬਾਰੇ ਲੇਖਾ ਨੀਤੀ ਇੰਡ ਏ ਐਸ-115 ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਕੂਲ ਨਹੀਂ ਹੈ। |

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਲੇਖਾ ਮਿਆਰਾਂ/ ਇੰਡ ਏ/ਐਸ | ਟਿੱਪਣੀਆਂ |
|---|---|---|---|
| 4. | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) | ਨਿਰੋਲ ਲਾਭ ਜਾਂ ਘਾਟਾ, ਪਿਛਲੀ ਮਿਆਦ ਦੀਆਂ ਆਈਟਮਾਂ ਅਤੇ ਲੇਖਾ ਨੀਤੀਆਂ ਵਿੱਚ ਤਬਦੀਲੀਆਂ (ਏ ਐਸ-5) | ਏ ਐਸ 5 ਦੀਆਂ ਲੋੜਾਂ ਅਨੁਸਾਰ ₹ 0.38 ਕਰੋੜ ਦੇ ਪਿਛਲੀ ਮਿਆਦ ਦੇ ਖਰਚਿਆਂ ਨੂੰ ਵੱਖਰੇ ਤੌਰ ਤੇ ਨਹੀਂ ਦਿਖਾਇਆ ਗਿਆ ਹੈ। |
| 5. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਵਿੱਤੀ ਸਾਲ 2021-22) (ਐਸ ਐਫ ਐਸ ਦੇ ਨਾਲ-ਨਾਲ ਸੀ ਐਫ ਐਸ) | ਓਪਰੇਟਿੰਗ ਸੈਗਮੈਂਟ (ਇੰਡ ਏ ਐਸ-108) | "ਇੰਡ ਏ ਐਸ-108 ਓਪਰੇਟਿੰਗ ਸੈਗਮੈਂਟਾ ਦੇ ਸਬੰਧ ਵਿੱਚ ਖੁਲਾਸਾ" ਬਾਰੇ ਨੋਟ ਵਿੱਚ ਖੁਲਾਸਾ ਇਸ ਹੱਦ ਤੱਕ ਕਮਜ਼ੋਰ ਹੈ ਕਿ ਇਸ ਦੇ ਓਪਰੇਟਿੰਗ ਸੈਗਮੈਂਟਾਂ ਜਿਵੇਂ ਕਿ ਬਿਜਲੀ ਉਤਪਾਦਨ ਅਤੇ ਇੰਡ ਏ ਐਸ 108 ਦੀ ਲੋੜ ਅਨੁਸਾਰ ਬਿਜਲੀ ਦੀ ਵੰਡ ਨਾਲ ਸਬੰਧਤ ਵਿਸਥਾਰਤ ਜਾਣਕਾਰੀ (ਉਦਾਹਰਨ ਲਈ, ਸੈਗਮੈਂਟ ਨਤੀਜਾ, ਸੈਗਮੈਂਟ ਜਾਇਦਾਦ ਅਤੇ ਦੇਣਦਾਰੀ ਆਦਿ) ਨਹੀਂ ਦਿੱਤੀ ਗਈ ਹੈ। |
| 6. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਸੀ ਐਫ ਐਸ ਵਿੱਤੀ ਸਾਲ 2020-21) | ਸੈਗਮੈਂਟ ਰਿਪੋਰਟਿੰਗ (ਏ ਐਸ-17) | ਏ ਐਸ-17 ਦੇ ਪੈਰ੍ਹਾ 7 ਦੀਆਂ ਜ਼ਰੂਰਤਾਂ ਅਨੁਸਾਰ ਸੈਗਮੈਂਟ ਰਿਪੋਰਟਿੰਗ ਨਹੀਂ ਕੀਤੀ ਗਈ ਹੈ, ਇਸ ਦੇ ਬਾਵਜੂਦ ਕਿ ਸਮੂਹ ਉਤਪਾਦਾਂ ਅਤੇ ਸੇਵਾਵਾਂ ਵਿੱਚ ਮਹੱਤਵਪੂਰਣ ਤੌਰ 'ਤੇ ਵੱਖ-ਵੱਖ ਜੋਖਮਾਂ ਅਤੇ ਰਿਟਰਨਾਂ ਨਾਲ ਕੰਮ ਕਰਦਾ ਹੈ। |
| 7. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਸੀ ਐਫ ਐਸ ਵਿੱਤੀ ਸਾਲ 2020-21) | ਸਰਕਾਰੀ ਗ੍ਰਾਂਟਾਂ ਲਈ ਲੇਖਾ (ਏ ਐਸ -12) | ਉਪਰੋਕਤ ਵਿੱਚ ਪੰਜਾਬ ਪੇਂਡੂ ਵਿਕਾਸ ਬੋਰਡ ਫੰਡ ਤੋਂ ਪ੍ਰਾਪਤ ₹ 50 ਕਰੋੜ ਦੀ ਗ੍ਰਾਂਟ ਸ਼ਾਮਲ ਹੈ ਜੋ ਹੁਸ਼ਿਆਰਪੁਰ ਅਤੇ ਅਬੋਹਰ ਵਿਖੇ ਫਲ ਪ੍ਰੋਸੈਸਿੰਗ ਯੂਨਿਟ ਸਥਾਪਤ ਕਰਨ ਲਈ ਪੰਜਾਬ ਐਗਰੋ ਜੂਸਿਸ ਲਿਮਟਡ (ਪੀ ਏ ਜੇ ਐਲ) ਨੂੰ ਟਰਾਂਸਫਰ ਕੀਤੀ ਗਈ ਸੀ। ਇਨ੍ਹਾਂ ਫੰਡਾਂ ਦੇ ਬਦਲੇ ਸ਼ੇਅਰ ਪੂੰਜੀ ਪੰਜਾਬ ਸਰਕਾਰ ਦੇ ਨਾਮ ਤੇ ਜਾਰੀ ਕੀਤੀ ਗਈ ਸੀ। ਹਾਲਾਂਕਿ, ਰਾਜ ਸਰਕਾਰ ਦੇ ਆਦੇਸ਼ਾਂ ਅਨੁਸਾਰ ਸ਼ੇਅਰ ਪੂੰਜੀ (ਦਸੰਬਰ 2020) ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਦੇ ਨਾਂ ਤੇ ਟਰਾਂਸਫਰ ਕੀਤੀ ਗਈ ਸੀ।<br>ਏ ਐਸ-12 ਦੇ ਪੈਰਾ 10 ਅਨੁਸਾਰ ਉਕਤ ਫੰਡ ਪ੍ਰਮੋਟਰ ਯੋਗਦਾਨ ਦੀ ਪ੍ਰਕਿਰਤੀ ਵਿੱਚ ਹੋਣ ਕਰਕੇ, ਸਾਲ 2020-21 ਦੌਰਾਨ ਲਾਭ ਅਤੇ ਨੁਕਸਾਨ ਲੇਖੇ ਵਿੱਚ ਸਰਪਲੱਸ ਵਿੱਚ ਕ੍ਰੈਡਿਟ ਕਰਨ ਦੀ ਬਜਾਏ ਪੂੰਜੀ ਰਿਜ਼ਰਵ ਵਿੱਚ ਕ੍ਰੈਡਿਟ ਕੀਤਾ ਜਾਣਾ ਚਾਹੀਦਾ ਸੀ। |

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਲੇਖਾ ਮਿਆਰਾਂ/ ਇੰਡ ਏ/ਐਸ | ਟਿੱਪਣੀਆਂ |
|---|---|---|---|
| | | | ਇਸ ਦੇ ਨਤੀਜੇ ਵਜੋਂ ਪੂੰਜੀ ਰਿਜ਼ਰਵ ਨੂੰ ਘੱਟ ਦਰਸਾਇਆ ਗਿਆ ਸੀ ਅਤੇ ਸਰਪਲੱਸ ਨੂੰ ₹ 50 ਕਰੋੜ ਤੋਂ ਵੱਧ ਦਰਸਾਇਆ ਗਿਆ ਸੀ। |
| | | ਏਕੀਕ੍ਰਿਤ ਵਿੱਤੀ ਵਿਵਰਣੀ (ਏ ਐਸ–21) | ਏਕੀਕਰਨ ਦੇ ਸਿਧਾਂਤ ਦੇ ਉਲਟ ਇੰਟਰਾ ਗਰੁੱਪ ਬੈਲੇਂਸ ਨੂੰ ਏਕੀਕ੍ਰਿਤ ਵਿੱਤੀ ਵਿਵਰਣੀਆਂ ਤੋਂ ਖਤਮ ਨਹੀਂ ਕੀਤਾ ਗਿਆ ਸੀ। ਲੰਬੀ ਮਿਆਦ ਦੇ ਕਰਜ਼ਿਆਂ ਅਤੇ ਪੇਸ਼ਗੀਆਂ ਵਿੱਚ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਦੁਆਰਾ ਪੰਜਾਬ ਐਗਰੋ ਫੂਡਜ਼ ਕਾਰਪੋਰੇਸ਼ਨ ਲਿਮਟਡ ਤੋਂ ਵਸੂਲੇ ਜਾਣ ਵਾਲੇ ₹ 11.23 ਲੱਖ ਸ਼ਾਮਲ ਹਨ। ਏ ਐਸ–21 ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਦੋਵਾਂ ਸਹਾਇਕ ਕੰਪਨੀਆਂ ਵਿਚਾਲੇ ਇਸ ਦਾ ਸਮਝੌਤਾ ਨਹੀਂ ਹੋਇਆ ਸੀ। ਅਤੇ ਨਾ ਹੀ ਵਿੱਤੀ ਵਿਵਰਣੀਆਂ ਵਿੱਚ ਕੋਈ ਖੁਲਾਸਾ ਕੀਤਾ ਗਿਆ ਸੀ। |
| | | ਕੈਸ਼ ਫਲੋ ਵਿਵਰਣੀ (ਏ ਐਸ–3) | ਨਕਦ ਅਤੇ ਨਕਦ ਬਰਾਬਰਾਂ ਵਿੱਚ ਪੰਜਾਬ ਐਗਰੋ ਜੂਸਿਸ ਲਿਮਟਡ ਦੇ ਸਬੰਧ ਵਿੱਚ ਮਿਆਦ ਜਮ੍ਹਾਂ ਰਾਸ਼ੀ ਲਈ ₹ 0.60 ਕਰੋੜ ਅਤੇ ₹ 1.06 ਕਰੋੜ ਦੀ ਰਾਸ਼ੀ ਸ਼ਾਮਲ ਹੈ, ਜੋ ਬੈਲੇਂਸ ਸ਼ੀਟ ਦੀ ਮਿਤੀ ਤੋਂ ਬਾਰਾਂ ਮਹੀਨਿਆਂ ਤੋਂ ਵੱਧ ਦੀ ਮਿਆਦ ਪੂਰੀ ਹੋ ਗਈ ਹੈ ਅਤੇ ਲੇਖਾ ਮਿਆਰਾਂ–3 ਅਨੁਸਾਰ ਨਕਦ ਬਰਾਬਰ ਨਹੀਂ ਹੈ। ਇਸ ਲਈ ਖੁਲਾਸਾ ਇਸ ਹੱਦ ਤੱਕ ਗਲਤ ਸੀ। |

*ਸ੍ਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੇ ਅਨੁਸਾਰ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣੀਆਂ 'ਤੇ ਟਿੱਪਣੀਆਂ*

## 3.7 ਪ੍ਰਬੰਧਨ ਪੱਤਰ

ਵਿੱਤੀ ਲੇਖਾ ਪ੍ਰੀਖਿਆ ਦਾ ਇੱਕ ਉਦੇਸ਼ ਲੇਖਾ ਪਰੀਖਕ ਅਤੇ ਕਾਰਪੋਰੇਟ ਇਕਾਈ ਦੇ ਸ਼ਾਸਨ ਦੀ ਜ਼ਿੰਮੇਵਾਰੀ ਵਾਲੇ ਲੋਕਾਂ ਵਿਚਕਾਰ ਵਿੱਤੀ ਵਿਵਰਣੀਆਂ ਦੇ ਲੇਖਾ ਪ੍ਰੀਖਿਆ ਤੋਂ ਪੈਦਾ ਹੋਣ ਵਾਲੇ ਲੇਖਾ ਪ੍ਰੀਖਿਆ ਮਾਮਲਿਆਂ ਤੇ ਸੰਚਾਰ ਸਥਾਪਤ ਕਰਨਾ ਹੈ।

ਐਕਟ, 2013 ਦੀ ਧਾਰਾ 143(6) ਦੇ ਅਧੀਨ ਸੀ ਏ ਜੀ ਨੇ ਐਸ ਪੀ ਐਸ ਈਜ਼ ਦੀਆਂ ਵਿੱਤੀ ਵਿਵਰਣੀਆਂ ਤੇ ਮਹੱਤਵਪੂਰਣ ਨਿਰੀਖਣਾਂ ਅਤੇ ਟਿੱਪਣੀਆਂ ਵਜੋਂ ਰਿਪੋਰਟ ਕੀਤਾ ਸੀ। ਇਨ੍ਹਾਂ ਟਿੱਪਣੀਆਂ ਤੋਂ ਇਲਾਵਾ, ਵਿੱਤੀ ਰਿਪੋਰਟਾਂ ਜਾਂ ਰਿਪੋਰਟਿੰਗ ਪ੍ਰਕਿਰਿਆ ਵਿੱਚ ਸੀ ਏ ਜੀ ਦੁਆਰਾ ਵੇਖੀਆ ਗਈਆਂ ਬੇਨਿਯਮੀਆਂ ਜਾਂ ਕਮੀਆਂ ਬਾਰੇ ਵੀ ਸੁਧਾਰਾਤਮਕ ਕਾਰਵਾਈ ਕਰਨ ਲਈ

'ਪ੍ਰਬੰਧਨ ਪੱਤਰ' ਰਾਹੀਂ ਪ੍ਰਬੰਧਨ ਨੂੰ ਸੂਚਿਤ ਕੀਤਾ ਗਿਆ ਸੀ। ਇਹ ਕਮੀਆਂ ਕਾਰਨ ਆਮ ਤੌਰ ਤੇ ਇਹਨਾਂ ਨਿਮਨਲਿਖਤ ਨਾਲ ਸਬੰਧਤ ਸਨ:

- ਲੇਖਾਕਾਰੀ ਨੀਤੀਆਂ ਅਤੇ ਅਭਿਆਸਾਂ ਦੀ ਵਰਤੋਂ ਅਤੇ ਵਿਆਖਿਆ;
- ਲੇਖਾ ਪ੍ਰੀਖਿਆ ਤੋਂ ਪੈਦਾ ਹੋਣ ਵਾਲੀਆਂ ਐਡਜਸਟਮੈਂਟਸ ਜੋ ਵਿੱਤੀ ਵਿਵਰਣੀਆਂ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦੀਆਂ ਹਨ; ਅਤੇ
- ਕੁਝ ਜਾਣਕਾਰੀ ਦਾ ਨਾਕਾਫੀ ਜਾਂ ਖੁਲਾਸਾ ਨਾ ਕਰਨਾ ਜਿਸ 'ਤੇ ਸਬੰਧਤ ਐਸ ਪੀ ਐਸ ਈ ਦੇ ਪ੍ਰਬੰਧਨ ਨੇ ਭਰੋਸਾ ਦਿੱਤਾ ਕਿ ਅਗਲੇ ਸਾਲ ਸੁਧਾਰਾਤਮਕ ਕਾਰਵਾਈ ਕੀਤੀ ਜਾਵੇਗੀ।

ਸਾਲ ਦੌਰਾਨ, ਵਿੱਤੀ ਰਿਪੋਰਟਾਂ ਵਿੱਚ ਬੇਨਿਯਮੀਆਂ ਅਤੇ ਕਮੀਆਂ ਜਾਂ 21 ਐਸ ਐਫ ਐਸ ਅਤੇ ਪੰਜ ਸੀ ਐਫ ਐਸ ਦੇ ਲੇਖਾ ਪ੍ਰੀਖਿਆ ਦੌਰਾਨ ਵੇਖੀ ਗਈ ਰਿਪੋਰਟਿੰਗ ਪ੍ਰਕਿਰਿਆ ਵਿੱਚ, ਜੋ ਮਹੱਤਵਪੂਰਣ ਨਹੀਂ ਸਨ, ਨੂੰ ਸੁਧਾਰਾਤਮਕ ਕਾਰਵਾਈ ਕਰਨ ਲਈ 'ਪ੍ਰਬੰਧਨ ਪੱਤਰ' ਰਾਹੀਂ 21 ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੂੰ ਸੂਚਿਤ ਕੀਤਾ ਗਿਆ ਸੀ *(ਅੰਤਿਕਾ 3.2)*।

## 3.8 ਸਿੱਟਾ

**ਰਾਜ ਸਰਕਾਰ ਦੀਆਂ 41 ਕੰਪਨੀਆ ਅਤੇ ਸਰਕਾਰ ਦੁਆਰਾ ਨਿਯੰਤਰਿਤ ਤਿੰਨ ਕੰਪਨੀਆਂ ਦੇ ਸਾਲ 2022-23 ਲਈ ਲੇਖੇ ਬਕਾਇਆ ਸਨ। ਪੰਜ ਸਰਕਾਰੀ ਕੰਪਨੀਆਂ ਨੇ ਸਾਲ 2022-23 ਲਈ ਆਪਣੇ ਲੇਖੇ 30 ਸਤੰਬਰ 2023 ਨੂੰ ਜਾਂ ਇਸ ਤੋਂ ਪਹਿਲਾਂ ਸੀ ਏ ਜੀ ਨੂੰ ਲੇਖਾ ਪ੍ਰੀਖਿਆ ਲਈ ਪੇਸ਼ ਕੀਤੇ ਸਨ। ਰਾਜ ਸਰਕਾਰ ਦੀਆਂ 39 ਕੰਪਨੀਆਂ ਦੇ 217 ਲੇਖੇ ਵੱਖ-ਵੱਖ ਕਾਰਨਾਂ ਕਰਕੇ ਬਕਾਏ ਵਿੱਚ ਸਨ। ਐਸ ਪੀ ਐਸ ਈਜ਼ ਦੇ ਮੁਨਾਫੇ 'ਤੇ ਸੀ ਏ ਜੀ ਦੀਆਂ ਟਿੱਪਣੀਆਂ ਦਾ ਵਿੱਤੀ ਪ੍ਰਭਾਵ ₹ 17.13 ਕਰੋੜ ਸੀ। ਪੂਰਕ ਲੇਖਾ ਪ੍ਰੀਖਿਆ ਦੌਰਾਨ ਸੀ ਏ ਜੀ ਨੇ ਵੇਖਿਆ ਕਿ ਛੇ ਐਸ ਪੀ ਐਸ ਈਜ਼ ਨੇ ਲੇਖਾ ਮਿਆਰਾਂ/ਇੰਡ ਏ ਐਸ ਦੀ ਪਾਲਣਾ ਨਹੀਂ ਕੀਤੀ, ਜਿਸ ਦੀ ਰਿਪੋਰਟ ਉਨ੍ਹਾਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਨੇ ਨਹੀਂ ਕੀਤੀ। ਵਿੱਤੀ ਰਿਪੋਰਟਾਂ ਵਿੱਚ ਬੇਨਿਯਮੀਆਂ ਅਤੇ ਕਮੀਆਂ ਜਾਂ 21 ਐਸ ਐਫ ਐਸ ਅਤੇ ਪੰਜ ਸੀ ਐਫ ਐਸ ਦੀ ਲੇਖਾ ਪ੍ਰੀਖਿਆ ਦੌਰਾਨ ਵੇਖੀ ਗਈ ਰਿਪੋਰਟਿੰਗ ਪ੍ਰਕਿਰਿਆ ਵਿੱਚ, ਜੋ ਸਮੱਗਰੀ ਨਹੀਂ ਸਨ, ਨੂੰ ਸੁਧਾਰਾਤਮਕ ਕਾਰਵਾਈ ਕਰਨ ਲਈ 'ਪ੍ਰਬੰਧਨ ਪੱਤਰ' ਰਾਹੀਂ ਉਨ੍ਹਾਂ ਦੇ ਪ੍ਰਬੰਧਨ ਨੂੰ ਸੂਚਿਤ ਕੀਤਾ ਗਿਆ ਸੀ।**

## 3.9 ਸਿਫਾਰਸ਼ਾਂ

**ਰਾਜ ਸਰਕਾਰ ਲੇਖਿਆਂ ਵਿੱਚ ਬਕਾਏ ਵਾਲੇ ਐਸ ਪੀ ਐਸ ਈਜ਼ 'ਤੇ ਉਨ੍ਹਾਂ ਦੇ ਵਿੱਤੀ ਵਿਵਰਣੀਆਂ ਨੂੰ ਛੇਤੀ ਅੰਤਿਮ ਰੂਪ ਦੇਣ ਲਈ ਦਬਾਅ ਪਾ ਸਕਦੀ ਹੈ। ਵਿੱਤੀ ਵਿਵਰਣੀਆਂ ਤੋਂ ਬਿਨ੍ਹਾਂ, ਅਜਿਹੇ ਐਸ ਪੀ ਐਸ ਈਜ਼ ਵਿੱਚ ਸਰਕਾਰੀ ਨਿਵੇਸ਼ 'ਤੇ ਅਧਿਨਿਯਮਿਕ ਨਿਗਰਾਨੀ ਦੀ ਘਾਟ ਹੈ।**

# ਅਧਿਆਇ-IV

# ਕਾਰਪੋਰੇਟ ਪ੍ਰਸ਼ਾਸਨ

# ਅਧਿਆਇ – IV

# ਕਾਰਪੋਰੇਟ ਪ੍ਰਸ਼ਾਸਨ

## 4.1 ਭੂਮਿਕਾ

### 4.1.1 ਕਾਰਪੋਰੇਟ ਪ੍ਰਸ਼ਾਸਨ ਦੀ ਜ਼ਰੂਰਤ

ਕਾਰਪੋਰੇਟ ਪ੍ਰਸ਼ਾਸਨ ਲੰਮੇ ਸਮੇਂ ਦੇ ਰਣਨੀਤਕ ਟੀਚੇ ਨੂੰ ਪ੍ਰਾਪਤ ਕਰਨ ਲਈ ਹਿੱਸੇਦਾਰਾਂ ਨੂੰ ਸੰਤੁਸ਼ਟ ਕਰਨ ਅਤੇ ਕਾਨੂੰਨੀ ਅਤੇ ਰੈਗੂਲੇਟਰੀ ਜ਼ਰੂਰਤਾਂ ਦੀ ਪਾਲਣਾ ਕਰਨ ਦੇ ਵਿਚਾਰ ਨਾਲ ਸੰਗਠਨ ਨੂੰ ਉਸਾਰਨ, ਸੰਚਾਲਿਤ ਤੇ ਨਿਯੰਤਰਣ ਕਰਨ ਦੀ ਇੱਕ ਪ੍ਰਣਾਲੀ ਹੈ। ਕਾਰਪੋਰੇਟ ਪ੍ਰਸ਼ਾਸਨ, ਕੰਪਨੀਆਂ ਵਿੱਚ ਵਧੇਰੀ ਪਾਰਦਰਸ਼ਤਾ ਅਤੇ ਬਿਹਤਰ ਅਤੇ ਸਮੇਂ ਸਿਰ ਵਿੱਤੀ ਰਿਪੋਰਟਿੰਗ ਨੂੰ ਯਕੀਨੀ ਬਣਾਉਣ ਲਈ, ਨਿਰਦੇਸ਼ਤ ਅਤੇ ਨਿਯੰਤਰਣ ਕਰਨ ਦਾ ਇੱਕ ਤਰੀਕਾ ਹੈ। ਇਹ ਕੰਪਨੀ ਅਤੇ ਪ੍ਰਬੰਧਨ ਦੇ ਸਦਾਚਾਰ, ਨੈਤਿਕਤਾ, ਮੁੱਲਾਂ ਦੇ ਮਾਪਦੰਡ, ਆਚਰਣ ਅਤੇ ਵਿਵਹਾਰ ਨਾਲ ਸੰਬੰਧਤ ਹੈ। ਪ੍ਰਸ਼ਾਸਨ ਦੀ ਚੰਗੀ ਬਣਤਰ ਦੀ ਅਣਹੋਂਦ ਅਤੇ ਪ੍ਰਸ਼ਾਸਨ ਦੇ ਸਿਧਾਂਤਾਂ ਦੀ ਪਾਲਣਾ ਦੀ ਘਾਟ, ਜਨਤਕ ਖੇਤਰ ਵਿੱਚ ਪ੍ਰਬੰਧਨ ਦੁਆਰਾ ਭ੍ਰਿਸ਼ਟਾਚਾਰ ਅਤੇ ਸੌਂਪੀ ਗਈ ਸ਼ਕਤੀ ਦੀ ਦੁਰਵਰਤੋਂ ਦੇ ਜੋਖਮ ਨੂੰ ਵਧਾਉਂਦੀ ਹੈ।

### 4.1.2 ਕੰਪਨੀਜ਼ ਐਕਟ, 2013 ਵਿੱਚ ਸ਼ਾਮਲ ਕੀਤੀਆਂ ਗਈਆਂ ਵਿਵਸਥਾਵਾਂ

ਕੰਪਨੀਜ਼ ਐਕਟ, 2013 (ਐਕਟ, 2013) ਨੂੰ 29 ਅਗਸਤ 2013 ਨੂੰ ਕੰਪਨੀਜ਼ ਐਕਟ, 1956 ਦੀ ਥਾਂ ਤੇ ਲਾਗੂ ਕੀਤਾ ਗਿਆ ਸੀ। ਇਸਦੇ ਇਲਾਵਾ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨੇ ਕੰਪਨੀਜ਼ (ਅਪਾਇੰਟਮੇਨਟ ਐਂਡ ਕੁਆਲੀਫਿਕੇਸ਼ਨ ਆਫ਼ ਡਾਇਰੈਕਟਰਜ਼) ਰੂਲਜ਼, 2014; ਕੰਪਨੀਜ਼ (ਮੀਟਿੰਗਜ਼ ਆਫ਼ ਬੋਰਡ ਐਂਡ ਇਟਜ਼ ਪਾਵਰਜ਼) ਰੂਲਜ਼, 2014 ਅਤੇ ਕੰਪਨੀਜ਼ (ਅਕਾਊਂਟਸ) ਰੂਲਜ਼, 2014 ਨੂੰ ਅਧਿਸੂਚਿਤ ਕੀਤਾ (ਮਾਰਚ 2014) ਹੈ। ਐਕਟ, 2013 ਦੇ ਨਾਲ ਉਪਰੋਕਤ ਕੰਪਨੀਜ਼ ਰੂਲਜ਼, 2014 ਮਿਲ ਕੇ ਕਾਰਪੋਰੇਟ ਪ੍ਰਸ਼ਾਸਨ ਲਈ ਢਾਂਚਾ ਪ੍ਰਦਾਨ ਕਰਦੇ ਹਨ। ਇਹ ਜ਼ਰੂਰਤਾਂ ਇਹ ਵਿਵਸਥਾ ਕਰਦੀਆਂ ਹਨ:

- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਬੋਰਡ ਦੇ ਸੁਤੰਤਰ ਨਿਰਦੇਸ਼ਕਾਂ ਦੀ ਲਾਜ਼ਮੀ ਨਿਯੁਕਤੀ {ਸੈਕਸ਼ਨ 149(4) ਕੰਪਨੀਜ਼ (ਅਪਾਇੰਟਮੇਨਟ ਐਂਡ ਕੁਆਲੀਫਿਕੇਸ਼ਨ ਆਫ਼ ਡਾਇਰੈਕਟਰਜ਼) ਰੂਲਜ਼, 2014 ਦੇ ਰੂਲ 4 ਨਾਲ ਪੜ੍ਹਦੇ ਹੋਏ}:
    - ਹਰੇਕ ਸੂਚੀਬੱਧ ਜਨਤਕ ਕੰਪਨੀ ਕੋਲ ਨਿਰਦੇਸ਼ਕਾਂ ਦੀ ਕੁੱਲ ਸੰਖਿਆ ਦੀ ਘੱਟੋ-ਘੱਟ ਇੱਕ ਤਿਹਾਈ ਹਿੱਸੇਦਾਰੀ ਸੁਤੰਤਰ ਨਿਰਦੇਸ਼ਕਾ ਵੱਜੋਂ ਹੋਵੇਗੀ; ਅਤੇ
    - ₹ 10 ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਇਸ ਤੋਂ ਵੱਧ ਦੇ ਟਰਨਓਵਰ; ਜਾਂ ਕੁੱਲ ਬਕਾਇਆ ₹ 50 ਕਰੋੜ ਤੋਂ ਵੱਧ ਦੇ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਜਨਤਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

- ਸੁਤੰਤਰ ਨਿਰਦੇਸ਼ਕਾਂ ਲਈ ਯੋਗਤਾਵਾਂ ਦੇ ਨਾਲ ਨਾਲ ਕਰਤੱਵ ਅਤੇ ਪੇਸ਼ੇਵਰ ਵਿਹਾਰ ਲਈ ਦਿਸ਼ਾ ਨਿਰਦੇਸ਼ {ਸੈਕਸ਼ਨ 149(6) ਕੰਪਨੀਜ਼ (ਅਪਾਇੰਟਮੇਨਟ ਐਂਡ ਕੁਆਲੀਫਿਕੇਸ਼ਨ ਆਫ਼ ਡਾਇਰੈਕਟਰਜ਼) ਰੂਲਜ਼, 2014 ਦੇ ਰੂਲ 5 ਨਾਲ ਪੜ੍ਹਦੇ ਹੋਏ}।

- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਬੋਰਡ ਤੇ ਘੱਟੋ-ਘੱਟ ਇੱਕ ਮਹਿਲਾ ਨਿਰਦੇਸ਼ਕ ਦੀ ਲਾਜ਼ਮੀ ਨਿਯੁਕਤੀ {ਸੈਕਸ਼ਨ 149(1) ਕੰਪਨੀਜ਼ (ਅਪਾਇੰਟਮੇਨਟ ਐਂਡ ਕੁਆਲੀਫਿਕੇਸ਼ਨ ਆਫ਼ ਡਾਇਰੈਕਟਰਜ਼) ਰੂਲਜ਼, 2014 ਦੇ ਰੂਲ 3 ਨਾਲ ਪੜ੍ਹਦੇ ਹੋਏ}:

  - ਹਰੇਕ ਸੂਚੀਬੱਧ ਕੰਪਨੀ; ਅਤੇ

  - ₹ 100 ਕਰੋੜ ਜਾਂ ਇਸ ਤੋਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 300 ਕਰੋੜ ਜਾਂ ਵੱਧ ਦੇ ਟਰਨਓਵਰ ਵਾਲੀ ਹਰ ਦੂਜੀ ਜਨਤਕ ਕੰਪਨੀ।

- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਕੁੱਝ ਕਮੇਟੀਆਂ ਦੀ ਲਾਜ਼ਮੀ ਸਥਾਪਨਾ ਜਿਵੇਂ ਕਿ ਲੇਖਾ ਪ੍ਰੀਖਿਆ ਕਮੇਟੀ {ਸੈਕਸ਼ਨ 177(1)}, ਨਾਮੀਨੇਸ਼ਨ ਐਂਡ ਰੇਮੁਨਿਰੇਸ਼ਨ ਕਮੇਟੀ {ਸੈਕਸ਼ਨ 178(1) (ਕੰਪਨੀਜ਼ ਮੀਟਿੰਗਜ਼ ਆਫ਼ ਬੋਰਡ ਐਂਡ ਇਟਜ਼ ਪਾਵਰਜ਼) ਰੂਲਜ਼, 2014 ਦੇ ਰੂਲ 6 ਨਾਲ ਪੜ੍ਹਦੇ ਹੋਏ}:

  - ਹਰੇਕ ਸੂਚੀਬੱਧ ਕੰਪਨੀ; ਅਤੇ

  - ₹ 10 ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਕੁੱਲ ਬਕਾਇਆ ਕਰਜ਼ੇ ਜਾਂ ਉਧਾਰ ਜਾਂ ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਜਨਤਕ ਕੰਪਨੀ।

- ਹਰ ਸਾਲ ਬੋਰਡ ਆਫ਼ ਡਾਇਰੈਕਟਰਜ਼ ਦੀਆਂ ਘੱਟੋ-ਘੱਟ ਚਾਰ ਮੀਟਿੰਗਾਂ ਇਸ ਤਰੀਕੇ ਨਾਲ ਆਯੋਜਿਤ ਕਰਨਾ ਕਿ ਬੋਰਡ ਦੀਆਂ ਲਗਾਤਾਰ ਦੋ ਮੀਟਿੰਗਾਂ ਵਿੱਚ 120 ਦਿਨਾਂ ਤੋਂ ਵੱਧ ਦਾ ਸਮਾਂ ਨਹੀਂ ਹੋਵੇਗਾ {ਸੈਕਸ਼ਨ 173(1)}।

### 4.1.3 ਕਾਰਪੋਰੇਟ ਪ੍ਰਸ਼ਾਸਨ ਤੇ ਸੇਬੀ ਦੇ ਦਿਸ਼ਾ ਨਿਰਦੇਸ਼

ਐਕਟ, 2013 ਦੇ ਲਾਗੂ ਹੋਣ ਤੋਂ ਬਾਅਦ, ਸਿਕਓਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਸੇਬੀ) ਨੇ ਇਕਵਟੀ ਲਿਸਟਿੰਗ ਐਗਰੀਮੈਂਟ ਦੀ ਕਲਾਜ਼ 49 ਨੂੰ ਐਕਟ, 2013 ਵਿੱਚ ਦੱਸੇ ਗਏ ਕਾਰਪੋਰੇਟ ਪ੍ਰਸ਼ਾਸਨ ਦੀਆਂ ਵਿਵਸਥਾਵਾਂ ਨਾਲ ਇਕਸਾਰ ਕਰਨ ਲਈ ਸੋਧਿਤ (ਅਪ੍ਰੈਲ ਅਤੇ ਸਤੰਬਰ 2014) ਕੀਤਾ।

ਪਿਛਲੀਆਂ ਵਿਵਸਥਾਵਾਂ ਨੂੰ ਰੱਦ ਕਰਦੇ ਹੋਏ, ਸਿਕਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ਨੇ ਸੇਬੀ (ਲਿਸਟਿੰਗ ਓਬਲਿਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਜ਼) ਰੈਗੁਲੇਸ਼ਨਜ਼, 2015 ਨੂੰ ਅਧਿਸੂਚਿਤ ਕੀਤਾ (2 ਸਤੰਬਰ 2015) ਜੋ ਕਿ 1 ਦਸੰਬਰ 2015 ਤੋਂ ਲਾਗੂ ਹੋਏ ਸਨ।

ਅੱਗੇ, ਸੇਬੀ ਨੇ ਸਾਰੀਆਂ ਕਿਸਮਾਂ ਦੀਆਂ ਸਿਕਉਰਿਟੀਆਂ ਲਈ ਇਕ ਜੈਸਾ ਲਿਸਟਿੰਗ ਐਗਰੀਮੈਂਟ ਫਾਰਮੈਟ ਜ਼ਾਰੀ ਕੀਤਾ (13 ਅਕਤੂਬਰ 2015) ਜਿਸ ਲਈ ਸੂਚੀਬੱਧ ਇਕਾਈ ਨੂੰ ਸੇਬੀ ਲਿਸਟਿੰਗ

ਓਬਲਿਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਜ਼) ਰੈਗੁਲੇਸ਼ਨਜ਼, 2015 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਨ ਦੀ ਲੋੜ ਸੀ। ਇਨ੍ਹਾਂ ਨਿਯਮਾਂ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਗਈ ਸੀ।

### 4.1.4 ਐਸ ਪੀ ਐਸ ਈਜ਼ ਦੁਆਰਾ ਕਾਰਪੋਰੇਟ ਪ੍ਰਸ਼ਾਸਨ ਉਪਬੰਧਾਂ ਦੀ ਪਾਲਣਾ ਦੀ ਸਮੀਖਿਆ

31 ਮਾਰਚ 2023 ਤੱਕ, ਪੰਜਾਬ ਰਾਜ ਵਿੱਚ 45 ਰਾਜ ਜਨਤਕ ਖੇਤਰ ਦੇ ਅਦਾਰੇ (ਐਸ ਪੀ ਐਸ ਈਜ਼) (ਤਿੰਨ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਸਮੇਤ) ਕੰਪਨੀਜ਼ ਐਕਟ ਅਧੀਨ ਰਜਿਸਟਰਡ ਅਤੇ ਭਾਰਤ ਦੇ ਸੀ ਏ ਜੀ ਦੀ ਲੇਖਾ ਪ੍ਰੀਖਿਆ ਖੇਤਰ ਅਧੀਨ ਸਨ (ਜਿਵੇਂ ਕਿ ***ਅਨੁਲੱਗ 4.1*** ਵਿੱਚ ਵਿਸਤ੍ਰਿਤ ਹੈ)। ਇਸ ਅਧਿਆਇ ਵਿੱਚ, 31 ਮਾਰਚ 2023 ਨੂੰ ਸਮਾਪਤ ਹੋਏ ਸਾਲ ਲਈ, 29 ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਸਮੀਖਿਆ ਸ਼ਾਮਲ ਹੈ। ਇਨ੍ਹਾਂ 29 ਐਸ ਪੀ ਐਸ ਈਜ਼ ਵਿੱਚੋਂ ਸਿਰਫ ਇੱਕ ਐਸ ਪੀ ਐਸ ਈ *ਭਾਵ*, ਜੋ ਕਿ ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ (ਪੀ ਸੀ ਐਲ) ਹੈ, ਸੂਚੀਬੱਧ[51] ਕੰਪਨੀ ਹੈ। ਇਸ ਅਧਿਆਇ ਵਿੱਚ ਸ਼ਾਮਲ ਕਾਰਜਸ਼ੀਲ ਐਸ ਪੀ ਐਸ ਈਜ਼ ਅਤੇ ਬਾਹਰ ਰੱਖੇ ਗਏ ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਸੂਚੀ ***ਅਨੁਲੱਗ 4.1*** ਵਿੱਚ ਦਿੱਤੀ ਗਈ ਹੈ।

ਸਮੀਖਿਆ ਦੇ ਉਦੇਸ਼ ਲਈ ਮੁਲਾਂਕਣ, ਐਕਟ, 2013 ਵਿੱਚ ਦੱਸੇ ਗਏ ਉਪਬੰਧਾਂ ਅਤੇ ਕਾਰਪੋਰੇਟ ਪ੍ਰਸ਼ਾਸਨ ਤੇ ਸੇਬੀ ਦੇ ਜ਼ਾਰੀ ਕੀਤੇ (ਅਪ੍ਰੈਲ ਅਤੇ ਸਤੰਬਰ 2014) ਦਿਸ਼ਾ ਨਿਰਦੇਸ਼ਾਂ/ਨਿਯਮਾਂ ਅਤੇ ਐਸ ਪੀ ਐਸ ਈਜ਼ ਦੁਆਰਾ ਇਸਦੀ ਪਾਲਣਾ ਦੇ ਆਧਾਰ ਤੇ ਕੀਤਾ ਗਿਆ ਸੀ।

## 4.2 ਬੋਰਡ ਆਫ਼ ਡਾਇਰੈਕਟਜ਼ ਦੀ ਬਣਤਰ

### 4.2.1 ਸੁਤੰਤਰ ਨਿਰਦੇਸ਼ਕ

ਐਕਟ, 2013 ਦੀ ਸੈਕਸ਼ਨ 149(6) ਦੇ ਅਨੁਸਾਰ 'ਸੁਤੰਤਰ ਨਿਰਦੇਸ਼ਕ' ਦਾ ਅਰਥ ਕੰਪਨੀ ਦੇ ਮੈਨੇਜਿੰਗ ਨਿਰਦੇਸ਼ਕ ਜਾਂ ਪੂਰੇ ਸਮੇਂ ਲਈ ਨਿਰਦੇਸ਼ਕ ਜਾਂ ਨਾਮਜ਼ਦ ਨਿਰਦੇਸ਼ਕ ਤੋਂ ਇਲਾਵਾ ਇੱਕ ਨਿਰਦੇਸ਼ਕ ਹੋਵੇਗਾ। ਬੋਰਡ ਵਿੱਚ, ਪ੍ਰਬੰਧਨ ਦੇ ਫੈਸਲਿਆਂ ਤੇ ਸੁਤੰਤਰ ਵਿਚਾਰ ਰੱਖਣ ਵਾਲੇ, ਸੁਤੰਤਰ ਨਿਰਦੇਸ਼ਕ ਦੀ ਮੌਜੂਦਗੀ, ਸ਼ੇਅਰਧਾਰਕਾਂ ਅਤੇ ਹੋਰ ਹਿੱਸੇਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਵਿਆਪਕ ਤੌਰ 'ਤੇ ਮੁੱਖ ਸਾਧਨ ਮੰਨਿਆ ਜਾਂਦਾ ਹੈ। ਐਕਟ, 2013 ਦੀ ਸੈਕਸ਼ਨ 149(4) ਦੇ ਅਨੁਸਾਰ, ਹਰੇਕ ਸੂਚੀਬੱਧ ਜਨਤਕ ਕੰਪਨੀ ਵਿੱਚ ਕੁੱਲ ਨਿਰਦੇਸ਼ਕਾਂ ਦੀ ਘੱਟੋ-ਘੱਟ ਇੱਕ ਤਿਹਾਈ ਹਿੱਸੇਦਾਰੀ ਸੁਤੰਤਰ ਨਿਰਦੇਸ਼ਕਾ ਵੱਜੋਂ ਹੋਵੇਗੀ। ਅੱਗੇ, ਕੰਪਨੀਜ਼ (ਅਪਾਇਨਟਮੈਂਟ ਐਂਡ ਕਵਾਲੀਫਿਕੇਸ਼ਨ ਆਫ਼ ਡਾਇਰੇਕਟਰਜ਼) ਰੂਲਜ਼, 2014 ਦਾ ਰੂਲ 4 ਵਿਵਸਥਾ ਕਰਦਾ ਹੈ ਕਿ ਹਰੇਕ ਗੈਰ-ਸੂਚੀਬੱਧ ਜਨਤਕ ਕੰਪਨੀ ਜਿਸ ਦੀ ਅਦਾ ਕੀਤੀ ਗਈ ਸ਼ੇਅਰ ਪੂੰਜੀ ₹ 10 ਕਰੋੜ ਜਾਂ ਉਸ ਤੋਂ ਵੱਧ; ਟਰਨਓਵਰ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਇੱਕਠੇ ਹੋਏ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ₹ 50 ਕਰੋੜ ਤੋਂ ਵੱਧ ਹੋਣ ਤਾਂ ਉਨ੍ਹਾਂ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ। ਇਸ ਤੋਂ ਇਲਾਵਾ, ਮਿਤੀ 05 ਜੂਨ 2015 ਦੀ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (ਐਮ ਸੀ ਏ) ਦੀ ਨੋਟੀਫਿਕੇਸ਼ਨ ਜੀ ਐਸ ਆਰ -463 (ਈ) ਦੇ ਅਨੁਸਾਰ, ਸਰਕਾਰੀ ਕੰਪਨੀ ਦੇ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ ਸਰਕਾਰ ਦੇ ਮੰਤਰਾਲੇ ਜਾਂ ਵਿਭਾਗ, ਜੋ ਕੰਪਨੀ ਦਾ ਪ੍ਰਬੰਧਕੀ ਤੌਰ ਤੇ ਇੰਚਾਰਜ ਹੈ, ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਐਮ ਸੀ ਏ ਦੀ ਨੋਟੀਫਿਕੇਸ਼ਨ ਜੀ ਐਸ ਆਰ-466 (ਈ) ਮਿਤੀ 05 ਜੂਨ 2015 ਵਿਵਸਥਾ ਕਰਦੀ ਹੈ ਕਿ ਐਕਟ, 2013 ਦੀ

[51] ਬੰਬੇ ਸਟਾਕ ਐਕਸਚੇਂਜ ਤੇ ਸੂਚੀਬੱਧ

ਸੈਕਸ਼ਨ 8 (*ਭਾਵ* ਚੈਰੀਟੇਬਲ ਅੱਗੇ ਵਧਾਉਣ ਜਾਂ ਲਾਭ ਦੇ ਉਦੇਸ਼ਾਂ ਨਾਲ ਨਹੀਂ ਸਥਾਪਤ ਕੀਤੀ ਗਈ ਕੰਪਨੀ) ਦੇ ਅਧੀਨ ਰਜਿਸਟਰਡ ਕੰਪਨੀ ਨੂੰ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੀ ਜ਼ਰੂਰਤ ਨਹੀਂ ਹੈ; ਅਤੇ ਐਮ ਸੀ ਏ ਦੀ ਨੋਟੀਫਿਕੇਸ਼ਨ 05 ਜੁਲਾਈ 2017 ਵਿਵਸਥਾ ਕਰਦੀ ਹੈ ਕਿ ਇੱਕ ਗੈਰ ਸੂਚੀਬੱਧ ਜਨਤਕ ਕੰਪਨੀ, ਜੋ ਕਿ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ, ਨੂੰ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੀ ਜਰੂਰਤ ਨਹੀਂ ਹੈ।

ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਨਾਲ ਸਬੰਧਤ ਇਨ੍ਹਾਂ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਅੱਠ ਐਸ ਪੀ ਐਸ ਈਜ਼ ਦੀ ਸੂਚੀ ***ਅੰਤਿਕਾ 4.2*** ਵਿੱਚ ਦਿੱਤੀ ਗਈ ਹੈ। 31 ਮਾਰਚ 2023 ਤੱਕ, ਇਨ੍ਹਾਂ ਅੱਠ ਐਸ ਪੀ ਐਸ ਈਜ਼ ਵਿੱਚੋਂ ਚਾਰ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਕੋਈ ਸੁਤੰਤਰ ਨਿਰਦੇਸ਼ਕ ਨਹੀਂ ਸੀ ਜਿਵੇਂ ਕਿ **ਸਾਰਣੀ** 4.1 ਵਿੱਚ ਵਿਸਤ੍ਰਿਤ ਹੈ। ਬਾਕੀ ਚਾਰ ਐਸ ਪੀ ਐਸ ਈਜ਼ ਵਿੱਚੋਂ, ਦੋ[52] ਉਨ੍ਹਾਂ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕਾਂ ਹੋਣ ਦੇ ਮਾਪਦੰਡਾਂ ਦੀ ਜ਼ਰੂਰਤ ਨੂੰ ਪੂਰਾ ਕਰਦੀਆਂ ਸਨ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਵਿੱਚ ਦੋ ਸੁਤੰਤਰ ਨਿਰਦੇਸ਼ਕਾਂ ਦੀ ਲੋੜ ਦੇ ਮੁਕਾਬਲੇ, ਸਾਲ 2022-23 (6 ਨਵੰਬਰ 2022 ਤੱਕ) ਦੇ ਹਿੱਸੇ ਲਈ ਦੋ ਸੁਤੰਤਰ ਨਿਰਦੇਸ਼ਕ ਸਨ। ਇਸ ਤੋਂ ਬਾਅਦ, ਇੱਕ ਸੁਤੰਤਰ ਨਿਰਦੇਸ਼ਕ ਦਾ ਅਹੁਦਾ ਖਾਲੀ ਰਿਹਾ।

ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ (ਕੰਨਵੇਅਰ) ਵਿੱਚ, ਸਿਰਫ ਇੱਕ ਸੁਤੰਤਰ ਨਿਰਦੇਸ਼ਕ ਸੀ।

ਕੰਨਵੇਅਰ ਨੇ ਜਵਾਬ ਦਿੱਤਾ (ਜਨਵਰੀ 2024) ਕਿ ਇਹ ਮਾਮਲਾ ਸਮੇਂ-ਸਮੇਂ ਤੇ ਰਾਜ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਅਤੇ ਇਹ ਰਾਜ ਸਰਕਾਰ ਦੇ ਵਿਚਾਰ ਅਧੀਨ ਸੀ।

**ਸਾਰਣੀ 4.1: ਐਸ ਪੀ ਐਸ ਈਜ਼ ਜਿੰਨ੍ਹਾਂ ਵਿੱਚ ਕੋਈ ਵੀ ਸੁਤੰਤਰ ਨਿਰਦੇਸ਼ਕ ਨਹੀਂ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਜੈਨਕੋ ਲਿਮਟਡ |
| 2. | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ |
| 4. | ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪੰਜਾਬ ਜੈਨਕੋ ਲਿਮਟਡ (ਪੀ ਜੀ ਐਲ) ਨੇ ਕਿਹਾ (ਫਰਵਰੀ 2024) ਕਿ ਸਾਰੇ ਨਿਰਦੇਸ਼ਕ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਸਨ ਅਤੇ ਉਹ ਸੁਤੰਤਰ ਨਿਰਦੇਸ਼ਕ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਰਾਜ ਸਰਕਾਰ ਨੇ ਇਨ੍ਹਾਂ ਨਿਰਦੇਸ਼ਕਾਂ ਨੂੰ ਵੱਖਰੇ ਤੌਰ 'ਤੇ ਸੁਤੰਤਰ ਨਿਰਦੇਸ਼ਕ ਵੱਜੋਂ ਨਾਮਜ਼ਦ ਨਹੀਂ ਕੀਤਾ ਹੈ ਜੋ ਉਹ ਕਰ ਸਕਦੀ ਸੀ, ਜਾਂ ਕੰਪਨੀ ਇਸ ਮਾਮਲੇ ਨੂੰ ਰਾਜ ਸਰਕਾਰ ਕੋਲ ਉਠਾ ਸਕਦੀ ਸੀ ਤਾਂ ਜੋ ਉਨ੍ਹਾਂ ਨੂੰ ਇਸ ਤਰ੍ਹਾਂ ਨਾਮਜ਼ਦ ਕੀਤਾ ਜਾ ਸਕੇ।

ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ (ਪਨਗ੍ਰੇਨ) ਨੇ ਕਿਹਾ (ਜਨਵਰੀ 2024) ਕਿ ਬੋਰਡ ਵਿੱਚ ਨਿਰਦੇਸ਼ਕਾਂ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਂਦੀ ਹੈ ਅਤੇ ਇਸ ਕੋਲ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਪੰਜਾਬ ਵਾਟਰ ਰਿਸੋਰਸ਼ਿਜ਼

[52] ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ

ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਪੀ ਡਬਲਯੂ ਆਰ ਐਮ ਡੀ ਸੀ) ਨੇ ਕਿਹਾ (ਜਨਵਰੀ 2024) ਕਿ ਰਾਜ ਸਰਕਾਰ ਦੁਆਰਾ ਬੋਰਡ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ। ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ (ਪਨਬੱਸ) ਨੇ ਕਿਹਾ (ਜਨਵਰੀ 2024) ਕਿ ਕੰਪਨੀ ਕੋਲ ਜੂਨ 2022 ਤੱਕ ਸੁਤੰਤਰ ਨਿਰਦੇਸ਼ਕ ਸਨ, ਇਸ ਤੋਂ ਬਾਅਦ ਰਾਜ ਸਰਕਾਰ ਦੁਆਰਾ ਕੋਈ ਸੁਤੰਤਰ ਨਿਰਦੇਸ਼ਕ ਨਿਯੁਕਤ ਨਹੀਂ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਦਾ ਇਹ ਦ੍ਰਿਸ਼ਟੀਕੋਣ ਹੈ ਕਿ ਇਹ ਐਸ ਪੀ ਐਸ ਈਜ਼ ਰਾਜ ਸਰਕਾਰ ਕੋਲ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਦੇ ਮਾਮਲੇ ਨੂੰ ਉਠਾ ਸਕਦੇ ਸਨ।

ਇਹ ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਅਗਸਤ 2024); ਇਸ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ (ਜਨਵਰੀ 2025)।

### 4.2.2 ਬੋਰਡ ਆਫ਼ ਡਾਇਰੈਕਟਰਜ਼ ਵਿੱਚ ਮਹਿਲਾ ਨਿਰਦੇਸ਼ਕ ਦੀ ਨੁਮਾਇੰਦਗੀ

ਐਕਟ, 2013 ਦੀ ਸੈਕਸ਼ਨ 149(1), ਕੰਪਨੀਜ਼ (ਅਪਾਇਨਟਮੈਂਟ ਐਂਡ ਕਵਾਲੀਫਿਕੇਸ਼ਨ ਆਫ਼ ਡਾਇਰੇਕਟਰਜ਼) ਰੂਲਜ਼, 2014 ਦੇ ਰੂਲ 3 ਨਾਲ ਪੜ੍ਹਦੇ ਹੋਏ, ਇਹ ਵਿਵਸਥਾ ਕਰਦੀ ਹੈ ਕਿ ਹਰੇਕ ਸੂਚੀਬੱਧ ਜਨਤਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਇਕ ਮਹਿਲਾ ਨਿਰਦੇਸ਼ਕ ਹੋਵੇਗੀ ਅਤੇ ਹਰ ਦੂਜੀ ਜਨਤਕ ਕੰਪਨੀ ਜਿਸ ਦੀ ਅਦਾ ਕੀਤੀ ਗਈ ਸ਼ੇਅਰ ਪੂੰਜੀ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਟਰਨਓਵਰ ₹ 300 ਕਰੋੜ ਜਾਂ ਉਸ ਤੋਂ ਵੱਧ ਹੋਵੇ, ਦੇ ਬੋਰਡ ਵਿੱਚ ਘੱਟੋ-ਘੱਟ ਇੱਕ ਮਹਿਲਾ ਨਿਰਦੇਸ਼ਕ ਹੋਵੇਗੀ। ਹਾਲਾਂਕਿ, ਐਮ ਸੀ ਏ ਦੀ ਨੋਟੀਫਿਕੇਸ਼ਨ ਜੀ ਐਸ ਆਰ 466 (ਈ) ਮਿਤੀ 05 ਜੂਨ 2015 ਦੇ ਅਨੁਸਾਰ, ਐਕਟ, 2013 ਦੀ ਸੈਕਸ਼ਨ 8 ਦੇ ਅਧੀਨ ਰਜਿਸਟਰਡ ਕੰਪਨੀ ਨੂੰ ਮਹਿਲਾ ਨਿਰਦੇਸ਼ਕ ਨਿਯੁਕਤ ਕਰਨ ਦੀ ਜ਼ਰੂਰਤ ਨਹੀਂ ਹੈ।

ਇਨ੍ਹਾਂ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਸੱਤ ਐਸ ਪੀ ਐਸ ਈਜ਼ ਦੀ ਸੂਚੀ ***ਅੰਤਿਕਾ 4.3*** ਵਿੱਚ ਦਿੱਤੀ ਗਈ ਹੈ। ਇਨ੍ਹਾਂ ਸੱਤ ਐਸ ਪੀ ਐਸ ਈਜ਼ ਵਿੱਚੋਂ, ਦੋ ਐਸ ਪੀ ਐਸ ਈਜ਼[53] ਦੇ ਬੋਰਡ ਵਿੱਚ 31 ਮਾਰਚ 2023 ਤੱਕ ਕੋਈ ਮਹਿਲਾ ਨਿਰਦੇਸ਼ਕ ਨਹੀਂ ਸੀ।

ਪੀ ਡਬਲਯੂ ਆਰ ਐਮ ਡੀ ਸੀ ਨੇ ਕਿਹਾ (ਫਰਵਰੀ 2024) ਕਿ ਰਾਜ ਸਰਕਾਰ ਦੁਆਰਾ ਇੱਕ ਮਹਿਲਾ ਨਿਰਦੇਸ਼ਕ ਨਿਯੁਕਤ ਕੀਤੀ ਗਈ ਸੀ, ਹਾਲਾਂਕਿ, ਉਹ ਬੋਰਡ ਵਿੱਚ ਸ਼ਾਮਲ ਨਹੀਂ ਹੋਈ ਸੀ (ਫਰਵਰੀ 2024)।

ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ (ਪੀ ਏ ਐਫ ਸੀ) ਨੇ ਕਿਹਾ (ਫਰਵਰੀ 2025) ਕਿ ਸਮੀਖਿਆ ਅਧੀਨ ਮਿਆਦ ਦੌਰਾਨ ਮਹਿਲਾ ਨਿਰਦੇਸ਼ਕਾਂ ਦੀ ਨਿਯੁਕਤੀ ਲਈ ਉਸ ਨੂੰ ਕੋਈ ਵਿਸ਼ੇਸ਼ ਨਾਮਜ਼ਦਗੀਆਂ ਪ੍ਰਾਪਤ ਨਹੀਂ ਹੋਈਆਂ, ਇਸ ਲਈ, 2022-23 ਦੌਰਾਨ ਕੋਈ ਮਹਿਲਾ ਨਿਰਦੇਸ਼ਕ ਨਹੀਂ ਹੈ। ਇਸ ਤੋਂ ਇਲਾਵਾ, ਕਿਉਂਕਿ ਕੰਪਨੀ ਦੀ ਅਨਾਜ ਖਰੀਦ ਗਤੀਵਿਧੀ *ਭਾਵ* ਖਰੀਫ ਮਾਰਕੇਟਿੰਗ ਸੀਜ਼ਨ (ਕੇ ਐਮ ਐਸ) 2019-20 ਤੋਂ ਵਾਪਸ ਲੈ ਲਈ ਗਈ ਹੈ ਅਤੇ ਇਹ ਪਨਗ੍ਰੇਨ ਨਾਲ ਰਲੇਵੇਂ ਦੀ ਪ੍ਰਕਿਰਿਆ ਵਿੱਚ ਹੈ, ਇਸ ਲਈ ਨਵੇਂ ਨਿਰਦੇਸ਼ਕਾਂ ਦੀ ਨਿਯੁਕਤੀ ਦੀ ਕੋਈ ਲੋੜ ਨਹੀਂ ਹੋਵੇਗੀ। ਮਾਰਚ 2022 ਨੂੰ ਸਮਾਪਤ ਹੋਣ ਵਾਲੇ ਵਿੱਤੀ ਸਾਲ ਲਈ ₹ 414.23 ਕਰੋੜ ਦੇ

---

[53] ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ

ਟਰਨਓਵਰ ਕਾਰਨ ਮਹਿਲਾ ਨਿਰਦੇਸ਼ਕਾਂ ਦੀ ਨਿਯੁਕਤੀ ਸਬੰਧੀ ਵਿਵਸਥਾਵਾਂ ਕੰਪਨੀ ਤੇ ਲਾਗੂ ਹੋਈਆਂ ਸਨ। ਕਿਉਂਕਿ ਵਿੱਤੀ ਸਾਲ 2022-23 ਦੌਰਾਨ ਕੋਈ ਹੋਰ ਕਾਰੋਬਾਰੀ ਗਤੀਵਿਧੀ ਨਹੀਂ ਸੀ ਅਤੇ ਟਰਨਓਵਰ ਸਿਰਫ ₹ 6.42 ਕਰੋੜ ਸੀ, ਇਸ ਲਈ ਮਹਿਲਾ ਨਿਰਦੇਸ਼ਕ ਦੀ ਨਿਯੁਕਤੀ ਦੀਆਂ ਵਿਵਸਥਾਵਾਂ ਹੁਣ ਲਾਗੂ ਨਹੀਂ ਸਨ।

ਪੀ ਏ ਐਫ ਸੀ ਦਾ ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਕੰਪਨੀ ਦੀ ਨਵੀਨਤਮ ਲੇਖਾ ਪ੍ਰੀਖਿਆ ਕੀਤੀ ਵਿੱਤੀ ਵਿਵਰਣੀਆਂ ਦੀ ਆਖਰੀ ਮਿਤੀ *ਭਾਵ* 2021-22 ਦੇ ਟਰਨਓਵਰ ਨੂੰ 2022-23 ਦੌਰਾਨ ਮਹਿਲਾ ਨਿਰਦੇਸ਼ਕਾਂ ਨਾਲ ਸਬੰਧਤ ਉਪਬੰਧਾਂ ਨੂੰ ਲਾਗੂ ਕਰਨ ਲਈ ਵਿਚਾਰਿਆ ਜਾਣਾ ਸੀ।

### 4.2.3 ਸੂਚੀਬੱਧ ਕੰਪਨੀ ਦੇ ਬੋਰਡ ਤੇ ਗੈਰ-ਕਾਰਜਕਾਰੀ ਨਿਰਦੇਸ਼ਕ

ਲਿਸਟਿੰਗ ਐਗਰੀਮੈਂਟ ਐਂਡ ਰੈਗੂਲੇਸ਼ਨ ਦਾ ਕਲਾਜ਼ 49(I)(A)(i) ਅਤੇ ਸੇਬੀ (ਲਿਸਟਿੰਗ ਓਬਲਿਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਜ਼) ਰੈਗੂਲੇਸ਼ਨਜ਼, 2015 ਦਾ ਰੈਗੂਲੇਸ਼ਨ 17(1)(A) ਇਹ ਨਿਰਧਾਰਤ ਕਰਦਾ ਹੈ ਕਿ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਕਾਰਜਕਾਰੀ ਅਤੇ ਗੈਰ-ਕਾਰਜਕਾਰੀ ਨਿਰਦੇਸ਼ਕਾਂ ਦਾ ਸਰਵੋਤਮ ਸੁਮੇਲ ਹੋਵੇਗਾ ਜਿਸ ਵਿੱਚ ਗੈਰ-ਕਾਰਜਕਾਰੀ ਨਿਰਦੇਸ਼ਕ ਬੋਰਡ ਆਫ਼ ਡਾਇਰੈਕਟਜ਼ ਦੇ 50 *ਪ੍ਰਤੀਸ਼ਤ* ਤੋਂ ਘੱਟ ਨਹੀਂ ਹੋਣਗੇ।

ਕੰਪਨੀ ਦੇ ਬੋਰਡ ਤੇ ਘੱਟੋ-ਘੱਟ 50 *ਪ੍ਰਤੀਸ਼ਤ* ਗੈਰ-ਕਾਰਜਕਾਰੀ ਨਿਰਦੇਸ਼ਕਾਂ ਦਾ ਕਲਾਜ਼ ਰਾਜ ਸਰਕਾਰ ਵਿੱਚ ਇੱਕੋ-ਇੱਕ ਸੂਚੀਬੱਧ ਐਸ ਪੀ ਐਸ ਈ ਪੰਜਾਬ ਕਮਿਊਨਿਕੇਸ਼ਨਸ ਲਿਮਟਡ 'ਤੇ ਹੀ ਲਾਗੂ ਸੀ। ਸਾਲ 2022-23 ਦੌਰਾਨ ਕੰਪਨੀ ਦੇ ਬੋਰਡ ਵਿੱਚ ਗੈਰ-ਕਾਰਜਕਾਰੀ ਨਿਰਦੇਸ਼ਕਾਂ (ਲੋੜੀਂਦੇ ਪੰਜ ਦੇ ਸਾਹਮਣੇ ਸੱਤ) ਦੀ ਲੋੜੀਂਦੀ ਸੰਖਿਆ ਸੀ।

## 4.3 ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਕੰਮਕਾਜ

### 4.3.1 ਨਿਯੁਕਤੀ ਦਾ ਉਪਚਾਰਿਕ ਪੱਤਰ ਜਾਰੀ ਕਰਨਾ ਅਤੇ ਕਾਰੋਬਾਰੀ ਨੈਤਿਕਤਾ ਦਾ ਕੋਡ

ਐਕਟ, 2013 ਦੇ ਸ਼ਡਿਊਲ IV ਦਾ ਕਲਾਜ਼ IV(4) ਦੇ ਅਨੁਸਾਰ, ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਨੂੰ, ਨਿਯੁਕਤੀ ਦੇ ਇੱਕ ਪੱਤਰ ਦੁਆਰਾ ਉਪਚਾਰਿਕ ਰੂਪ ਦਿੱਤਾ ਜਾਵੇਗਾ ਜੋ ਨਿਯੁਕਤੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਨਿਰਧਾਰਤ ਕਰੇਗਾ। ਇਸ ਤੋਂ ਇਲਾਵਾ, ਕਲਾਜ਼ IV(4)(ਈ) ਇਹ ਮੰਗ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਦੇ ਪੱਤਰ ਵਿੱਚ ਕਾਰੋਬਾਰੀ ਨੈਤਿਕਤਾ ਦਾ ਕੋਡ ਸ਼ਾਮਲ ਹੋਵੇਗਾ ਜਿਸਦੀ ਪਾਲਣਾ ਦੀ ਉਮੀਦ ਕੰਪਨੀ ਆਪਣੇ ਨਿਰਦੇਸ਼ਕਾਂ ਤੋਂ ਕਰਦੀ ਹੈ। ਸੇਬੀ (ਲਿਸਟਿੰਗ ਓਬਲਿਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਜ਼) ਰੈਗੂਲੇਸ਼ਨਜ਼, 2015 ਦਾ ਰੈਗੂਲੇਸ਼ਨਜ਼ 17(5)(b) ਇਹ ਨਿਰਧਾਰਤ ਕਰਦਾ ਹੈ ਕਿ ਸੂਚੀਬੱਧ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਨਿਰਧਾਰਤ ਕੋਡ ਆਫ਼ ਕੰਡਕਟ ਵਿੱਚ ਐਕਟ, 2013 ਵਿੱਚ ਨਿਰਧਾਰਿਤ ਕੀਤੇ ਗਏ ਸੁਤੰਤਰ ਨਿਰਦੇਸ਼ਕਾਂ ਦੇ ਕਰੱਤਵ ਉਚਿਤ ਤੌਰ ਤੇ ਸ਼ਾਮਲ ਹੋਣਗੇ। ਸੁਤੰਤਰ ਨਿਰਦੇਸ਼ਕਾਂ ਦੇ ਕਰੱਤਵਾਂ ਨੂੰ ਐਕਟ ਦੇ ਸ਼ਡਿਊਲ IV ਦੇ ਕਲਾਜ਼ III ਵਿੱਚ ਰੱਖਿਆ ਗਿਆ ਹੈ।

ਇਹ ਦੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼ ਵਿੱਚ ਜਿੱਥੇ ਸੁਤੰਤਰ ਨਿਰਦੇਸ਼ਕ ਨਿਯੁਕਤ ਕੀਤੇ ਗਏ ਸਨ, ਉਨ੍ਹਾਂ ਵਿੱਚੋਂ ਸਿਰਫ ਤਿੰਨ ਐਸ ਪੀ ਐਸ ਈਜ਼ (ਪੀ ਸੀ ਐਲ, ਪੀ ਐਸ ਪੀ ਸੀ ਐਲ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਪੀ ਐਸ ਟੀ ਸੀ ਐਲ)) ਨੇ ਨਿਯੁਕਤੀ ਪੱਤਰ ਜਾਰੀ ਕੀਤੇ ਸਨ ਜਿਸ ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਬੋਰਡ ਆਫ਼ ਡਾਇਰੈਕਟਰਜ਼ (ਸੁਤੰਤਰ ਡਾਇਰੈਕਟਰਾਂ

ਦੀਆਂ ਡਿਊਟੀਆਂ ਸਮੇਤ) ਦੁਆਰਾ ਨਿਰਧਾਰਤ ਕੋਡ ਆਫ਼ ਕੰਡਕਟ ਸ਼ਾਮਲ ਸੀ। ਕੰਨਵੇਅਰ ਵਿੱਚ, ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਰਾਜ ਸਰਕਾਰ ਦੇ ਆਦੇਸ਼ਾਂ ਰਾਹੀਂ ਕੀਤੀ ਗਈ ਸੀ ਅਤੇ, ਨਾ ਤਾਂ ਕੰਪਨੀ ਦੁਆਰਾ ਨਿਯਮਾਂ ਅਤੇ ਸ਼ਰਤਾਂ ਦਾ ਵੇਰਵਾ ਦੇਣ ਵਾਲਾ ਕੋਈ ਉਪਚਾਰਿਕ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ ਅਤੇ ਨਾ ਹੀ ਬੋਰਡ ਦੁਆਰਾ ਕੋਈ ਕੋਡ ਆਫ਼ ਕੰਡਕਟ ਨਿਰਧਾਰਤ ਕੀਤਾ ਗਿਆ ਸੀ।

## 4.3.2 ਸੁਤੰਤਰ ਨਿਰਦੇਸ਼ਕਾਂ ਦੀ ਸਿਖਲਾਈ

ਐਕਟ, 2013 ਦੇ ਸ਼ਡਿਊਲ IV ਦਾ ਕਲਾਜ਼ (III)(1) ਨਿਰਧਾਰਤ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਉਚਿਤ ਇੰਡਕਸ਼ਨ ਸਿਖਲਾਈ ਲੈਣਗੇ ਅਤੇ ਨਿਯਮਤ ਤੌਰ ਤੇ ਆਪਣੇ ਹੁਨਰ, ਗਿਆਨ ਅਤੇ ਕੰਪਨੀ ਨਾਲ ਜਾਣੂ ਹੋਣ ਨੂੰ ਅਪਡੇਟ ਅਤੇ ਨਵੀਨਤਮ ਕਰਨਗੇ। ਹਾਲਾਂਕਿ, ਇਹ ਵੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਸਿਰਫ ਦੋ ਐਸ ਪੀ ਐਸ ਈਜ਼ (ਪੀ ਸੀ ਐਲ ਅਤੇ ਪੀ ਐਸ ਪੀ ਸੀ ਐਲ) ਨੇ ਉਨ੍ਹਾਂ ਦੇ ਸੁਤੰਤਰ ਨਿਰਦੇਸ਼ਕਾਂ ਨੂੰ ਉਪਚਾਰਿਕ ਸਿਖਲਾਈ ਦਿੱਤੀ ਅਤੇ ਦੋ ਐਸ ਪੀ ਐਸ ਈਜ਼ ਵਿੱਚ (ਕੰਨਵੇਅਰ ਅਤੇ ਪੀ ਐਸ ਟੀ ਸੀ ਐਲ), ਸਾਲ 2022-23 ਦੌਰਾਨ ਬੋਰਡ ਦੇ ਸੁਤੰਤਰ ਨਿਰਦੇਸ਼ਕਾਂ ਵਾਸਤੇ ਅਜਿਹੀ ਕਿਸੇ ਵੀ ਉਪਚਾਰਿਕ ਸਿਖਲਾਈ ਦਾ ਸੰਚਾਲਨ ਨਹੀਂ ਕੀਤਾ ਗਿਆ ਸੀ।

ਕੰਨਵੇਅਰ ਨੇ ਕਿਹਾ (ਜਨਵਰੀ 2024) ਕਿ ਓਹ ਸੁਤੰਤਰ ਨਿਰਦੇਸ਼ਕਾਂ ਦੀ ਸਿਖਲਾਈ ਨਹੀਂ ਲੈਂਦਾ ਕਿਉਂਕਿ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਂਦੀ ਹੈ।

ਕਾਨੂੰਨੀ ਲੋੜਾਂ ਦੇ ਮੱਦੇਨਜ਼ਰ ਜਵਾਬ ਸਵੀਕਾਰਯੋਗ ਨਹੀਂ ਸੀ।

## 4.3.3 ਬੋਰਡ ਅਤੇ ਹੋਰ ਕਮੇਟੀਆਂ ਦੀ ਮੀਟਿੰਗਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਭੂਮਿਕਾ

### *4.3.3.1 ਕੰਪਨੀ ਦੀਆਂ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਹੋਣਾ*

ਐਕਟ, 2013 ਦੇ ਸ਼ਡਿਊਲ IV ਦਾ ਕਲਾਜ਼ III(5) ਇਹ ਵਿਵਸਥਾ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਕੰਪਨੀ ਦੀਆਂ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨਗੇ। ਚਾਰ ਐਸ ਪੀ ਐਸ ਈਜ਼ ਜਿੰਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ ਅਤੇ ਜਨਰਲ ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ ਸਨ, ਸਾਲ 2022-23 ਦੌਰਾਨ ਸਾਰੇ ਸੁਤੰਤਰ ਨਿਰਦੇਸ਼ਕ ਕਿਸੇ ਵੀ ਜਨਰਲ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਸਨ।

### *4.3.3.2 ਬੋਰਡ ਕਮੇਟੀਆਂ ਦੀਆਂ ਮੀਟਿੰਗਾਂ*

ਐਕਟ, 2013 ਦੇ ਸ਼ਡਿਊਲ IV ਦਾ ਕਲਾਜ਼ III(3) ਵਿਵਸਥਾ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਨੂੰ ਬੋਰਡ ਆਫ਼ ਡਾਇਰੈਕਟਰਜ਼ ਅਤੇ ਬੋਰਡ ਕਮੇਟੀਆਂ ਦੀਆਂ ਸਾਰੀਆਂ ਮੀਟਿੰਗਾਂ, ਜਿਸ ਦਾ ਉਹ ਮੈਂਬਰ ਹੈ, ਵਿੱਚ ਸ਼ਾਮਲ ਹੋਣ ਲਈ ਕੋਸ਼ਿਸ ਕਰਨੀ ਚਾਹੀਦੀ ਹੈ। ਇਹ ਦੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼ ਵਿੱਚੋਂ, ਜਿੱਥੇ ਸੁਤੰਤਰ ਨਿਰਦੇਸ਼ਕ ਨਿਯੁਕਤ ਕੀਤੇ ਗਏ ਸਨ, ਸਿਰਫ ਇੱਕ ਐਸ ਪੀ ਐਸ ਈ (ਕੰਨਵੇਅਰ) ਦੇ ਸੁਤੰਤਰ ਨਿਰਦੇਸ਼ਕ ਨੇ ਬੋਰਡ ਅਤੇ ਕਮੇਟੀਆਂ ਦੀਆਂ ਸਾਰੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ ਸੀ। **ਸਾਰਣੀ** 4.2 ਬਾਕੀ ਤਿੰਨ ਐਸ ਪੀ ਐਸ ਈਜ਼ ਜਿੱਥੇ ਸਾਰੇ ਸੁਤੰਤਰ

ਨਿਰਦੇਸ਼ਕ 2022-23 ਦੌਰਾਨ ਬੋਰਡ ਅਤੇ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋਏ, ਨੂੰ ਦਰਸਾਉਂਦੀ ਹੈ:

**ਸਾਰਣੀ 4.2: ਸਾਲ 2022-23 ਦੌਰਾਨ ਬੋਰਡ ਅਤੇ ਕਮੇਟੀਆਂ ਦੀਆਂ ਮੀਟਿੰਗਾਂ ਜਿਨ੍ਹਾਂ ਵਿੱਚ ਸਾਰੇ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਬੋਰਡ ਦੀ ਮੀਟਿੰਗਾਂ | ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ | ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੀਆਂ ਮੀਟਿੰਗਾਂ |
|---|---|---|---|---|
| 1. | ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ | ਛੇ ਵਿੱਚੋਂ ਤਿੰਨ ਮੀਟਿੰਗਾਂ | ਚਾਰ ਵਿੱਚੋਂ ਇੱਕ ਮੀਟਿੰਗ | ਆਯੋਜਿਤ ਕੀਤੀਆਂ ਗਈਆਂ ਤਿੰਨਾਂ ਮੀਟਿੰਗਾਂ ਵਿੱਚ ਸ਼ਾਮਲ ਹੋਏ ਸਨ |
| 2. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਸੱਤ ਵਿੱਚੋਂ ਸੱਤ ਮੀਟਿੰਗਾਂ | ਸੱਤ ਵਿੱਚੋਂ ਸੱਤ ਮੀਟਿੰਗਾਂ | ਕੋਈ ਮੀਟਿੰਗ ਆਯੋਜਿਤ ਨਹੀਂ ਹੋਈ ਸੀ |
| 3. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਛੇ ਵਿੱਚੋਂ ਤਿੰਨ ਮੀਟਿੰਗਾਂ | ਤਿੰਨੋਂ ਮੀਟਿੰਗਾਂ ਵਿੱਚ ਸ਼ਾਮਲ ਹੋਏ ਸਨ | ਕੋਈ ਮੀਟਿੰਗ ਆਯੋਜਿਤ ਨਹੀਂ ਹੋਈ ਸੀ |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪੀ ਐਸ ਟੀ ਸੀ ਐਲ ਨੇ ਕਿਹਾ (ਜਨਵਰੀ 2024) ਕਿ ਆਪਣੀਆਂ ਪੂਰਵ-ਜ਼ਿੰਮੇਵਾਰੀਆਂ ਦੇ ਕਾਰਨ, ਸੁਤੰਤਰ ਨਿਰਦੇਸ਼ਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਦੀ ਸਥਿਤੀ ਵਿੱਚ ਨਹੀਂ ਸਨ।

## 4.4 ਬੋਰਡ ਆਫ਼ ਡਾਇਰੈਕਟਰਜ਼ ਦੀਆਂ ਮੀਟਿੰਗਾਂ

ਬੋਰਡ ਕਾਰਪੋਰੇਟ ਪ੍ਰਸ਼ਾਸਨ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ। ਇਹ ਨੀਤੀਆਂ ਅਤੇ ਪ੍ਰਚਲਨ ਲਈ ਸ਼ਾਸਨ ਨੂੰ ਲਾਗੂ ਕਰਨ ਲਈ ਏਜੰਸੀ ਹੈ। ਇਹ ਲਾਜ਼ਮੀ ਹੈ ਕਿ ਬੋਰਡ ਕਾਰਪੋਰੇਟ ਪ੍ਰਸ਼ਾਸਨ ਵੱਲ ਉਚਿਤ ਧਿਆਨ ਦੇਵੇ ਅਤੇ ਲੋੜੀਂਦੀ ਨੁਮਾਇੰਦਗੀ ਨਾਲ ਲੈਸ ਹੋਣ ਅਤੇ ਇਸਦੇ ਮੈਂਬਰਾਂ ਨੂੰ ਨਿਯਮਤ ਤੌਰ ਤੇ ਮਿਲਣਾ ਚਾਹੀਦਾ ਹੈ। ਐਕਟ, 2013 ਦੇ ਸੈਕਸ਼ਨ 173(1) ਅਨੁਸਾਰ ਬੋਰਡ ਦੀ ਇੱਕ ਸਾਲ ਵਿੱਚ ਘੱਟੋ-ਘੱਟ ਚਾਰ ਵਾਰ ਮੀਟਿੰਗ ਹੋਵੇਗੀ ਜਿਸ ਵਿੱਚ ਲਗਾਤਾਰ ਦੋ ਮੀਟਿੰਗਾਂ ਦੇ ਵਿਚਕਾਰ ਵੱਧ ਤੋਂ ਵੱਧ 120 ਦਿਨਾਂ ਦਾ ਅੰਤਰ ਹੋਵੇਗਾ। ਹਾਲਾਂਕਿ, ਐਕਟ, 2013 ਦੇ ਸੈਕਸ਼ਨ 8 ਅਧੀਨ ਰਜਿਸਟਰਡ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਨੂੰ ਹਰ ਛੇ ਮਹੀਨਿਆਂ ਵਿੱਚ ਇੱਕ ਮੀਟਿੰਗ ਕਰਨ ਦੀ ਲੋੜ ਹੁੰਦੀ ਹੈ।

**ਸਾਰਣੀ** 4.3, 15 ਐਸ ਪੀ ਐਸ ਈਜ਼ ਦੀ ਸੂਚੀ ਦਿਖਾਉਂਦੀ ਹੈ ਜਿੱਥੇ ਇੱਕ ਸਾਲ ਵਿੱਚ ਲੋੜੀਂਦੀਆਂ ਬੋਰਡ ਮੀਟਿੰਗਾਂ ਨਹੀਂ ਹੋਈਆਂ ਸਨ। ਇਨ੍ਹਾਂ ਵਿੱਚੋਂ, 11 ਐਸ ਪੀ ਐਸ ਈਜ਼ ਵਿੱਚ ਸਾਲ 2022 ਦੌਰਾਨ ਬੋਰਡ ਦੀਆਂ ਲਗਾਤਾਰ ਦੋ ਮੀਟਿੰਗਾਂ ਵਿਚਕਾਰ 120 ਦਿਨਾਂ ਤੋਂ ਵੱਧ ਦਾ ਅੰਤਰ ਸੀ।

**ਸਾਰਣੀ 4.3: ਐਸ ਪੀ ਐਸ ਈਜ਼ ਦਾ ਵੇਰਵਾ ਜਿੱਥੇ ਲੋੜੀਂਦੀ ਸੰਖਿਆ ਤੋਂ ਘੱਟ ਬੋਰਡ ਮੀਟਿੰਗਾਂ ਹੋਈਆਂ ਸਨ ਅਤੇ ਲਗਾਤਾਰ ਦੋ ਮੀਟਿੰਗਾਂ ਵਿਚਕਾਰ 120 ਦਿਨਾਂ ਤੋਂ ਵੱਧ ਦਾ ਅੰਤਰ ਸੀ**

| ਲੜੀ ਨੰ. | ਕੰਪਨੀ ਦਾ ਨਾਂ | ਹੋਈਆਂ ਬੀ ਓ ਡੀ ਮੀਟਿੰਗਾਂ ਦੀ ਸੰਖਿਆ | ਬੀ ਓ ਡੀ ਦੀ ਲਗਾਤਾਰ ਦੋ ਮੀਟਿੰਗਾਂ ਵਿਚਕਾਰ 120 ਦਿਨਾਂ ਤੋਂ ਵੱਧ ਦਾ ਅੰਤਰ |
|---|---|---|---|
| 1. | ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ | 2 | ਹਾਂ |
| 2. | ਗਿਦੜਬਾਹਾ ਪਾਵਰ ਲਿਮਟਡ | 2 | ਹਾਂ |

| ਲੜੀ ਨੰ. | ਕੰਪਨੀ ਦਾ ਨਾਂ | ਹੋਈਆਂ ਬੀ ਓ ਡੀ ਮੀਟਿੰਗਾਂ ਦੀ ਸੰਖਿਆ | ਬੀ ਓ ਡੀ ਦੀ ਲਗਾਤਾਰ ਦੋ ਮੀਟਿੰਗਾਂ ਵਿਚਕਾਰ 120 ਦਿਨਾਂ ਤੋਂ ਵੱਧ ਦਾ ਅੰਤਰ |
|---|---|---|---|
| 3. | ਜਲੰਧਰ ਸਮਾਰਟ ਸਿਟੀ ਲਿਮਟਡ | 2 | ਹਾਂ |
| 4. | ਲੁਧਿਆਣਾ ਸਮਾਰਟ ਸਿਟੀ ਲਿਮਟਡ | 2 | ਹਾਂ |
| 5. | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 1 | ਹਾਂ |
| 6. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | 2 | ਨਹੀਂ |
| 7. | ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 0 | ਕੋਈ ਮੀਟਿੰਗ ਨਹੀਂ ਹੋਈ |
| 8. | ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਡ | 0 | ਕੋਈ ਮੀਟਿੰਗ ਨਹੀਂ ਹੋਈ |
| 9. | ਪੰਜਾਬ ਥਰਮਲ ਜਨਰੇਸ਼ਨ ਲਿਮਟਡ | 2 | ਹਾਂ |
| 10. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | 3 | ਹਾਂ |
| 11. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ | 3 | ਨਹੀਂ |
| 12. | ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ | 3 | ਨਹੀਂ |
| 13. | ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | 2 | ਹਾਂ |
| 14. | ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ | 1 | ਹਾਂ |
| 15. | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 3 | ਨਹੀਂ |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਉਪਰੋਕਤ **ਸਾਰਣੀ** 4.3 ਵਿੱਚ ਦੱਸੇ ਗਏ ਐਸ ਪੀ ਐਸ ਈਜ਼ ਤੋਂ ਇਲਾਵਾ, ਚਾਰ ਐਸ ਪੀ ਐਸ ਈਜ਼ (ਪੀ ਐਸ ਪੀ ਸੀ ਐਲ, ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਲਿਮਟਡ (ਪਨਸੀਡ), ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਪੈਗਰੈਕਸਕੋ) ਅਤੇ ਕੰਨਵੇਅਰ ਨੇ ਇੱਕ ਸਾਲ ਵਿੱਚ ਲੋੜੀਂਦੀਆਂ ਘੱਟੋ-ਘੱਟ ਚਾਰ ਮੀਟਿੰਗਾਂ ਕੀਤੀਆਂ, ਹਾਲਾਂਕਿ, ਬੋਰਡ ਦੀਆਂ ਲਗਾਤਾਰ ਦੋ ਮੀਟਿੰਗਾਂ ਵਿਚਕਾਰ 120 ਦਿਨਾਂ ਤੋਂ ਵੱਧ ਦਾ ਅੰਤਰ ਸੀ।

ਗਿਆਰਾਂ[54] ਐਸ ਪੀ ਐਸ ਈਜ਼ ਨੇ ਲੋੜੀਂਦੀਆਂ ਮੀਟਿੰਗਾਂ ਵਿੱਚ ਕਮੀ ਦਾ ਕਾਰਨ (ਜਨਵਰੀ/ਫਰਵਰੀ 2024) ਪ੍ਰਸ਼ਾਸਨਿਕ ਕਾਰਨਾਂ ਨੂੰ ਦੱਸਿਆ। ਪੰਜਾਬ ਥਰਮਲ ਜਨਰੇਸ਼ਨ ਲਿਮਟਡ (ਪੀ ਟੀ ਜੀ ਐਲ) ਅਤੇ ਗਿੱਦੜਬਾਹਾ ਪਾਵਰ ਲਿਮਟਡ (ਜੀ ਪੀ ਐਲ) ਨੇ ਕਿਹਾ ਕਿ ਇਨ੍ਹਾਂ ਐਸ ਪੀ ਐਸ ਈਜ਼ ਨੇ ਅਜੇ

[54] ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਡ, ਜਲੰਧਰ ਸਮਾਰਟ ਸਿਟੀ ਲਿਮਟਡ, ਲੁਧਿਆਣਾ ਸਮਾਰਟ ਸਿਟੀ ਲਿਮਟਡ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ, ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ, ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ, ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ, ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ

ਤੱਕ ਆਪਣਾ ਕਾਰੋਬਾਰ ਸ਼ੁਰੂ ਨਹੀਂ ਕੀਤਾ ਹੈ ਅਤੇ ਇਸ ਲਈ ਨਿਯਮਿਤ ਅਧਾਰ ਤੇ ਮੀਟਿੰਗਾਂ ਨਹੀਂ ਕੀਤੀਆਂ ਗਈਆਂ।

ਪੀ ਏ ਐਫ ਸੀ ਨੇ ਕਿਹਾ (ਫਰਵਰੀ 2025) ਕਿ 8 ਜੁਲਾਈ 2022 ਨੂੰ ਹੋਣ ਵਾਲੀ ਇੱਕ ਮੀਟਿੰਗ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਅਧਿਕਾਰਤ ਨਿਰਦੇਸ਼ਕਾਂ ਦੇ ਪਹਿਲਾਂ ਤੋਂ ਕਿਸੇ ਰੁਝੇਵਿਆਂ ਕਾਰਨ ਨਹੀਂ ਹੋ ਸਕੀ, ਜੋ ਕੇਂਦਰ/ਰਾਜ ਸਰਕਾਰ ਦੇ ਹੋਰ ਵਿਭਾਗਾਂ ਵਿੱਚ ਵੀ ਅਹੁਦਿਆਂ ਤੇ ਸਨ। ਇਸ ਤੋਂ ਇਲਾਵਾ, ਕੰਪਨੀ ਦੀ ਇਕਲੌਤੀ ਗਤੀਵਿਧੀ *ਭਾਵ* ਅਨਾਜ ਦੀ ਖਰੀਦ ਨੂੰ ਵਾਪਸ ਲੈਣ ਤੋਂ ਬਾਅਦ ਕੰਪਨੀ ਕੋਈ ਕਾਰੋਬਾਰ ਨਹੀਂ ਕਰ ਰਹੀ ਹੈ ਜਿਸ ਨੂੰ ਕੇ ਐਮ ਐਸ 2019-20 ਤੋਂ ਵਾਪਸ ਲੈ ਲਿਆ ਗਿਆ ਸੀ ਅਤੇ ਕੰਪਨੀ ਪਨਗ੍ਰੇਨ ਨਾਲ ਰਲੇਵੇਂ ਦੀ ਪ੍ਰਕਿਰਿਆ ਵਿੱਚ ਹੈ।

ਪੀ ਏ ਐਫ ਸੀ ਦਾ ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਕੰਪਨੀ ਅਜੇ ਵੀ ਖਰੀਦ ਗਤੀਵਿਧੀ ਵਾਪਸ ਲੈਣ ਤੋਂ ਬਾਅਦ ਬਚੇ ਹੋਏ ਸਟਾਕ ਦੇ ਨਿਪਟਾਰੇ ਵਿੱਚ ਲੱਗੀ ਹੋਈ ਸੀ ਅਤੇ ਐਕਟ, 2013 ਕਾਰੋਬਾਰੀ ਗਤੀਵਿਧੀਆਂ/ਟਰਨਓਵਰ ਦੇ ਘੱਟ ਪੱਧਰ ਦੇ ਆਧਾਰ ਤੇ ਕੋਈ ਛੋਟ ਪ੍ਰਦਾਨ ਨਹੀਂ ਕਰਦਾ।

## 4.5 ਨਿਰਦੇਸ਼ਕਾਂ ਅਤੇ ਕੰਪਨੀ ਸਕੱਤਰ ਦੇ ਅਹੁਦਿਆਂ ਨੂੰ ਭਰਨਾ

ਕੰਪਨੀਜ਼ (ਅਪਾਇੰਟਮੇਨਟ ਐਂਡ ਰੇਮੁਨਿਰੇਸ਼ਨ ਆਫ਼ ਮੈਨੇਜਿਰਿਅਲ ਪਰਸਨਲ) ਰੂਲਜ਼ 2014 ਦੇ ਰੂਲ 8 ਦੇ ਅਨੁਸਾਰ, ਹਰੇਕ ਸੂਚੀਬੱਧ ਕੰਪਨੀ ਅਤੇ ਹਰ ਹੋਰ ਜਨਤਕ ਕੰਪਨੀ ਜਿਸ ਦੀ ਅਦਾ ਕੀਤੀ ਪੂੰਜੀ ₹ 10 ਕਰੋੜ ਜਾਂ ਇਸ ਤੋਂ ਵੱਧ ਹੈ, ਕੋਲ ਪੂਰੇ ਸਮੇਂ ਦੇ ਕੀ ਮੈਨੇਜਿਰਿਅਲ ਪਰਸੋਨਲ[55] (ਕੇ ਐਮ ਪੀ) ਹੋਣਗੇ। ਇਸ ਤੋਂ ਇਲਾਵਾ, ਕੰਪਨੀਜ਼ (ਅਪਾਇੰਟਮੇਨਟ ਐਂਡ ਰੇਮੁਨਿਰੇਸ਼ਨ ਆਫ਼ ਮੈਨੇਜਿਰਿਅਲ ਪਰਸਨਲ) ਅਮੈਂਡਮੈਂਟ ਰੂਲਜ਼ 2020 ਦੇ ਰੂਲ 8A ਦੇ ਅਨੁਸਾਰ, ₹ 10 ਕਰੋੜ ਜਾਂ ਇਸ ਤੋਂ ਵੱਧ ਦੀ ਅਦਾ ਕੀਤੀ ਪੂੰਜੀ ਵਾਲੀ ਹਰੇਕ ਨਿੱਜੀ ਕੰਪਨੀ ਕੋਲ ਪੂਰਾ ਸਮਾਂ ਕੰਪਨੀ ਸਕੱਤਰ ਹੋਵੇਗਾ।

ਨਿਰਦੇਸ਼ਕਾਂ ਦੀਆਂ ਅਸਾਮੀਆਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਸਮੇਂ ਸਿਰ ਭਰਨਾ ਕੰਪਨੀ ਪ੍ਰਬੰਧਨ ਵਿੱਚ ਲੋੜੀਂਦੇ ਹੁਨਰ ਅਤੇ ਮੁਹਾਰਤ ਦੀ ਉਪਲਬਧਤਾ ਨੂੰ ਯਕੀਨੀ ਬਣਾਉਂਦਾ ਹੈ। ਖਾਲੀ ਅਸਾਮੀਆਂ ਨੂੰ ਭਰਨ ਵਿੱਚ ਕੋਈ ਵੀ ਦੇਰੀ ਫੈਸਲਾ ਲੈਣ ਦੀ ਪ੍ਰਕਿਰਿਆ ਦੀ ਪ੍ਰਭਾਵਸ਼ੀਲਤਾ ਵਿੱਚ ਰੁਕਾਵਟ ਪਾ ਸਕਦੀ ਹੈ। ਐਕਟ, 2013 ਦਾ ਸੈਕਸ਼ਨ 203(4) ਇਹ ਨਿਰਧਾਰਤ ਕਰਦਾ ਹੈ ਕਿ ਜੇ ਕਿਸੇ ਵੀ ਪੂਰੇ ਸਮੇਂ ਦੇ ਕੇ ਐਮ ਪੀ ਦਾ ਦਫਤਰ ਖਾਲੀ ਕੀਤਾ ਜਾਂਦਾ ਹੈ, ਤਾਂ ਨਤੀਜੇ ਵਜੋਂ ਖਾਲੀ ਪਈ ਅਸਾਮੀ ਨੂੰ ਬੋਰਡ ਦੁਆਰਾ ਅਜਿਹੀ ਖਾਲੀ ਅਸਾਮੀ ਦੀ ਮਿਤੀ ਤੋਂ ਛੇ ਮਹੀਨਿਆਂ ਦੀ ਮਿਆਦ ਦੇ ਅੰਦਰ ਬੋਰਡ ਦੀ ਮੀਟਿੰਗ ਵਿੱਚ ਭਰਿਆ ਜਾਵੇਗਾ।

ਪੂਰੇ ਸਮੇਂ ਦੇ ਕੇ ਐਮ ਪੀ ਰੱਖਣ ਲਈ ਲੋੜੀਂਦੇ ਸੱਤ ਐਸ ਪੀ ਐਸ ਈਜ਼ ਦੀ ਸੂਚੀ ***ਅੰਤਿਕਾ 4.4*** ਵਿੱਚ ਦਿੱਤੀ ਗਈ ਹੈ ਅਤੇ ਚਾਰ ਐਸ ਪੀ ਐਸ ਈਜ਼ (ਨਿੱਜੀ ਕੰਪਨੀਆਂ) ਦੀ ਸੂਚੀ ਜਿਨ੍ਹਾਂ ਨੂੰ ਪੂਰੇ ਸਮੇਂ ਦੇ ਕੰਪਨੀ ਸਕੱਤਰ ਰੱਖਣ ਦੀ ਲੋੜ ਹੈ, ***ਅੰਤਿਕਾ 4.5*** ਵਿੱਚ ਦਿੱਤੀ ਗਈ ਹੈ।

ਪੀ ਐਸ ਪੀ ਸੀ ਐਲ ਦੇ ਮਾਮਲੇ ਵਿੱਚ, ਕਾਰਜਕਾਰੀ ਨਿਰਦੇਸ਼ਕ (ਪ੍ਰਸ਼ਾਸਨ) ਦਾ ਅਹੁਦਾ 2022-23 ਦੌਰਾਨ ਨੌਂ ਮਹੀਨਿਆਂ (18 ਮਈ 2022 ਤੋਂ 01 ਮਾਰਚ 2023 ਤੱਕ) ਦੀ ਮਿਆਦ ਲਈ ਖਾਲੀ

---

55 ਐਕਟ, 2013 ਦੇ ਸੈਕਸ਼ਨ 2(51) ਦੇ ਅਨੁਸਾਰ, ਕਿਸੇ ਕੰਪਨੀ ਦੇ ਸਬੰਧ ਵਿੱਚ ਕੀ ਮੈਨੇਜਿਰਿਅਲ ਪਰਸੋਨਲ ਦਾ ਮਤਲਬ ਹੈ (i) ਮੁੱਖ ਕਾਰਜਕਾਰੀ ਅਧਿਕਾਰੀ ਜਾਂ ਪ੍ਰਬੰਧਕ ਨਿਰਦੇਸ਼ਕ ਜਾਂ ਮੈਨੇਜਰ; (ii) ਪੂਰੇ ਸਮੇਂ ਦੇ ਨਿਰਦੇਸ਼ਕ; (iii) ਕੰਪਨੀ ਸਕੱਤਰ; (iv) ਮੁੱਖ ਵਿੱਤੀ ਅਧਿਕਾਰੀ; ਅਤੇ (v) ਅਜਿਹਾ ਹੋਰ ਅਧਿਕਾਰੀ ਜੋ ਨਿਰਧਾਰਤ ਕੀਤਾ ਜਾ ਸਕਦਾ ਹੈ।

ਰਿਹਾ। ਪਨਬਸ ਦੇ ਮਾਮਲੇ ਵਿੱਚ ਵੀ, ਮੁੱਖ ਵਿੱਤੀ ਅਧਿਕਾਰੀ ਦਾ ਅਹੁਦਾ ਛੇ ਮਹੀਨਿਆਂ ਦੀ ਮਿਆਦ (01 ਜੁਲਾਈ 2022 ਤੋਂ 10 ਜਨਵਰੀ 2023 ਤੱਕ) ਲਈ ਖਾਲੀ ਰਿਹਾ।

ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਕੋਲ 2022-23 ਦੌਰਾਨ ਪੂਰੇ ਸਮੇਂ ਲਈ ਕੰਪਨੀ ਸਕੱਤਰ ਨਹੀਂ ਸੀ ਅਤੇ ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਪੀ ਐਸ ਆਈ ਡੀ ਸੀ) ਦੇ ਮਾਮਲੇ ਵਿੱਚ, ਕੰਪਨੀ ਸਕੱਤਰ ਦਾ ਅਹੁਦਾ 2022-23 ਦੌਰਾਨ (24 ਦਸੰਬਰ 2022 ਤੋਂ 03 ਜੁਲਾਈ 2023 ਤੱਕ) ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਖਾਲੀ ਰਿਹਾ।

## 4.6 ਲੇਖਾ ਪ੍ਰੀਖਿਆ ਕਮੇਟੀ

### 4.6.1 ਲੇਖਾ ਪ੍ਰੀਖਿਆ ਕਮੇਟੀ ਦੀ ਬਣਤਰ ਅਤੇ ਗਤੀਵਿਧੀਆਂ

ਐਕਟ, 2013 ਦੀ ਸੈਕਸ਼ਨ 177(1) ਅਤੇ 177 (2) ਕੰਪਨੀਜ਼ (ਮੀਟਿੰਗਜ਼ ਆਫ਼ ਬੋਰਡ ਐਂਡ ਇਟਸ ਪਾਵਰਜ਼) ਰੂਲਜ਼, 2014 ਦੇ ਰੂਲ 6 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਕੰਪਨੀਜ਼ (ਅਪਾਇੰਟਮੇਨਟ ਐਂਡ ਕੁਆਲੀਫਿਕੇਸ਼ਨ ਆਫ਼ ਡਾਇਰੈਕਟਰਜ਼) ਰੂਲਜ਼, 2014 ਦੇ ਰੂਲ 4[56] ਦੇ ਅਧੀਨ ਆਉਂਦੀ ਹਰ ਸੂਚੀਬੱਧ ਜਨਤਕ ਕੰਪਨੀ ਅਤੇ ਕੰਪਨੀਆਂ, ਇੱਕ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਕਰਨਗੀਆਂ ਜਿਸ ਵਿੱਚ ਘੱਟੋ-ਘੱਟ ਤਿੰਨ ਨਿਰਦੇਸ਼ਕ ਮੈਂਬਰ ਹੋਣਗੇ, ਜਿੰਨ੍ਹਾਂ ਵਿੱਚੋਂ ਬਹੁਗਿਣਤੀ ਦੇ ਸੁਤੰਤਰ ਨਿਰਦੇਸ਼ਕ ਹੋਣਗੇ।

ਉਪਰੋਕਤ ਸ਼ਰਤਾਂ ਦੇ ਅਨੁਸਾਰ, ***ਅੰਤਿਕਾ 4.2*** ਵਿੱਚ ਜ਼ਿਕਰ ਕੀਤੇ ਅੱਠ ਐਸ ਪੀ ਐਸ ਈਜ਼ ਨੂੰ ਲੇਖਾ ਪ੍ਰੀਖਿਆ ਕਮੇਟੀਆਂ ਦਾ ਗਠਨ ਕਰਨ ਦੀ ਲੋੜ ਸੀ। ਸੱਤ ਐਸ ਪੀ ਐਸ ਈਜ਼ ਨੇ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਕੀਤਾ ਹੈ ਅਤੇ ਇੱਕ ਐਸ ਪੀ ਐਸ ਈ (ਪਨਬੱਸ) ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਕਮੇਟੀ ਨੂੰ ਸੁਤੰਤਰ ਨਿਰਦੇਸ਼ਕਾਂ ਦੇ ਅਸਤੀਫੇ ਕਾਰਨ 30 ਜੂਨ 2022 ਤੋਂ ਭੰਗ ਕਰ ਦਿੱਤਾ ਗਿਆ ਸੀ।

ਇਸ ਤੋਂ ਇਲਾਵਾ, ਇਨ੍ਹਾਂ ਸੱਤ ਐਸ ਪੀ ਐਸ ਈਜ਼ ਵਿੱਚੋਂ, ਤਿੰਨ ਐਸ ਪੀ ਐਸ ਈਜ਼ (ਪੀ ਜੀ ਐਲ, ਪਨਗ੍ਰੇਨ ਅਤੇ ਪੀ ਡਬਲਯੂ ਆਰ ਐਮ ਡੀ ਸੀ) ਵਿੱਚ, 2022-23 ਦੌਰਾਨ ਲੇਖਾ ਪ੍ਰੀਖਿਆ ਕਮੇਟੀ ਵਿੱਚ ਕੋਈ ਸੁਤੰਤਰ ਨਿਰਦੇਸ਼ਕ ਨਹੀਂ ਸੀ, ਕਿਉਂਕਿ ਉਨ੍ਹਾਂ ਦੇ ਬੋਰਡ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ, ਦੋ ਸੁਤੰਤਰ ਨਿਰਦੇਸ਼ਕਾਂ ਦੀ ਲੋੜ ਦੇ ਮੁਕਾਬਲੇ ਸਾਲ 2022-23 ਦੇ ਹਿੱਸੇ ਲਈ (6 ਨਵੰਬਰ 2022 ਤੱਕ) ਦੋ ਸੁਤੰਤਰ ਨਿਰਦੇਸ਼ਕ ਸਨ। ਇਸ ਤੋਂ ਬਾਅਦ, ਇਕ ਸੁਤੰਤਰ ਨਿਰਦੇਸ਼ਕ ਦਾ ਅਹੁਦਾ ਖਾਲੀ ਰਿਹਾ। ਕੰਨਵੇਅਰ ਦੇ ਬੋਰਡ ਵਿੱਚ 2022-23 ਦੌਰਾਨ ਇੱਕ ਸੁਤੰਤਰ ਨਿਰਦੇਸ਼ਕ ਦਾ ਅਹੁਦਾ ਖਾਲੀ ਸੀ।

**ਸਾਰਣੀ** 4.4 ਵਿੱਚ ਦਰਸਾਏ ਗਏ ਵੇਰਵਿਆਂ ਅਨੁਸਾਰ ਲੇਖਾ ਪ੍ਰੀਖਿਆ ਕਮੇਟੀ ਨੇ ਐਕਟ, 2013 ਦੇ ਸੈਕਸ਼ਨ 177 ਦੇ ਅਨੁਸਾਰ, ਐਸ ਪੀ ਐਸ ਈਜ਼ ਨੇ ਉਨ੍ਹਾਂ ਤੇ ਲਗਾਈਆਂ ਗਈਆਂ ਡਿਊਟੀਆਂ ਨੂੰ ਨਹੀਂ ਨਿਭਾਇਆ।

---

[56] ₹ 10 ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸੂਚੀਬੱਧ ਕੰਪਨੀ ਅਤੇ ਹਰ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

**ਸਾਰਣੀ 4.4: ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਕੀਤੇ ਗਏ ਕਾਰਜਾਂ ਦੀ ਸਮੀਖਿਆ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਸਮੀਖਿਆ ਕੀਤੀਆਂ ਗਈਆਂ ਗਤੀਵਿਧੀਆਂ | ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਸਮੀਖਿਆ ਨਹੀਂ ਕੀਤੀਆਂ ਗਈਆਂ ਗਤੀਵਿਧੀਆਂ |
|---|---|---|---|
| 1. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | • ਲਾਗਤ ਲੇਖਾ ਪਰੀਖਕ ਦੀ ਨਿਯੁਕਤੀ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਦੀ ਤਿਮਾਹੀ ਪ੍ਰਗਤੀ ਅਤੇ ਲੇਖਾ ਪ੍ਰੀਖਿਆ ਕਮੇਟੀ ਦੇ ਫੈਸਲਿਆਂ ਦੀ ਪਾਲਣਾ ਸਥਿਤੀ।<br>• ਲਾਗਤ ਲੇਖਾ ਪਰੀਖਕ ਰਿਪੋਰਟ ਦੀ ਪ੍ਰਵਾਨਗੀ।<br>• ਅਧਿਨਿਯਮਿਕ ਲੇਖਾ ਪਰੀਖਕ ਰਿਪੋਰਟ ਅਤੇ ਸੀ ਏ ਜੀ ਦੀ ਟਿੱਪਣੀਆਂ ਦੀ ਸਮੀਖਿਆ। | • ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ।<br>• ਅੰਦਰੂਨੀ ਲੇਖਾ ਪਰੀਖਕਾਂ ਦੀ ਕਾਰਗੁਜਾਰੀ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਯੋਗਤਾ। |
| 2. | ਪੰਜਾਬ ਜੈਨਕੋ ਲਿਮਟਡ | • ਅੰਦਰੂਨੀ ਵਿੱਤੀ ਨਿਯੰਤਰਣ ਅਤੇ ਜੋਖਮ ਪ੍ਰਬੰਧਨ ਪ੍ਰਣਾਲੀ ਦਾ ਮੁਲਾਂਕਣ।<br>• ਕੰਪਨੀ ਦੀ ਕਾਰਗੁਜ਼ਾਰੀ ਦੀ ਸਮੀਖਿਆ।<br>• ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਦਾ ਨੋਟ ਲੈਣਾ।<br>• ਖਰੜਾ ਵਿੱਤੀ ਵਿਵਰਣੀਆਂ ਦੀ ਸਮੀਖਿਆ ਅਤੇ ਪ੍ਰਵਾਨਗੀ। | • ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕਾਂ ਦੀ ਕਾਰਗੁਜ਼ਾਰੀ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਯੋਗਤਾ। |
| 3. | ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | • ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਦੀ ਚਰਚਾ ਅਤੇ ਨੋਟ ਲੈਣਾ।<br>• ਕੰਪਨੀ ਦੇ ਸਾਲਾਨਾ ਲੇਖਿਆਂ ਦੇ ਖਰੜੇ ਅਤੇ ਸੰਗਠਿਤ ਵਿੱਤੀ ਵਿਵਰਣੀਆਂ ਦੇ ਖਰੜੇ ਦੀ ਪ੍ਰਵਾਨਗੀ। | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕੰਮਾਂ ਦੇ ਯੋਗਤਾ ਦੀ ਸਮੀਖਿਆ। |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਸਮੀਖਿਆ ਕੀਤੀਆਂ ਗਈਆਂ ਗਤੀਵਿਧੀਆਂ | ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਸਮੀਖਿਆ ਨਹੀਂ ਕੀਤੀਆਂ ਗਈਆਂ ਗਤੀਵਿਧੀਆਂ |
|---|---|---|---|
| | | | • ਅਧਿਨਿਯਮਿਕ ਲੇਖਾ ਪਰੀਖਕ ਅਤੇ ਸੀ ਏ ਜੀ ਦੀ ਟਿੱਪਣੀਆਂ ਦੀ ਸਮੀਖਿਆ। |
| 4. | ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | • ਵਿੱਤੀ ਵਿਵਰਣੀ ਤੇ ਵਿਚਾਰ ਅਤੇ ਸਮੀਖਿਆ। | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕੰਮਾਂ ਦੇ ਯੋਗਤਾ ਦੀ ਸਮੀਖਿਆ।<br>• ਅਧਿਨਿਯਮਿਕ ਲੇਖਾ ਪਰੀਖਕਾਂ ਅਤੇ ਸੀ ਏ ਜੀ ਦੀ ਟਿੱਪਣੀਆਂ ਦੀ ਸਮੀਖਿਆ। |
| 5. | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ | 2022-23 ਦੌਰਾਨ ਲੇਖਾ ਪ੍ਰੀਖਿਆ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਸੀ। | |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪਨਗ੍ਰੇਨ ਨੇ ਕਿਹਾ (ਫਰਵਰੀ 2024) ਕਿ ਕੰਪਨੀ ਦੀ ਸਾਲਾਨਾ ਵਿੱਤੀ ਵਿਵਰਣੀਆਂ ਸੀ ਏ ਜੀ ਦੁਆਰਾ ਨਿਯੁਕਤ ਕੰਪਨੀ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਲੇਖਾ ਪ੍ਰੀਖਿਆ ਲਈ ਪੈਂਡਿੰਗ ਸਨ। ਕਿਉਂਕਿ, ਵਿੱਤੀ ਸਾਲ 2022-23 ਦੌਰਾਨ, ਇਸ ਨੂੰ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਲੇਖਾ ਪ੍ਰੀਖਿਆ ਦੇ ਨਾਲ ਅਧਿਨਿਯਮਿਕ ਲੇਖਾ ਪ੍ਰੀਖਿਆ ਰਿਪੋਰਟ ਅਤੇ ਸੀ ਏ ਜੀ ਵੱਲੋਂ ਟਿੱਪਣੀਆਂ ਬਾਅਦ ਲੇਖਾ ਪ੍ਰੀਖਿਆ ਕੀਤੀਆਂ ਸਾਲਾਨਾ ਵਿੱਤੀ ਵਿਵਰਣੀਆਂ ਪ੍ਰਾਪਤ ਨਹੀਂ ਹੋਈਆਂ ਸਨ, ਇਸ ਲਈ ਲੇਖਾ ਪ੍ਰੀਖਿਆ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋ ਸਕੀ।

ਪੀ ਡਬਲਯੂ ਆਰ ਐਮ ਡੀ ਸੀ ਨੇ ਕਿਹਾ (ਫਰਵਰੀ 2024) ਕਿ ਲੇਖਾ ਪ੍ਰੀਖਿਆ ਕਮੇਟੀ ਕੰਪਨੀਜ਼ ਐਕਟ ਦੇ ਉਪਬੰਧਾਂ ਅਨੁਸਾਰ ਆਪਣੇ ਕੰਮ ਵਧੀਆ ਢੰਗ ਨਾਲ ਕਰ ਰਹੀ ਸੀ ਅਤੇ ਕਮੇਟੀ ਦੇ ਕਿਸੇ ਵੀ ਸੁਝਾਅ/ਸਿਫਾਰਸ਼ਾਂ ਨੂੰ ਉਸ ਅਨੁਸਾਰ ਲਾਗੂ ਕੀਤਾ ਜਾ ਰਿਹਾ ਹੈ। ਜਵਾਬ ਸਵੀਕਾਰਯੋਗ ਨਹੀ ਸੀ ਕਿਉਂਕਿ ਲੇਖਾ ਪ੍ਰੀਖਿਆ ਕਮੇਟੀ ਨੇ ਸਿਰਫ ਵਿੱਤੀ ਵਿਵਰਣੀਆਂ ਦੀ ਸਮੀਖਿਆ ਕੀਤੀ ਅਤੇ ਉਪਰ ਸਾਰਣੀਬੱਧ ਅਨੁਸਾਰ ਹੋਰ ਕਾਰਜ ਨਹੀਂ ਕੀਤੇ।

ਕੰਨਵੇਅਰ ਨੇ ਕਿਹਾ (ਫਰਵਰੀ 2024) ਕਿ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਨਿਯੁਕਤੀ, ਮਿਹਨਤਾਨੇ, ਲੇਖਾ ਪਰੀਖਕਾਂ ਦੀ ਨਿਯੁਕਤੀ, ਵਿੱਤੀ ਵਿਵਰਣੀਆਂ ਦੀ ਜਾਂਚ, ਲੇਖਾ ਪਰੀਖਕ ਦੀ ਰਿਪੋਰਟ ਨਾਲ ਸਬੰਧਤ ਮੁੱਦਿਆਂ ਤੇ ਵਿਚਾਰ, ਚਰਚਾ ਅਤੇ ਵਿਚਾਰ-ਵਟਾਂਦਰਾਂ ਕਰਨ ਲਈ ਕੀਤਾ ਗਿਆ ਸੀ। ਇਸ ਅਨੁਸਾਰ, ਲੇਖਾ ਪ੍ਰੀਖਿਆ ਕਮੇਟੀ ਦੁਆਰਾ ਵਿੱਤੀ ਵਿਵਰਣੀਆਂ, ਵਿੱਤੀ ਲੈਣ-ਦੇਣ, ਨਿਯੰਤਰਣ ਪ੍ਰਣਾਲੀਆਂ ਅਤੇ ਸਾਲਾਨਾ ਵਿੱਤੀ ਵਿਵਰਣੀਆਂ ਸਮੇਤ ਸਾਰੇ ਸੰਭਾਵਿਤ ਮਾਮਲਿਆਂ ਤੇ

ਵਿਚਾਰ ਕੀਤਾ ਗਿਆ ਸੀ। ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ ਦੇ ਮਿੰਟਸ ਦੀ ਸਮੀਖਿਆ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਕੀਤੀਆਂ ਜਾ ਰਹੀਆਂ ਵਿਸ਼ੇਸ਼ ਗਤੀਵਿਧੀਆਂ ਦਾ ਸੁਝਾਅ ਨਹੀਂ ਦਿੰਦੀ ਸੀ।

## 4.7 ਹੋਰ ਕਮੇਟੀਆਂ

### 4.7.1 ਅਪਾਇੰਟਮੇਨਟ ਐਂਡ ਰੇਮੁਨਿਰੇਸ਼ਨ ਕਮੇਟੀ

ਐਕਟ, 2013 ਦੀ ਸੈਕਸ਼ਨ 178(1) ਕੰਪਨੀਜ਼ (ਮੀਟਿੰਗਜ਼ ਆਫ਼ ਬੋਰਡ ਐਂਡ ਇਟਸ ਪਾਵਰਜ਼) ਰੂਲਜ਼, 2014 ਦੇ ਰੂਲ 6 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਕੰਪਨੀਜ਼ (ਅਪਾਇਨਟਮੈਂਟ ਐਂਡ ਕਵਾਲੀਫਿਕੇਸ਼ਨ ਆਫ਼ ਡਾਇਰੇਕਟਰ) ਰੂਲਜ਼, 2014 ਦੇ ਰੂਲ 4[57] ਦੇ ਅਧੀਨ ਆਉਂਦੀ ਹਰ ਸੂਚੀਬੱਧ ਜਨਤਕ ਕੰਪਨੀ ਅਤੇ ਕੰਪਨੀਆਂ, ਇੱਕ ਅਪਾਇੰਟਮੇਨਟ ਐਂਡ ਰੇਮੁਨਿਰੇਸ਼ਨ ਕਮੇਟੀ (ਐਨ ਆਰ ਸੀ) ਦਾ ਗਠਨ ਕਰਨਗੀਆਂ ਜਿਸ ਵਿੱਚ ਘੱਟੋ-ਘੱਟ ਤਿੰਨ ਗੈਰ-ਕਾਰਜਕਾਰੀ ਨਿਰਦੇਸ਼ਕ ਮੈਂਬਰ ਹੋਣਗੇ, ਜਿੰਨ੍ਹਾਂ ਵਿੱਚੋਂ ਅੱਧੇ ਤੋਂ ਘੱਟ ਸੁਤੰਤਰ ਨਿਰਦੇਸ਼ਕ ਨਹੀਂ ਹੋਣਗੇ।

ਉਪਰੋਕਤ ਸ਼ਰਤਾਂ ਦੇ ਅਨੁਸਾਰ ***ਅੰਤਿਕਾ** 4.2* ਵਿੱਚ ਵੇਰਵਿਤ ਅੱਠ ਐਸ ਪੀ ਐਸ ਈਜ਼ ਨੂੰ ਐਨ ਆਰ ਸੀ ਗਠਨ ਕਰਨ ਦੀ ਲੋੜ ਸੀ। ਹਾਲਾਂਕਿ, **ਸਾਰਣੀ** 4.5 ਵਿੱਚ ਦੱਸੇ ਅਨੁਸਾਰ ਤਿੰਨ ਐਸ ਪੀ ਐਸ ਈਜ਼ ਕੋਲ ਕੋਈ ਐਨ ਆਰ ਸੀ ਨਹੀਂ ਸੀ।

**ਸਾਰਣੀ** 4.5: **ਐਸ ਪੀ ਐਸ ਈਜ਼ ਜਿਨ੍ਹਾਂ ਕੋਲ ਅਪਾਇੰਟਮੇਨਟ ਐਂਡ ਰੇਮੁਨਿਰੇਸ਼ਨ ਕਮੇਟੀ ਨਹੀਂ ਸੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪਨਬਸ ਦੇ ਮਾਮਲੇ ਵਿੱਚ, ਸੁਤੰਤਰ ਨਿਰਦੇਸ਼ਕਾਂ ਦੇ ਅਸਤੀਫੇ ਕਾਰਨ 30 ਜੂਨ 2022 ਤੋਂ ਐਨ ਆਰ ਸੀ ਨੂੰ ਭੰਗ ਕਰ ਦਿੱਤਾ ਗਿਆ ਸੀ। ਪਨਗ੍ਰੇਨ ਨੇ ਕਿਹਾ (ਜਨਵਰੀ 2024) ਕਿ ਬੋਰਡ ਅਤੇ ਕਾਰਪੋਰੇਸ਼ਨ ਦੇ ਮੈਂਬਰਾਂ ਨੂੰ ਕਿਸੇ ਵੀ ਨਿਰਦੇਸ਼ਕ ਜਾਂ ਕੇ ਐਮ ਪੀ ਦੀ ਨਿਯੁਕਤੀ ਕਰਨ ਦਾ ਅਧਿਕਾਰ ਨਹੀਂ ਸੀ, ਇਸ ਲਈ, ਐਨ ਆਰ ਸੀ ਦੇ ਗਠਨ ਦੀ ਕੋਈ ਲੋੜ ਨਹੀਂ ਸੀ। ਪੀ ਡਬਲਯੂ ਆਰ ਐਮ ਡੀ ਸੀ ਨੇ ਕਿਹਾ (ਜਨਵਰੀ 2024) ਕਿ ਕਮੇਟੀਆਂ ਦੇ ਗਠਨ ਲਈ ਇੰਡੀਪੈਨਡੈਂਟ ਡਾਇਰੈਕਟਰ ਦੇ ਸਹੀ ਅਨੁਪਾਤ ਦੀ ਲੋੜ ਹੁੰਦੀ ਹੈ, ਜੋ ਆਮ ਤੌਰ ਤੇ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਕਿਉਂਕਿ ਰਾਜ ਸਰਕਾਰ ਵੱਲੋਂ ਸਾਲ 2022-23 ਦੌਰਾਨ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ, ਇਸ ਲਈ ਕਮੇਟੀਆਂ ਦਾ ਗਠਨ ਐਕਟ, 2013 ਦੇ ਉਪਬੰਧਾਂ ਅਨੁਸਾਰ ਨਹੀਂ ਕੀਤਾ ਗਿਆ ਸੀ।

[57] ₹ 10 ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸੂਚੀਬੱਧ ਕੰਪਨੀ ਅਤੇ ਹਰ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

ਇਸ ਤੋਂ ਇਲਾਵਾ, ਐਨ ਆਰ ਸੀ ਵਾਲੇ ਪੰਜ ਐਸ ਪੀ ਐਸ ਈਜ਼ ਵਿੱਚੋਂ, **ਸਾਰਣੀ** 4.6 ਵਿੱਚ ਸੂਚੀਬੱਧ ਤਿੰਨ ਐਸ ਪੀ ਐਸ ਈਜ਼ ਕੋਲ ਐਨ ਆਰ ਸੀ ਵਿੱਚ ਲੋੜੀਂਦੇ ਸੁਤੰਤਰ ਨਿਰਦੇਸ਼ਕ ਨਹੀਂ ਸਨ।

**ਸਾਰਣੀ 4.6: ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਗਿਣਤੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਕਮੇਟੀ ਵਿੱਚ ਕੁੱਲ ਨਿਰਦੇਸ਼ਕਾਂ ਦੀ ਗਿਣਤੀ | ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ |
|---|---|---|---|
| 1. | ਪੰਜਾਬ ਜੈਨਕੋ ਲਿਮਟਡ | 4 | 0 |
| 2. | ਭੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 3 | 1 |
| 3. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | 2 | 1 |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪੀ ਐਸ ਪੀ ਸੀ ਐਲ ਦੇ ਮਾਮਲੇ ਵਿੱਚ, ਦੋ ਸੁਤੰਤਰ ਨਿਰਦੇਸ਼ਕਾਂ ਦੀ ਜ਼ਰੂਰਤ ਦੇ ਮੁਕਾਬਲੇ, ਸਾਲ 2022-23 ਦੇ ਹਿੱਸੇ ਲਈ ਦੋ ਸੁਤੰਤਰ ਨਿਰਦੇਸ਼ਕ ਸਨ (6 ਨਵੰਬਰ 2022 ਤੱਕ), ਇਸ ਤੋਂ ਬਾਅਦ, ਇੱਕ ਸੁਤੰਤਰ ਨਿਰਦੇਸ਼ਕ ਦਾ ਅਹੁਦਾ ਖਾਲੀ ਰਿਹਾ। ਪੀ ਜੀ ਐਲ ਨੇ ਜਵਾਬ ਦਿੱਤਾ (ਫਰਵਰੀ 2024) ਕਿ ਕੰਪਨੀ ਦੇ ਨਿਰਦੇਸ਼ਕਾਂ ਦੀ ਨਿਯੁਕਤੀ ਰਾਜ ਸਰਕਾਰ/ਪ੍ਰਸ਼ਾਸਨਿਕ ਵਿਭਾਗ ਦੁਆਰਾ ਕੀਤੀ ਜਾਂਦੀ ਹੈ। ਨਿਯੁਕਤ ਕੀਤੇ ਗਏ ਨਿਰਦੇਸ਼ਕ ਸੁਤੰਤਰ ਨਿਰਦੇਸ਼ਕਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਐਨ ਆਰ ਸੀ ਵਿੱਚ ਲੋੜੀਂਦੀ ਗਿਣਤੀ ਵਿੱਚ ਸੁਤੰਤਰ ਨਿਰਦੇਸ਼ਕ ਸ਼ਾਮਲ ਹਨ। ਕੰਨਵੇਅਰ ਨੇ ਜਵਾਬ ਦਿੱਤਾ (ਜਨਵਰੀ 2024) ਕਿ ਉਸਨੇ ਇੱਕ ਸੁਤੰਤਰ ਨਿਰਦੇਸ਼ਕ ਸਮੇਤ ਤਿੰਨ ਨਿਰਦੇਸ਼ਕਾਂ ਨਾਲ ਐਨ ਆਰ ਸੀ ਦਾ ਗਠਨ ਕੀਤਾ ਸੀ ਅਤੇ ਇੱਕ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ ਦਾ ਮਾਮਲਾ ਰਾਜ ਸਰਕਾਰ ਦੇ ਵਿਚਾਰ ਅਧੀਨ ਸੀ।

ਲੇਖਾ ਪ੍ਰੀਖਿਆ ਕਮੇਟੀ ਨਾਲ ਸਬੰਧਤ ਸੈਕਸ਼ਨ 177 ਅਤੇ ਐਨ ਆਰ ਸੀ ਅਤੇ ਐਕਟ, 2013 ਦੀ ਸਟੇਕਹੋਲਡਰ ਰਿਲੇਸ਼ਨਸ਼ਿਪ ਕਮੇਟੀ ਨਾਲ ਸਬੰਧਤ ਸੈਕਸ਼ਨ 178 ਦੇ ਉਪਬੰਧਾਂ ਦੀ ਉਲੰਘਣਾ ਕਰਨ ਤੇ ਕੰਪਨੀ ਨੂੰ ₹ ਪੰਜ ਲੱਖ ਦੇ ਜੁਰਮਾਨੇ ਦੀ ਸਜ਼ਾ ਹੋਵੇਗੀ ਅਤੇ ਕੰਪਨੀ ਦਾ ਹਰੇਕ ਅਧਿਕਾਰੀ ਜੋ ਡਿਫਾਲਟਰ ਹੁੰਦਾ ਹੈ, ਉਸ ਨੂੰ ₹ ਇੱਕ ਲੱਖ ਦੇ ਜੁਰਮਾਨੇ ਨਾਲ ਸਜ਼ਾ ਦਿੱਤੀ ਜਾਵੇਗੀ।

ਇਹ ਦੇਖਿਆ ਗਿਆ ਸੀ ਕਿ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਸਾਲ 2022-23 ਦੌਰਾਨ ਅਜਿਹਾ ਕੋਈ ਜੁਰਮਾਨਾ ਨਹੀਂ ਲਗਾਇਆ ਗਿਆ ਸੀ।

## 4.8 ਚੌਕਸੀ ਵਿਧੀ

ਐਕਟ, 2013 ਦੀ ਸੈਕਸ਼ਨ 177(9) ਕੰਪਨੀਜ਼ (ਮੀਟਿੰਗਜ਼ ਆਫ਼ ਬੋਰਡ ਐਂਡ ਇਟਸ ਪਾਵਰਜ਼) ਰੂਲਜ਼, 2014 ਦੇ ਰੂਲ 7 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਹਰੇਕ ਸੂਚੀਬੱਧ ਕੰਪਨੀ ਜਾਂ ਇੱਕ ਕੰਪਨੀ ਜੋ ਕਿ ਲੋਕਾਂ ਤੋਂ ਡਿਪਾਜ਼ਿਟਸ ਜਾਂ ਬੈਂਕਾ ਜਾਂ ਵਿੱਤੀ ਸੰਸਥਾਵਾਂ ਤੋਂ ₹ 50 ਕਰੋੜ ਤੋਂ ਵੱਧ ਦੀ ਰਕਮ ਦਾ ਕਰਜ਼ਾ ਚੁੱਕਦੀ ਹੈ, ਨਿਰਦੇਸ਼ਕਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਅਸਲ ਚਿੰਤਾਵਾਂ ਜਾਂ ਸ਼ਿਕਾਇਤਾਂ ਬਾਰੇ ਦੱਸਣ ਲਈ ਇਕ ਚੌਕਸੀ ਵਿਧੀ ਸਥਾਪਤ ਕਰੇਗੀ। ***ਅੰਤਿਕਾ 4.6*** ਵਿੱਚ ਸੂਚੀਬੱਧ ਅੱਠ ਐਸ ਪੀ ਐਸ ਈਜ਼ ਨੂੰ ਚੌਕਸੀ ਵਿਧੀ ਸਥਾਪਿਤ ਕਰਨ ਦੀ ਜ਼ਰੂਰਤ ਸੀ।

ਜਦੋਂ ਕਿ, ਇਹ ਵੇਖਿਆ ਗਿਆ ਸੀ ਕਿ **ਸਾਰਣੀ** 4.7 ਵਿੱਚ ਸੂਚੀਬੱਧ ਚਾਰ ਐਸ ਪੀ ਐਸ ਈਜ਼ ਵਿੱਚ ਕੋਈ ਵਿਸਲ ਬਲੋਅਰ ਮਕੈਨੀਜ਼ਮ ਨਹੀਂ ਸੀ।

**ਸਾਰਣੀ 4.7: ਐਸ ਪੀ ਐਸ ਈਜ਼ ਜਿਨ੍ਹਾਂ ਕੋਲ ਚੌਕਸੀ ਵਿਧੀ ਨਹੀਂ ਸੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ |
| 4. | ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ (ਪਨਸਪ) ਅਤੇ ਪਨਗ੍ਰੇਨ ਨੇ ਕਿਹਾ (ਫਰਵਰੀ 2024) ਕਿ ਕੰਪਨੀ ਰਾਜ ਸਰਕਾਰ ਦੀ ਕੰਪਨੀ ਹੈ ਨਾ ਕਿ ਜਨਤਕ ਖੇਤਰ ਦਾ ਅਦਾਰੇ, ਇਸ ਲਈ ਚੌਕਸੀ ਵਿਧੀ ਦੀ ਕੋਈ ਲੋੜ ਨਹੀਂ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਇਨ੍ਹਾਂ ਕੰਪਨੀਆਂ ਨੇ ਬੈਂਕਾਂ ਜਾਂ ਵਿੱਤੀ ਸੰਸਥਾਵਾਂ ਤੋਂ ₹ 50 ਕਰੋੜ (ਦੱਸੇ ਗਏ ਉਪਬੰਧ ਅਨੁਸਾਰ) ਤੋਂ ਵੱਧ ਦਾ ਕਰਜ਼ਾ ਲਿਆ ਸੀ। ਇਸ ਲਈ ਉਹਨਾਂ ਨੂੰ ਇੱਕ ਚੌਕਸੀ ਵਿਧੀ ਸਥਾਪਤ ਕਰਨ ਦੀ ਲੋੜ ਸੀ।

ਪੰਜਾਬ ਮਿਊਂਸਪਲ ਇਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ (ਪੀ ਐਮ ਆਈ ਡੀ ਸੀ) ਨੇ ਕਿਹਾ (ਫਰਵਰੀ 2024) ਕਿ ਇਸ ਵਿਧੀ ਦੀ ਸਥਾਪਨਾ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਲਈ ਅਗਲੀ ਬੋਰਡ ਆਫ਼ ਡਾਇਰੈਕਟਰਜ਼ ਮੀਟਿੰਗ ਵਿੱਚ ਲਿਆ ਜਾਵੇਗਾ।

ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ (ਪੀ ਪੀ ਐਚ ਸੀ) ਨੇ ਕਿਹਾ (ਫਰਵਰੀ 2024) ਕਿ ਸਾਲ 2021-22 ਲਈ ਨਵੀਨਤਮ ਪ੍ਰਵਾਨਿਤ ਵਿੱਤੀ ਵਿਵਰਣੀ ਅਨੁਸਾਰ, ਕੰਪਨੀ ਨੇ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਹੁਡਕੋ) ਤੋਂ ₹ 140 ਕਰੋੜ ਦਾ ਅਸੁਰੱਖਿਅਤ ਕਰਜ਼ਾ ਬਕਾਇਆ ਹੈ। ਕਿਉਂਕਿ ਹੁਡਕੋ ਨਾ ਤਾਂ ਕੋਈ ਬੈਂਕ ਹੈ ਅਤੇ ਨਾ ਹੀ ਜਨਤਕ ਵਿੱਤੀ ਸੰਸਥਾ, ਇਸ ਲਈ ਹੁਡਕੋ ਤੋਂ ਲਏ ਗਏ ਕਰਜ਼ੇ ਕੰਪਨੀਜ਼ (ਮੀਟਿੰਗਜ਼ ਆਫ਼ ਬੋਰਡ ਐਂਡ ਇਟਸ ਪਾਵਰਜ਼) ਰੂਲਜ਼, 2014 ਦੇ ਰੂਲ 7(1)(b) ਦੇ ਅਧੀਨ ਨਹੀਂ ਆਉਂਦੇ। ਇਸ ਲਈ, ਕੰਪਨੀ ਨੂੰ ਚੌਕਸੀ ਵਿਧੀ ਸਥਾਪਤ ਕਰਨ ਦੀ ਲੋੜ ਨਹੀਂ ਸੀ।

ਪੀ ਪੀ ਐਚ ਸੀ ਦਾ ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਭਾਰਤੀ ਰਿਜ਼ਰਵ ਬੈਂਕ ਦੀ ਪਰਿਭਾਸ਼ਾ ਦੇ ਅਨੁਸਾਰ ਹੁਡਕੋ ਅਸਲ ਵਿੱਚ ਇੱਕ ਜਨਤਕ ਵਿੱਤੀ ਸੰਸਥਾ ਹੈ।

## 4.9 ਅੰਦਰੂਨੀ ਲੇਖਾ ਪ੍ਰੀਖਿਆ ਢਾਂਚਾ

### 4.9.1 ਅੰਦਰੂਨੀ ਲੇਖਾ ਪ੍ਰੀਖਿਆ ਦੀ ਭੂਮਿਕਾ

ਅੰਦਰੂਨੀ ਲੇਖਾ ਪ੍ਰੀਖਿਆ ਸੁਤੰਤਰ ਪ੍ਰਬੰਧਨ ਦਾ ਇਕ ਕਾਰਜ ਹੈ, ਜਿਸ ਵਿੱਚ ਇਕ ਇਕਾਈ ਦੇ ਕੰਮਕਾਜ ਦਾ ਨਿਰੰਤਰ ਅਤੇ ਆਲੋਚਨਾਤਮਕ ਮੁਲਾਂਕਣ ਸ਼ਾਮਲ ਹੁੰਦਾ ਹੈ ਜਿਸ ਨਾਲ ਇਸ ਵਿੱਚ ਸੁਧਾਰਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ ਅਤੇ ਇਕਾਈ ਦੀ ਸਮੁੱਚੀ ਸ਼ਾਸਨ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਇਕਾਈ ਦਾ ਰਣਨੀਤਕ ਜੋਖਮ ਪ੍ਰਬੰਧਨ ਅਤੇ ਅੰਦਰੂਨੀ ਨਿਯੰਤਰਣ ਪ੍ਰਣਾਲੀ ਸ਼ਾਮਲ ਹੈ। ਅੰਦਰੂਨੀ ਲੇਖਾ ਪ੍ਰੀਖਿਆ, ਇਸ ਲਈ, ਇਹ ਭਰੋਸਾ ਪ੍ਰਦਾਨ ਕਰਦਾ ਹੈ ਕਿ ਚੰਗੀ ਪ੍ਰਸ਼ਾਸਨ ਦੇ ਹਿੱਸੇ ਵੱਜੋਂ, ਰਿਪੋਰਟਿੰਗ ਵਿੱਚ ਪਾਰਦਰਸ਼ਤਾ ਹੈ।

### 4.9.2 ਕਾਨੂੰਨੀ ਢਾਂਚਾ

ਕੰਪਨੀਜ਼ (ਅਕਾਊਂਟਸ) ਰੂਲਜ਼, 2014 ਦੇ ਰੂਲ 13 ਨਾਲ ਪੜ੍ਹਦੇ ਹੋਏ ਐਕਟ, 2013 ਦੀ ਸੈਕਸ਼ਨ 138(1) ਵਿਵਸਥਾ ਕਰਦੀ ਹੈ ਕਿ ਹੇਠ ਦਿੱਤੀਆਂ ਕੰਪਨੀਆਂ ਦੀ ਸ਼੍ਰੇਣੀ ਨੂੰ ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਕਰਨ ਦੀ ਲੋੜ ਹੋਵੇਗੀ ਜੋ ਕਿ ਇੱਕ ਵਿਅਕਤੀਗਤ ਜਾਂ ਇੱਕ ਭਾਈਵਾਲੀ ਫਰਮ ਹੋ ਸਕਦਾ ਹੈ, ਅਰਥਾਤ:

(ੳ) ਹਰੇਕ ਸੂਚੀਬੱਧ ਕੰਪਨੀ;

(ਅ) ਹਰੇਕ ਗੈਰ-ਸੂਚੀਬੱਧ ਜਨਤਕ ਕੰਪਨੀ ਜਿਸ ਕੋਲ ਅਦਾ ਕੀਤੀ ਸ਼ੇਅਰ ਪੂੰਜੀ ₹ 50 ਕਰੋੜ ਜਾਂ ਉਸ ਤੋਂ ਵੱਧ; ਜਾਂ ਪਿਛਲੇ ਵਿੱਤੀ ਸਾਲ ਦੌਰਾਨ ਟਰਨਓਵਰ ₹ 200 ਕਰੋੜ ਜਾਂ ਉਸ ਤੋਂ ਵੱਧ; ਜਾਂ ਬਕਾਇਆਂ ਕਰਜ਼ੇ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਪਿਛਲੇ ਵਿੱਤੀ ਸਾਲ ਦੌਰਾਨ ਕਿਸੇ ਵੀ ਸਮੇਂ ਬਕਾਇਆਂ ਡਿਪਾਜ਼ੀਟਸ ₹ 25 ਕਰੋੜ ਜਾਂ ਉਸ ਤੋਂ ਵੱਧ ਹੈ; ਅਤੇ

(ੲ) ਹਰੇਕ ਨਿੱਜੀ ਕੰਪਨੀ ਜਿਸ ਦਾ ਟਰਨਓਵਰ ₹ 200 ਕਰੋੜ ਜਾਂ ਉਸ ਤੋਂ ਵੱਧ; ਪਿਛਲੇ ਵਿੱਤੀ ਸਾਲ ਦੌਰਾਨ ਜਾਂ ਪਿਛਲੇ ਵਿੱਤੀ ਸਾਲ ਦੌਰਾਨ ਕਿਸੇ ਵੀ ਸਮੇਂ ਬਕਾਇਆ ਕਰਜ਼ੇ ₹ 100 ਕਰੋੜ ਜਾਂ ਉਸ ਤੋਂ ਵੱਧ ਹੈ।

### 4.9.3 ਲੇਖਾ ਪ੍ਰੀਖਿਆ ਲੱਭਤਾਂ

ਮਾਪਦੰਡਾਂ ਦੇ ਅਨੁਸਾਰ, 11 ਐਸ ਪੀ ਐਸ ਈਜ਼ ਜਿਵੇਂ ਕਿ ***ਅੰਤਿਕਾ 4.7*** ਵਿੱਚ ਸੂਚੀਬੱਧ ਹਨ, ਨੂੰ ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕਰਨ ਦੀ ਲੋੜ ਸੀ। ਹਾਲਾਂਕਿ, ਦੋ ਐਸ ਪੀ ਐਸ ਈਜ਼ (ਪਨਗ੍ਰੇਨ ਅਤੇ ਪਨਸਪ) ਨੇ ਅੰਦਰੂਨੀ ਲੇਖਾ ਪਰੀਖਕ ਨਿਯੁਕਤ ਨਹੀਂ ਕੀਤੇ ਹਨ ਅਤੇ ਦੋ ਐਸ ਪੀ ਐਸ ਈਜ਼ (ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ) ਦੇ ਮਾਮਲੇ ਵਿੱਚ ਕੰਪਨੀ ਦੇ ਯੋਗ ਨਿਯਮਿਤ ਕਰਮਚਾਰੀਆਂ ਨੂੰ ਅੰਦਰੂਨੀ ਲੇਖਾ ਪਰੀਖਕ ਦੀਆਂ ਡਿਊਟੀਆਂ ਸੌਂਪ ਕੇ ਵਿਭਾਗੀ ਅੰਦਰੂਨੀ ਲੇਖਾ ਪ੍ਰੀਖਿਆ ਕੀਤੀ ਜਾ ਰਹੀ ਸੀ।

ਤਿੰਨ ਐਸ ਪੀ ਐਸ ਈਜ਼ (ਪਨਬਸ, ਪੀ ਡਬਲਯੂ ਆਰ ਐਮ ਡੀ ਸੀ ਅਤੇ ਪੀ ਐਸ ਆਈ ਡੀ ਸੀ) ਨੇ ਕਿਹਾ ਕਿ ਉਨ੍ਹਾਂ ਨੇ ਸਾਲ 2022-23 ਲਈ ਅੰਦਰੂਨੀ ਲੇਖਾ ਪਰੀਖਕਾਂ ਨੂੰ ਨਿਯੁਕਤ ਕੀਤਾ ਸੀ, ਹਾਲਾਂਕਿ, ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਨਹੀਂ ਕੀਤੀ ਗਈ ਸੀ।

ਪਨਗ੍ਰੇਨ ਨੇ ਕਿਹਾ (ਜਨਵਰੀ 2024) ਕਿ ਕਾਰਪੋਰੇਸ਼ਨ ਲੇਖਾ ਪ੍ਰੀਖਿਆ ਕਰਨ ਲਈ ਸਾਲ-ਦਰ-ਸਾਲ ਦੇ ਅਧਾਰ ਤੇ ਕਾਰਪੋਰੇਸ਼ਨ ਦੇ ਅੰਦਰੂਨੀ ਲੇਖਾ ਪਰੀਖਕ ਵਜੋਂ ਯੋਗਤਾ ਪ੍ਰਾਪਤ ਚਾਰਟਰਡ ਅਕਾਊਂਟੈਂਟਾਂ ਦੀ ਨਿਯੁਕਤੀ ਕਰਦੀ ਸੀ। ਕਿਉਂਕਿ 2019-20 ਦੇ ਵਿੱਤੀ ਵਿਵਰਣੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ, ਇਸ ਲਈ ਕਾਰਪੋਰੇਸ਼ਨ ਨੇ ਵਿੱਤੀ ਸਾਲ 2019-20 ਲਈ ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਸਨ। ਅਗਲੇ ਵਿੱਤੀ ਸਾਲਾਂ ਦੇ ਲੇਖਾ ਪ੍ਰੀਖਿਆ ਦੀ ਸ਼ੁਰੂਆਤ ਦੇ ਨਾਲ ਅੰਦਰੂਨੀ ਲੇਖਾ ਪਰੀਖਕਾਂ ਦੀ ਹੋਰ ਨਿਯੁਕਤੀ ਕੀਤੀ ਜਾਵੇਗੀ।

ਐਸ ਪੀ ਐਸ ਈਜ਼ ਕੋਲ ਅੰਦਰੂਨੀ ਲੇਖਾ ਪ੍ਰੀਖਿਆ ਵਿਧੀ ਹੋਣ ਬਾਰੇ ਸਥਿਤੀ, ਜਿੱਥੇ ਰਿਪੋਰਟਾਂ ਪ੍ਰਬੰਧਨ ਨੂੰ ਸੌਂਪੀਆਂ ਜਾ ਰਹੀਆਂ ਹਨ, ਵੇਰਵੇ **ਸਾਰਣੀ** 4.8 ਅਨੁਸਾਰ ਹਨ:

**ਸਾਰਣੀ 4.8: ਐਸ ਪੀ ਐਸ ਈਜ਼ ਵਿੱਚ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ**

| ਲੜੀ ਨੰ. | ਕੰਪਨੀ ਦਾ ਨਾਂ | ਵੇਰਵੇ |
|---|---|---|
| 1. | ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ; ਅੰਦਰੂਨੀ ਲੇਖਾ ਪ੍ਰੀਖਿਆ ਤਿਮਾਹੀ ਤੌਰ 'ਤੇ ਕੰਪਨੀ ਦੀ ਲੇਖਾ ਪ੍ਰੀਖਿਆ ਕਮੇਟੀ ਨੂੰ ਸੌਂਪੀ ਗਈ ਸੀ। ਲੇਖਾ ਪ੍ਰੀਖਿਆ ਕਮੇਟੀ ਨੇ ਰਿਪੋਰਟ 'ਤੇ ਚਰਚਾ ਕੀਤੀ ਅਤੇ ਬੋਰਡ ਨੂੰ ਆਪਣੀਆਂ ਸਿਫਾਰਸ਼ਾਂ ਦਿੱਤੀਆਂ। |
| 2. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਅੰਦਰਨੂੀ ਲੇਖਾ ਪ੍ਰੀਖਿਆ ਵਿਭਾਗੀ ਤੌਰ 'ਤੇ ਛਿਮਾਹੀ ਅਧਾਰ 'ਤੇ ਕੀਤਾ ਗਿਆ ਸੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟਾਂ ਨੂੰ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਵਿਚਾਰਿਆ ਗਿਆ ਸੀ। |
| 3. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਅੰਦਰੂਨੀ ਲੇਖਾ ਪ੍ਰੀਖਿਆ ਵਿਭਾਗੀ ਤੌਰ 'ਤੇ ਛਿਮਾਹੀ ਅਧਾਰ 'ਤੇ ਕੀਤਾ ਗਿਆ ਸੀ ਅਤੇ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਸਨ। |
| 4. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ। ਰਿਪੋਰਟਿੰਗ ਦੀ ਬਾਰੰਬਾਰਤਾ ਤਿਮਾਹੀ ਹੈ। ਲੇਖਾ ਪ੍ਰੀਖਿਆ ਕਮੇਟੀ ਨੇ ਅੰਦਰੂਨੀ ਲੇਖਾ ਪ੍ਰੀਖਿਆ ਦੀਆਂ ਰਿਪੋਰਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਇਸ ਨੂੰ ਸੰਤੁਸ਼ਟੀਜਨਕ ਪਾਇਆ। |
| 5. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ। ਹਰ ਸਾਲ ਲੇਖਾ ਪ੍ਰੀਖਿਆ ਰਿਪੋਰਟਾਂ ਪੇਸ਼ ਕੀਤੀਆਂ ਜਾਂਦੀਆਂ ਸਨ। |

*ਸ੍ਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਜਾਣਕਾਰੀ*

## 4.10 ਸਿੱਟਾ

**29 ਐਸ ਪੀ ਐਸ ਈਜ਼ ਵਿੱਚੋਂ, 15[58] ਨੇ ਇੱਕ ਸਾਲ ਵਿੱਚ ਲੋੜੀਂਦੀਆਂ ਬੋਰਡ ਮੀਟਿੰਗਾਂ ਨਹੀਂ ਕੀਤੀਆਂ ਅਤੇ 11 ਐਸ ਪੀ ਐਸ ਈਜ਼ ਨੇ ਬੋਰਡ ਦੀਆਂ ਲਗਾਤਾਰ ਦੋ ਮੀਟਿੰਗਾਂ ਵਿਚਕਾਰ ਵੱਧ ਤੋਂ ਵੱਧ 120 ਦਿਨਾਂ ਦੇ ਸਮੇਂ ਦੇ ਅੰਤਰ ਦੀ ਲੋੜ ਦੀ ਪਾਲਣਾ ਨਹੀਂ ਕੀਤੀ ਸੀ। 31 ਮਾਰਚ 2023 ਤੱਕ ਚਾਰ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਕੋਈ ਸੁਤੰਤਰ ਨਿਰਦੇਸ਼ਕ ਨਹੀਂ ਸੀ, ਜਦੋਂ ਕਿ ਦੋ ਐਸ ਪੀ ਐਸ ਪੀਜ਼ ਵਿੱਚ ਲੋੜੀਂਦੀ ਗਿਣਤੀ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਘਾਟ ਸੀ। ਚਾਰ ਐਸ ਪੀ ਐਸ ਈਜ਼ ਵਿੱਚ, ਜਿਥੇ ਸੁਤੰਤਰ ਨਿਰਦੇਸ਼ਕ ਨਿਯੁਕਤ ਕੀਤੇ ਗਏ ਸਨ, ਸਿਰਫ ਤਿੰਨ ਐਸ ਪੀ ਐਸ ਈਜ਼ ਵਿੱਚ ਨਿਯੁਕਤੀ ਦਾ ਉਪਚਾਰਿਕ ਪੱਤਰ ਭੇਜਿਆ ਗਿਆ ਸੀ। ਸੱਤ ਐਸ ਪੀ ਐਸ ਈਜ਼ ਵਿੱਚੋਂ ਜਿੱਥੇ ਬੋਰਡ ਵਿੱਚ ਇੱਕ ਮਹਿਲਾ ਨਿਰਦੇਸ਼ਕ ਦੀ ਲੋੜ ਸੀ, ਦੋ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਕੋਈ ਮਹਿਲਾ ਨਿਰਦੇਸ਼ਕ ਨਹੀਂ ਸੀ। ਇਸੇ ਤਰ੍ਹਾਂ, ਚੌਕਸੀ ਵਿਧੀ ਸਥਾਪਤ ਕਰਨ ਲਈ ਲੋੜੀਂਦੇ ਅੱਠ ਐਸ ਪੀ ਐਸ ਈਜ਼ ਵਿੱਚੋਂ ਚਾਰ ਐਸ ਪੀ ਐਸ ਈਜ਼ ਕੋਲ ਅਜਿਹੀ ਕੋਈ ਵਿਧੀ ਨਹੀਂ ਸੀ। ਪੰਜ ਐਸ ਪੀ ਐਸ ਈਜ਼ ਵਿੱਚ, ਲੇਖਾ ਪ੍ਰੀਖਿਆ ਕਮੇਟੀ ਨੇ ਕੰਪਨੀ ਦੇ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਅਧਿਨਿਯਮਿਕ ਲੇਖਾ ਪਰੀਖਕਾਂ ਅਤੇ ਅੰਦਰੂਨੀ ਲੇਖਾ ਪਰੀਖਕ ਦੀ ਕਾਰਗੁਜ਼ਾਰੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਯੋਗਤਾ ਦੀ ਸਮੀਖਿਆ ਨਹੀਂ ਕੀਤੀ। ਦੋ ਐਸ ਪੀ ਐਸ ਈਜ਼ ਕੋਲ ਅੰਦਰੂਨੀ ਲੇਖਾ ਪ੍ਰੀਖਿਆ ਪ੍ਰਣਾਲੀ ਨਹੀਂ ਸੀ, ਜਦੋਂ ਕਿ ਤਿੰਨ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ, ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਨਹੀਂ ਕੀਤੀ ਗਈ ਹੈ।**

[58] ਜਿਵੇਂ ਕਿ ਸਾਰਣੀ 4.3 ਅਤੇ ਪੈਰ੍ਹਾ 4.4 ਵਿੱਚ ਦਰਸਾਇਆ ਗਿਆ ਹੈ।

## 4.11 ਸਿਫਾਰਸ਼ਾਂ

- ਸਬੰਧਤ ਪ੍ਰਸ਼ਾਸਨਿਕ ਵਿਭਾਗ ਐਸ ਪੀ ਐਸ ਈਜ਼ ਨੂੰ ਕੰਪਨੀਜ਼ ਐਕਟ, 2013 ਦੀ ਲੋੜ ਅਨੁਸਾਰ, ਜਿਥੇ ਵੀ ਲਾਗੂ ਹੋਵੇ, ਬੋਰਡ ਦੀਆਂ ਮੀਟਿੰਗਾਂ ਕਰਵਾਉਣ, ਲੋੜੀਂਦੀ ਗਿਣਤੀ ਵਿੱਚ ਸੁਤੰਤਰ ਨਿਰਦੇਸ਼ਕਾਂ ਅਤੇ ਮਹਿਲਾ ਨਿਰਦੇਸ਼ਕਾਂ ਦੀ ਨਿਯੁਕਤੀ ਕਰਨ ਲਈ ਕੰਪਨੀਆਂ ਨੂੰ ਨਿਰਦੇਸ਼ ਦੇ ਸਕਦੇ ਹਨ।

- ਐਸ ਪੀ ਐਸ ਈਜ਼ ਇਹ ਕਰ ਸਕਦੇ ਹਨ:

  - ਕੰਪਨੀਜ਼ ਐਕਟ, 2013 ਦੀ ਲੋੜ ਅਨੁਸਾਰ ਬੋਰਡ ਦੀਆਂ ਮੀਟਿੰਗਾਂ ਕਰਵਾਉਣਾ;

  - ਲੇਖਾ ਪ੍ਰੀਖਿਆ ਕਮੇਟੀ ਅਤੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਗਠਨ ਕਰਨਾ, ਜਿਥੇ ਵੀ ਲਾਗੂ ਹੋਵੇ;

  - ਚੌਕਸੀ ਵਿਧੀ ਸਥਾਪਤ ਕਰਨਾ;

  - ਆਪਣੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਨੂੰ ਮਜ਼ਬੂਤ ਕਰਨਾ; ਅਤੇ

  - ਇਹ ਯਕੀਨੀ ਬਣਾਉਣਾ ਕਿ ਲੇਖਾ ਪ੍ਰੀਖਿਆ ਕਮੇਟੀ ਨੂੰ ਕੰਪਨੀਜ਼ ਐਕਟ, 2013 ਦੁਆਰਾ ਦਿੱਤੀਆਂ ਗਈਆਂ ਜਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ।

# ਅਧਿਆਇ-V

# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ

# ਅਧਿਆਇ-V

# ਪਾਵਰ ਵਿਭਾਗ

## ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ

## ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ 'ਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ

**ਆਈ ਟੀ ਸਮਰੱਥਾ, ਅਤੇ ਈ ਆਰ ਪੀ ਭਾਗਾਂ ਦੇ ਅਧੀਨ ₹ 6.86 ਕਰੋੜ ਦੀ ਗ੍ਰਾਂਟ ਦੇ ਅਨਿਯਮਿਤ/ਅਸਵੀਕਾਰਯੋਗ ਦਾਅਵਿਆਂ ਦੀਆਂ ਉਦਾਹਰਣਾਂ ਸਾਹਮਣੇ ਆਈਆਂ, ਜਦੋਂ ਕਿ ਆਰ ਟੀ-ਡੀ ਏ ਐਸ ਭਾਗ ਦੇ ਅਧੀਨ ਮਨਜ਼ੂਰ ਕੀਤੇ ਕੰਮਾਂ ਨੂੰ ਲਾਗੂ ਨਾ ਕੀਤੇ ਜਾਣ ਕਾਰਨ ₹ 4.74 ਕਰੋੜ ਦੀ ਗ੍ਰਾਂਟ ਦਾ ਦਾਅਵਾ ਨਹੀਂ ਕੀਤਾ ਜਾ ਸਕਿਆ। ਸਕੀਮ ਅਧੀਨ ਉਪਲੱਬਧ 15 *ਪ੍ਰਤੀਸ਼ਤ* ₹ 61.08 ਕਰੋੜ ਦੀ ਵਾਧੂ ਗ੍ਰਾਂਟ ਪ੍ਰਵਾਨਿਤ ਸਕੀਮ ਵਿੱਚ ਨਿਰਧਾਰਤ ਟੀਚਾ ਪ੍ਰਾਪਤ ਨਾ ਹੋਣ ਕਾਰਨ ਪ੍ਰਾਪਤ ਨਹੀਂ ਹੋਈ ਸੀ।**

### 5.1 ਜਾਣ-ਪਛਾਣ

ਭਾਰਤ ਸਰਕਾਰ ਦੇ ਪਾਵਰ ਮੰਤਰਾਲੇ ਨੇ ਦਸੰਬਰ 2014 ਵਿੱਚ ਪੂੰਜੀਗਤ ਖਰਚਿਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ 'ਇੰਟੀਗ੍ਰੇਟਿਡ ਪਾਵਰ ਡਿਵੈਲਪਮੈਂਟ ਸਕੀਮ' (ਸਕੀਮ) ਦੀ ਸ਼ੁਰੂਆਤ ਕੀਤੀ, ਜਿਸ ਦਾ ਉਦੇਸ਼ ਸਬ-ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਦੇ ਨਾਲ-ਨਾਲ ਸ਼ਹਿਰੀ ਖੇਤਰਾਂ ਵਿੱਚ ਮੀਟਰਿੰਗ ਵਿੱਚ ਅੰਤਰ ਨੂੰ ਦੂਰ ਕਰਨਾ ਸੀ। ਇਸ ਸਕੀਮ ਦਾ ਉਦੇਸ਼ ਡਿਸਟ੍ਰੀਬਿਊਸ਼ਨ ਕੰਪਨੀਆਂ (ਡਿਸਕਾਮਜ਼)/ਪਾਵਰ ਵਿਭਾਗਾਂ ਦੇ ਸਰੋਤਾਂ ਦੀ ਪੂਰਤੀ ਕਰਨਾ ਸੀ। ਇਸ ਸਕੀਮ ਦੇ ਮੁੱਖ ਭਾਗ ਇਹ ਸਨ:

(i) ਸ਼ਹਿਰੀ ਖੇਤਰਾਂ ਵਿੱਚ ਸਬ-ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਨੂੰ ਮਜ਼ਬੂਤ ਕਰਨਾ ਅਤੇ ਨਿਰੌਲ-ਮੀਟਰਿੰਗ[59] ਸਮੇਤ ਸਰਕਾਰੀ ਇਮਾਰਤਾਂ ਤੇ ਸੌਰ ਪੈਨਲਾਂ ਦੀ ਵਿਵਸਥਾ।

(ii) ਸ਼ਹਿਰੀ ਖੇਤਰਾਂ ਵਿੱਚ ਫੀਡਰਾਂ/ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ/ਖਪਤਕਾਰਾਂ ਦੀ ਮੀਟਰਿੰਗ।

(iii) ਡਿਸਟ੍ਰੀਬਿਊਸ਼ਨ ਖੇਤਰ ਦੀ ਆਈ ਟੀ ਸਮਰੱਥਾ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਨੂੰ ਮਜ਼ਬੂਤ ਕਰਨਾ (ਜਨਗਣਨਾ 2011 ਦੇ ਅਨੁਸਾਰ 5,000 ਤੋਂ ਵੱਧ ਆਬਾਦੀ ਵਾਲੇ ਕਸਬਿਆਂ ਤੱਕ ਵਧਾਇਆ ਗਿਆ)।

ਪਾਵਰ ਫਾਈਨਾਂਸ ਕਾਰਪੋਰੇਸ਼ਨ ਲਿਮਟਡ (ਪੀ ਐਫ ਸੀ) ਨੂੰ ਪਾਵਰ ਮੰਤਰਾਲੇ ਦੀ ਅਗਵਾਈ ਹੇਠ ਸਕੀਮ ਦੇ ਸੰਚਾਲਨ ਅਤੇ ਲਾਗੂ ਕਰਨ ਲਈ 'ਨੋਡਲ ਏਜੰਸੀ' ਨਾਮਜ਼ਦ ਕੀਤਾ ਗਿਆ ਸੀ।

---

[59] ਨਿਰੌਲ-ਮੀਟਰਿੰਗ ਇੱਕ ਬਿਲਿੰਗ ਵਿਧੀ ਹੈ ਜੋ ਸੌਰ ਊਰਜਾ ਪ੍ਰਣਾਲੀ ਦੇ ਮਾਲਕਾਂ ਨੂੰ ਉਸ ਊਰਜਾ ਲਈ ਕ੍ਰੈਡਿਟ ਕਰਦੀ ਹੈ ਜੋ ਉਹ ਪਾਵਰ ਗਰਿੱਡ ਵਿੱਚ ਜੋੜਦੇ ਹਨ।

### 5.1.1 ਪ੍ਰੋਜੈਕਟ ਫੰਡਿੰਗ ਵਿਧੀ

ਇਸ ਸਕੀਮ ਅਧੀਨ, ਭਾਰਤ ਸਰਕਾਰ ਨੇ ਪ੍ਰੋਜੈਕਟ ਲਾਗਤ ਦਾ 60 *ਪ੍ਰਤੀਸ਼ਤ* ਗ੍ਰਾਂਟ ਦੇ ਰੂਪ ਵਿੱਚ, ਘੱਟੋ-ਘੱਟ 10 *ਪ੍ਰਤੀਸ਼ਤ* (ਵੱਧ ਤੋਂ ਵੱਧ 40 *ਪ੍ਰਤੀਸ਼ਤ*) ਡਿਸਕਾਮ ਵੱਲੋਂ ਅਤੇ ਬਾਕੀ 30 *ਪ੍ਰਤੀਸ਼ਤ* ਦਾ ਪ੍ਰਬੰਧ ਡਿਸਕਾਮ ਵੱਲੋਂ ਪੀ ਐਫ ਸੀ/ਵਿੱਤੀ ਸੰਸਥਾਵਾਂ/ਬੈਂਕਾਂ ਤੋਂ ਕਰਜ਼ੇ ਜਾਂ ਆਪਣੇ ਸ੍ਰੋਤਾਂ ਤੋਂ, ਵਿੱਤ ਵਜੋਂ ਪ੍ਰਬੰਧ ਕੀਤਾ ਜਾਣਾ ਸੀ। ਹੇਠ ਲਿਖੇ ਨਿਰਧਾਰਤ ਟੀਚੇ ਪ੍ਰਾਪਤ ਕਰਨ ਤੇ 15 *ਪ੍ਰਤੀਸ਼ਤ* (ਕਰਜ਼ੇ ਦੇ ਹਿੱਸੇ ਦਾ 50 *ਪ੍ਰਤੀਸ਼ਤ*) ਦੀ ਵਾਧੂ ਗ੍ਰਾਂਟ ਦਾ ਪ੍ਰਬੰਧ ਸੀ:

(i) ਨਿਰਧਾਰਤ ਟੀਚੇ ਦੇ ਅਨੁਸਾਰ ਸਕੀਮ ਨੂੰ ਸਮੇਂ ਸਿਰ ਪੂਰਾ ਕਰਨਾ *ਭਾਵ* ਪ੍ਰਵਾਨਗੀ ਦੀ ਮਿਤੀ ਤੋਂ 30 ਮਹੀਨੇ।

(ii) ਰਾਜ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ ਭਾਰਤ ਸਰਕਾਰ ਦੁਆਰਾ ਅੰਤਿਮ ਰੂਪ ਦਿੱਤੀ ਗਈ ਰੂਪ ਰੇਖਾ ਅਨੁਸਾਰ ਏ ਟੀ ਐਂਡ ਸੀ ਘਾਟਿਆਂ ਵਿੱਚ ਕਮੀ।

(iii) ਮੀਟਰ ਦੀ ਖਪਤ ਦੇ ਅਧਾਰ 'ਤੇ ਰਾਜ ਸਰਕਾਰ ਦੁਆਰਾ ਸਵੀਕਾਰਯੋਗ ਮਾਲੀਆ ਸਬਸਿਡੀ ਪਹਿਲਾਂ ਜਾਰੀ ਕਰਨਾ।

## 5.2 ਸਕੀਮ ਨੂੰ ਲਾਗੂ ਕਰਨਾ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਰਾਜ ਦੀ ਪ੍ਰੋਜੈਕਟ ਲਾਗੂ ਕਰਨ ਵਾਲੀ ਏਜੰਸੀ ਸੀ। ਇਸ ਸਕੀਮ ਨੂੰ ਲਾਗੂ ਕਰਨ ਲਈ ਪੀ ਐਫ ਸੀ, ਪੰਜਾਬ ਸਰਕਾਰ ਅਤੇ ਕੰਪਨੀ ਦਰਮਿਆਨ ਇੱਕ ਤ੍ਰੈਪੱਖੀ ਸਮਝੌਤੇ (ਜਨਵਰੀ 2016) 'ਤੇ ਹਸਤਾਖਰ ਕੀਤੇ ਗਏ ਸਨ। ਮਾਰਚ 2016 ਤੋਂ ਦਸੰਬਰ 2018 ਦੇ ਵਿਚਕਾਰ ਪੀ ਐਫ ਸੀ ਦੁਆਰਾ ਸਕੀਮ ਦੇ ਵੱਖ-ਵੱਖ ਭਾਗਾਂ ਲਈ ਵੱਖ-ਵੱਖ ਵਿਸਥਾਰਤ ਪ੍ਰੋਜੈਕਟ ਰਿਪੋਰਟਾਂ (ਡੀ ਪੀ ਆਰਜ਼) ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਸਕੀਮ ਨੂੰ ਮਾਰਚ 2022 ਤੱਕ ਵਿੱਤੀ ਤੌਰ ਤੇ ਬੰਦ ਕਰ ਦਿੱਤਾ ਗਿਆ ਜਿਵੇਂ ਕਿ **ਸਾਰਣੀ** 5.1 ਵਿੱਚ ਵਿਖਾਇਆ ਗਿਆ ਹੈ।

ਸਕੀਮ ਅਧੀਨ ਕਾਰਜਾਂ ਦਾ ਦਾਇਰਾ, ਨਿਰਧਾਰਤ ਲਾਗੂ ਕਰਨ ਦੀ ਸਮਾਂ-ਸੀਮਾ ਦੇ ਮੁਕਾਬਲੇ ਪ੍ਰਾਪਤੀ, ਮਨਜ਼ੂਰਸ਼ੁਦਾ ਲਾਗਤ, ਅਸਲ ਲਾਗਤ, ਵਿੱਤੀ ਤੌਰ ਤੇ ਸਕੀਮ ਬੰਦ ਹੋਣ ਦੀ ਸਥਿਤੀ ਅਤੇ ਕੰਪਨੀ ਦੁਆਰਾ ਪ੍ਰਾਪਤ ਕੀਤੀ ਗਈ ਗ੍ਰਾਂਟਾਂ ਹੇਠ ਲਿਖੇ ਅਨੁਸਾਰ ਸੀ:

**ਸਾਰਣੀ 5.1: ਕਾਰਜਾਂ ਦਾ ਦਾਇਰਾ, ਸਮਾਂ-ਸੀਮਾ ਅਤੇ ਸਕੀਮ ਦੇ ਵਿੱਤੀ ਪ੍ਰਭਾਵ**

*(₹ ਕਰੋੜ ਵਿੱਚ)*

| ਪ੍ਰੋਜੈਕਟ | ਕਾਰਜ ਦਾ ਦਾਇਰਾ | ਪ੍ਰੋਜੈਕਟ ਲਾਗੂ ਕਰਨ ਦੇ ਵੇਰਵੇ | ਮਨਜ਼ੂਰਸ਼ੁਦਾ ਲਾਗਤ | ਮੁਕੰਮਲ ਹੋਣ ਦੀ ਲਾਗਤ | ਪ੍ਰੋਜੈਕਟ ਦੇ ਵਿੱਤੀ ਤੌਰ ਤੇ ਬੰਦ ਹੋਣ ਦੀ ਸਥਿਤੀ ਅਤੇ ਪ੍ਰਾਪਤ ਕੀਤੀ ਗ੍ਰਾਂਟ |
|---|---|---|---|---|---|
| ਪ੍ਰਣਾਲੀ ਮਜ਼ਬੂਤੀਕਰਨ | ਸਬ-ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਨੂੰ ਮਜ਼ਬੂਤ ਕਰਨਾ। 102 ਕਸਬਿਆਂ ਨੂੰ ਕਵਰ ਕਰਨ ਵਾਲੇ ਪੰਜ ਡਿਸਟ੍ਰੀਬਿਊਸ਼ਨ ਜ਼ੋਨਾਂ[60] ਵਿੱਚ ਲਾਗੂ ਕੀਤਾ ਜਾਵੇਗਾ। | ਮਨਜ਼ੂਰ ਹੋਇਆ: 21 ਮਾਰਚ 2016<br>ਨਿਰਧਾਰਤ ਮੁਕੰਮਲ ਹੋਣ ਦੀ ਮਿਤੀ : 21 ਸਤੰਬਰ 2018<br>ਵਿਸਥਾਰ : 31 ਮਾਰਚ 2021<br>ਪੂਰਾ ਹੋਇਆ : 31 ਮਾਰਚ 2021 | 329.99 | 308.52 | ਬੰਦ ਹੋਇਆ (ਮਾਰਚ 2022)<br>184.27 |

60 ਸਰਹੱਦੀ, ਕੇਂਦਰੀ, ਉੱਤਰੀ, ਦੱਖਣੀ ਅਤੇ ਪੱਛਮੀ ਜ਼ੋਨ

| ਪ੍ਰੋਜੈਕਟ | ਕਾਰਜ ਦਾ ਦਾਇਰਾ | ਪ੍ਰੋਜੈਕਟ ਲਾਗੂ ਕਰਨ ਦੇ ਵੇਰਵੇ | ਮਨਜ਼ੂਰਸ਼ੁਦਾ ਲਾਗਤ | ਮੁਕੰਮਲ ਹੋਣ ਦੀ ਲਾਗਤ | ਪ੍ਰੋਜੈਕਟ ਦੇ ਵਿੱਤੀ ਤੌਰ ਤੇ ਬੰਦ ਹੋਣ ਦੀ ਸਥਿਤੀ ਅਤੇ ਪ੍ਰਾਪਤ ਕੀਤੀ ਗ੍ਰਾਂਟ |
|---|---|---|---|---|---|
| ਆਈ ਟੀ ਸਮਰੱਥਾ | ਇਸ ਦਾ ਉਦੇਸ਼ ਡਿਸਟ੍ਰੀਬਿਊਸ਼ਨ ਸੈਕਟਰ ਨੂੰ ਆਈ ਟੀ ਸਮੱਰਥ ਬਣਾਉਣਾ ਸੀ। ਇਸ ਨੂੰ 97 ਕਸਬਿਆਂ ਵਿੱਚ ਲਾਗੂ ਕੀਤਾ ਜਾਵੇਗਾ। | ਮਨਜ਼ੂਰ ਹੋਇਆ: 06 ਜੁਲਾਈ 2017<br>ਨਿਰਧਾਰਤ ਮੁਕੰਮਲ ਹੋਣ ਦੀ ਮਿਤੀ: 05 ਜਨਵਰੀ 2020<br>ਵਿਸਥਾਰ: 30 ਸਤੰਬਰ 2021<br>ਪੂਰਾ ਹੋਇਆ: 30 ਸਤੰਬਰ 2021 | 73.28 | 58.70 | ਬੰਦ ਹੋਇਆ (ਫਰਵਰੀ 2022) 35.21 |
| ਸਮਾਰਟ ਮੀਟਰਿੰਗ | ਇਸ ਦਾ ਉਦੇਸ਼ 88,107 ਸਮਾਰਟ ਮੀਟਰ ਲਗਾਉਣਾ ਸੀ। | ਮਨਜ਼ੂਰ ਹੋਇਆ: 27 ਅਪ੍ਰੈਲ 2018<br>ਨਿਰਧਾਰਤ ਮੁਕੰਮਲ ਹੋਣ ਦੀ ਮਿਤੀ: 26 ਅਕਤੂਬਰ 2020<br>ਵਿਸਥਾਰ : 31 ਦਸੰਬਰ 2021<br>ਪੂਰਾ ਹੋਇਆ: 17 ਫਰਵਰੀ 2022 | 17.62 | 17.62 | ਬੰਦ ਹੋਇਆ (ਫਰਵਰੀ 2022) 10.57 |
| ਐਂਟਰਪ੍ਰਾਈਜ਼ ਰਿਸੋਰਸ ਪਲਾਨਿੰਗ (ਈ ਆਰ ਪੀ) | ਇਸ ਦਾ ਉਦੇਸ਼ ਕੰਪਨੀ ਵਿੱਚ ਈ ਆਰ ਪੀ ਨੂੰ ਲਾਗੂ ਕਰਨਾ ਸੀ। | ਮਨਜ਼ੂਰ ਹੋਇਆ: 31 ਜਨਵਰੀ 2018<br>ਨਿਰਧਾਰਤ ਮੁਕੰਮਲ ਹੋਣ ਦੀ ਮਿਤੀ: 30 ਜੁਲਾਈ 2020<br>ਵਿਸਥਾਰ: 31 ਦਸੰਬਰ 2021<br>ਅਧੂਰਾ ਬੰਦ ਹੋਇਆ: 31 ਦਸੰਬਰ 2021 | 33.63 | 22.37 | ਅਧੂਰਾ ਬੰਦ ਹੋਇਆ (ਫਰਵਰੀ 2022) 13.45 |
| ਰੀਅਲ ਟਾਈਮ ਡਾਟਾ ਐਕਵਿਸਿਸ਼ਨ ਸਿਸਟਮ (ਆਰ ਟੀ-ਡੀ ਏ ਐਸ) | ਇਸ ਦਾ ਉਦੇਸ਼ ਪਾਵਰ ਡਿਸਟ੍ਰੀਬਿਊਸ਼ਨ ਨੈੱਟਵਰਕ ਦੀ ਭਰੋਸੇਯੋਗਤਾ ਨੂੰ ਸਹੀ ਢੰਗ ਨਾਲ ਮਾਪਣਾ ਸੀ। | ਮਨਜ਼ੂਰ ਹੋਇਆ: 11 ਦਸੰਬਰ 2018<br>ਨਿਰਧਾਰਤ ਮੁਕੰਮਲ ਹੋਣ ਦੀ ਮਿਤੀ: 10 ਜੂਨ 2021 | 7.90 | - | ਰੱਦ ਕੀਤਾ ਗਿਆ |

*ਸ੍ਰੋਤ: ਸਕੀਮ ਦੇ ਦਿਸ਼ਾ ਨਿਰਦੇਸ਼, ਪ੍ਰੋਜੈਕਟਾਂ ਦੀ ਮਨਜ਼ੂਰੀ/ਵਿਸਥਾਰ ਬਾਰੇ ਪੀ ਐਫ ਸੀ ਤੋਂ ਪ੍ਰਾਪਤ ਸੂਚਨਾ ਅਤੇ ਕੰਪਨੀ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ*

## 5.3 ਲੇਖਾ ਪ੍ਰੀਖਿਆ ਦੇ ਉਦੇਸ਼, ਮਾਪਦੰਡ, ਦਾਇਰਾ ਅਤੇ ਵਿਧੀ

### 5.3.1 ਲੇਖਾ ਪ੍ਰੀਖਿਆ ਦੇ ਉਦੇਸ਼

ਮੌਜੂਦਾ ਲੇਖਾ ਪ੍ਰੀਖਿਆ ਇਹ ਮੁਲਾਂਕਣ ਕਰਨ ਲਈ ਕੀਤੀ ਗਈ ਸੀ ਕਿ ਕੀ:

- ਸਕੀਮਾਂ/ਕਾਰਜਾਂ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਇੱਕ ਕੁਸ਼ਲ ਤਰੀਕੇ ਨਾਲ ਕੀਤਾ ਗਿਆ ਸੀ;
- ਵਿੱਤੀ ਪ੍ਰਬੰਧਨ ਅਤੇ ਫੰਡਾਂ ਦੀ ਵਰਤੋਂ ਕੁਸ਼ਲਤਾ ਨਾਲ ਅਤੇ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਕੀਤੀ ਗਈ ਸੀ;
- ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਇੱਕ ਪ੍ਰਭਾਵਸ਼ਾਲੀ ਨਿਯੰਤਰਣ ਪ੍ਰਣਾਲੀ ਬਣਾਈ ਗਈ ਸੀ; ਅਤੇ
- ਸਕੀਮ ਦੇ ਸਮੁੱਚੇ ਉਦੇਸ਼ ਪ੍ਰਾਪਤ ਕੀਤੇ ਗਏ ਸਨ।

### 5.3.2 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡਾਂ ਵਿੱਚ ਹੇਠ ਲਿਖੀਆਂ ਦੀ ਪਾਲਣਾ ਸ਼ਾਮਲ ਹੈ:

- ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ (ਦਸੰਬਰ 2014) ਸਕੀਮ ਲਈ ਦਿਸ਼ਾ-ਨਿਰਦੇਸ਼;
- ਪੰਜਾਬ ਸਟੇਟ ਇਲੈਕਟ੍ਰਿਸਿਟੀ ਰੈਗੂਲੇਟਰੀ ਕਮਿਸ਼ਨ (ਟਰਮਜ਼ ਐਂਡ ਕੰਡਿਸ਼ਨਜ਼ ਫਾਰ ਡਿਟਰਮਿਨੇਸ਼ੰਜ਼ ਆਫ਼ ਟੈਰਿਫ), ਰੈਗੂਲੇਸ਼ਨਜ਼ 2005;
- ਪੀ ਐਫ ਸੀ, ਪੰਜਾਬ ਸਰਕਾਰ ਅਤੇ ਕੰਪਨੀ ਦਰਮਿਆਨ ਹੋਇਆ ਤ੍ਰੈਪੱਖੀ ਸਮਝੌਤਾ (ਜਨਵਰੀ 2016); ਅਤੇ
- ਸਕੀਮ ਦੇ ਕੰਮਾਂ ਨੂੰ ਲਾਗੂ ਕਰਨ ਲਈ ਇਕਰਾਰਨਾਮੇ/ਠੇਕੇ।

### 5.3.3 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਕਾਰਜਪ੍ਰਣਾਲੀ

ਇਹ ਸਕੀਮ ਮੁੱਖ ਤੌਰ ਤੇ ਤਿੰਨ ਦਫਤਰਾਂ ਜਿਵੇਂ ਕਿ ਸੁਪਰੀਟੈਂਡਿੰਗ ਇੰਜੀਨੀਅਰ (ਐਸ ਈ), ਆਰ ਈ ਅਤੇ ਏ ਪੀ ਡੀ ਆਰ ਪੀ (ਡਿਜ਼ਾਈਨ), ਪਟਿਆਲਾ; ਐਸ ਈ, ਏ ਪੀ ਡੀ ਆਰ ਪੀ (ਉਸਾਰੀ), ਲੁਧਿਆਣਾ; ਅਤੇ ਚੀਫ ਇੰਜੀਨੀਅਰ, ਸੂਚਨਾ ਤਕਨਾਲੋਜੀ (ਆਈ ਟੀ), ਪਟਿਆਲਾ ਜੋ ਕਿ ਕੰਪਨੀ ਦੇ ਡਾਇਰੈਕਟਰ (ਡਿਸਟ੍ਰੀਬਿਊਸ਼ਨ) ਦੇ ਸਮੁੱਚੇ ਪ੍ਰਬੰਧਕੀ ਨਿਯੰਤਰਣ ਅਧੀਨ ਸਨ, ਰਾਹੀਂ ਲਾਗੂ ਕੀਤੀ ਗਈ।

ਲੇਖਾ ਪ੍ਰੀਖਿਆ ਜਾਂਚ-ਪੜਤਾਲ ਵਿੱਚ ਉਪਰੋਕਤ ਤਿੰਨ ਦਫਤਰਾਂ ਅਤੇ ਨੌਂ ਏ ਪੀ ਡੀ ਆਰ ਪੀ ਉਸਾਰੀ ਸੈੱਲਾਂ ਵਿੱਚੋਂ ਚਾਰ (ਐਸ ਈ, ਏ ਪੀ ਡੀ ਆਰ ਪੀ (ਉਸਾਰੀ), ਲੁਧਿਆਣਾ ਅਧੀਨ) ਜਿਨ੍ਹਾਂ ਨੇ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਕੰਮ ਕੀਤੇ ਸਨ, ਵਿੱਚ ਦਸੰਬਰ 2014 ਤੋਂ ਮਾਰਚ 2023 ਦੀ ਮਿਆਦ ਲਈ ਸਕੀਮ ਨਾਲ ਸਬੰਧਤ ਰਿਕਾਰਡਾਂ ਦੀ ਪੜਤਾਲ (ਮਈ ਤੋਂ ਸਤੰਬਰ 2023) ਸ਼ਾਮਲ ਸੀ। ਚਾਰ[61] ਏ ਪੀ ਡੀ ਆਰ ਪੀ ਉਸਾਰੀ ਸੈੱਲ, ਪੰਜ ਡਿਸਟ੍ਰੀਬਿਊਸ਼ਨ ਜ਼ੋਨਾਂ ਵਿੱਚੋਂ ਦੋ[62] ਨਾਲ ਸਬੰਧਤ ਸਨ, ਜਿਨ੍ਹਾਂ ਨੂੰ ਆਈਡਿਆ[63] ਸਾਫਟਵੇਅਰ ਰਾਹੀਂ ਸਿੰਪਲ ਰੈਂਡਮ ਸੈਂਪਲਿੰਗ ਵਿਧੀ ਦੀ ਵਰਤੋਂ ਕਰਕੇ ਚੁਣਿਆ ਗਿਆ ਸੀ। ਮਈ 2023 ਵਿੱਚ ਕੰਪਨੀ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ (ਸੀ ਐਮ ਡੀ) ਨਾਲ ਇੱਕ ਐਂਟਰੀ ਕਾਨਫਰੰਸ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਪ੍ਰਬੰਧਨ ਨੂੰ ਲੇਖਾ ਪ੍ਰੀਖਿਆ ਦੇ ਦਾਇਰੇ, ਉਦੇਸ਼ਾਂ ਅਤੇ ਕਾਰਜਪ੍ਰਣਾਲੀ ਬਾਰੇ ਦੱਸਿਆ ਗਿਆ ਸੀ।

ਲੇਖਾ ਪ੍ਰੀਖਿਆ ਟਿੱਪਣੀਆਂ ਤੇ ਵਿਚਾਰ ਵਟਾਂਦਰੇ ਲਈ ਮਈ 2024 ਵਿੱਚ ਕੰਪਨੀ ਦੇ ਪ੍ਰਬੰਧਨ ਅਤੇ ਰਾਜ ਸਰਕਾਰ ਨਾਲ ਇੱਕ ਐਗਜ਼ਿਟ ਕਾਨਫਰੰਸ ਆਯੋਜਿਤ ਕੀਤੀ ਗਈ ਸੀ। ਰਾਜ ਸਰਕਾਰ/ਪ੍ਰਬੰਧਨ ਦੇ ਜਵਾਬਾਂ 'ਤੇ ਵਿਚਾਰ ਕੀਤਾ ਗਿਆ ਹੈ ਅਤੇ ਸਬੰਧਤ ਪੈਰ੍ਹਿਆਂ ਵਿੱਚ ਢੁਕਵੇਂ ਤਰੀਕੇ ਨਾਲ ਸ਼ਾਮਲ ਕੀਤਾ ਗਿਆ ਹੈ।

---

61 ਪੱਛਮੀ ਜ਼ੋਨ ਵਿੱਚ ਬਠਿੰਡਾ ਅਤੇ ਫਰੀਦਕੋਟ ਅਤੇ ਦੱਖਣੀ ਜ਼ੋਨ ਵਿੱਚ ਸੰਗਰੂਰ ਅਤੇ ਐਸ ਏ ਐਸ ਨਗਰ (ਮੋਹਾਲੀ)

62 ਦੱਖਣੀ ਜ਼ੋਨ ਅਤੇ ਪੱਛਮੀ ਜ਼ੋਨ

63 ਇੰਟਰਐਕਟਿਵ ਡਾਟਾ ਐਕਸਟਰੈਕਸ਼ਨ ਅਤੇ ਵਿਸ਼ਲੇਸ਼ਣ

## 5.4 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਵਿੱਚ ਵੇਖੇ ਗਏ ਮਹੱਤਵਪੂਰਨ ਮੁੱਦਿਆਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ:

## ਆਈ ਟੀ ਸਮਰੱਥਾ

### 5.4.1 ਮੀਟਰ ਕਿਊਬਿਕਲਜ਼ ਦੀ ਸਥਾਪਨਾ

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ (ਡੀ ਟੀਜ਼) ਤੇ ਮੀਟਰ ਲਗਾਉਣਾ ਲਾਜ਼ਮੀ ਕੀਤਾ ਗਿਆ ਸੀ ਤਾਂ ਜੋ ਡਿਸਟ੍ਰੀਬਿਊਸ਼ਨ ਪ੍ਰਣਾਲੀ ਵਿੱਚ ਊਰਜਾ ਦੇ ਨਿਰਵਿਘਨ ਲੇਖਾ-ਜੋਖਾ ਅਤੇ ਲੇਖਾ ਪ੍ਰੀਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਪੀ ਐਫ ਸੀ ਦੁਆਰਾ ਆਈ ਟੀ ਕਾਰਜਾਂ ਦੀ ਮਨਜ਼ੂਰੀ (ਜੁਲਾਈ 2017) ਦੇ ਅਨੁਸਾਰ, ਕੰਪਨੀ ਨੂੰ ਮਨਜ਼ੂਰੀ ਦੇ ਤਿੰਨ ਮਹੀਨਿਆਂ ਦੇ ਅੰਦਰ *ਭਾਵ* ਅਕਤੂਬਰ 2017 ਤੱਕ ਕੰਮ ਸੌਂਪਣੇ ਸਨ। ਹਾਲਾਂਕਿ, ਕੰਪਨੀ ਨੇ ਡੀ ਟੀ 'ਤੇ ਮੀਟਰਿੰਗ ਕਿਉਬਿਕਲਜ਼ (ਐਮ ਸੀ)[64] ਦੀ ਸਥਾਪਨਾ ਅਤੇ ਚਾਲੂ ਕਰਨ ਦੇ ਕੰਮ ਲਈ ਟੈਂਡਰ ਜਾਰੀ ਕੀਤਾ (ਸਤੰਬਰ 2018)। ਟੈਂਡਰ ਨੂੰ ਰੱਦ ਕਰ ਦਿੱਤਾ (ਫਰਵਰੀ 2019) ਗਿਆ ਕਿਉਂਕਿ ਕੋਈ ਯੋਗ ਬੋਲੀਦਾਤਾ ਨਹੀਂ ਮਿਲਿਆ ਸੀ। ਕੰਪਨੀ ਨੇ ਇੱਕ ਹੋਰ ਟੈਂਡਰ (ਫਰਵਰੀ 2019) ਜਾਰੀ ਕੀਤਾ, ਜਿਸ ਦੇ ਖਿਲਾਫ ਐਲ-1 ਫਰਮ ਨੂੰ 11,193 ਐਮ ਸੀਜ਼ ਸਥਾਪਤ ਕਰਨ ਲਈ ਵਰਕ ਆਰਡਰ ਜਾਰੀ ਕੀਤਾ ਗਿਆ ਸੀ (ਦਸੰਬਰ 2019)। ਕੰਮ ਨੂੰ ਵਰਕ ਆਰਡਰ ਦੇਣ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ *ਭਾਵ* 11 ਜੂਨ 2020 ਤੱਕ ਪੂਰਾ ਕੀਤਾ ਜਾਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਕੰਪਨੀ ਨੇ ਆਈ ਟੀ ਕੰਪੋਨੈਂਟ ਦੇ ਮਨਜ਼ੂਰੀ ਪੱਤਰ (ਜੁਲਾਈ 2017) ਦੇ ਅਨੁਸਾਰ ਵਰਕ ਅਵਾਰਡ ਕਰਨ ਦੀ ਨਿਰਧਾਰਤ ਮਿਤੀ (ਅਕਤੂਬਰ 2017) ਦੇ ਮੁਕਾਬਲੇ ਸਤੰਬਰ 2018 ਵਿੱਚ *ਭਾਵ* 11 ਮਹੀਨਿਆਂ ਦੀ ਦੇਰੀ ਨਾਲ ਟੈਂਡਰਿੰਗ ਸ਼ੁਰੂ ਕੀਤੀ ਸੀ। ਨਤੀਜੇ ਵਜੋਂ, ਵਰਕ ਆਰਡਰ ਮਨਜ਼ੂਰੀ ਦੀ ਮਿਤੀ ਤੋਂ ਦੋ ਸਾਲਾਂ ਤੋਂ ਵੱਧ ਦੀ ਮਿਆਦ ਤੋਂ ਬਾਅਦ ਦਿੱਤਾ ਗਿਆ। ਕਿਉਂਕਿ ਕੰਮ ਦੀ ਪ੍ਰਗਤੀ ਹੌਲੀ ਸੀ, ਇਸ ਲਈ ਕੰਪਨੀ ਨੇ ਵਰਕ ਆਰਡਰ ਦੇ ਜਨਰਲ ਨਿਯਮਾਂ ਅਤੇ ਸ਼ਰਤਾਂ (ਅਨੁਲਗ I) ਦੀ ਕਲਾਜ਼ 3 ਦੇ ਅਨੁਸਾਰ ਮਾਤਰਾ ਨੂੰ ਵੰਡਿਆ ਅਤੇ ਕੰਮ ਦਾ ਹਿੱਸਾ (2,523 ਐਮ ਸੀਜ਼) ਐਲ-2 ਫਰਮ ਨੂੰ ਦੇ ਦਿੱਤਾ (ਜੂਨ 2021)। ਹਾਲਾਂਕਿ, ਕੰਮ ਦੇ ਵਿੱਤੀ ਤੌਰ ਤੇ ਬੰਦ ਹੋਣ ਦੀ ਮਿਤੀ (ਫਰਵਰੀ 2022) ਤੱਕ ਵੀ ਕੰਮ ਪੂਰਾ ਨਹੀਂ ਹੋ ਸਕਿਆ। ਇਸ ਨੂੰ 11,193 ਐਮ ਸੀਜ਼ ਦੀ ਅਲਾਟ ਕੀਤੀ ਮਾਤਰਾ ਦੇ ਮੁਕਾਬਲੇ ਸਿਰਫ 6,496[65] ਐਮ ਸੀਜ਼ ਸਥਾਪਤ ਕਰਕੇ ਅਧੂਰਾ ਹੀ ਬੰਦ ਕਰ ਦਿੱਤਾ ਗਿਆ, ਜਿਸ ਦੇ ਨਤੀਜੇ ਵਜੋਂ ਸਕੀਮ ਅਧੀਨ ਮਨਜ਼ੂਰ ਕੀਤੇ ਗਏ ਸਾਰੇ ਡੀ ਟੀਜ਼ ਦੇ ਊਰਜ਼ਾ ਲੇਖਾ-ਜੋਖਾ ਦੀ ਪ੍ਰਾਪਤੀ ਨਹੀਂ ਹੋਈ।

ਕੰਪਨੀ/ਰਾਜ ਸਰਕਾਰ ਨੇ ਘੱਟ ਗਿਣਤੀ ਵਿੱਚ ਐਮ ਸੀਜ਼ ਦੀ ਸਥਾਪਨਾ ਦਾ ਕਾਰਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਆਈ ਟੀ ਕੰਮਾਂ ਦੇ ਵੱਖ-ਵੱਖ ਡੀ ਪੀ ਆਰਜ਼ ਅਧੀਨ ਉਕਤ ਕੰਮ ਨੂੰ ਸ਼ਾਮਲ ਕਰਨਾ ਦੱਸਿਆ (ਮਈ 2024) ਅਤੇ ਕਿਹਾ ਕਿ ਜੇ ਕੰਮ ਨੂੰ ਇੱਕ ਡੀ ਪੀ ਆਰ ਅਧੀਨ ਸ਼ਾਮਲ ਕੀਤਾ ਜਾਂਦਾ ਅਤੇ ਟਰਨਕੀ ਰਾਹੀਂ ਕਰਵਾਇਆ ਜਾਂਦਾ ਤਾਂ ਇਹ ਕੰਮ ਪੂਰਾ ਕੀਤਾ ਜਾ ਸਕਦਾ ਸੀ।

---

64 ਮੀਟਰਜ਼, ਮੀਟਰ ਮੈਟਲ ਬਾਕਸ ਅਤੇ ਐਲ ਟੀ ਸੀ ਟੀਜ਼

65 1,088 (ਐਲ-2 ਨੂੰ ਅਲਾਟ ਕੀਤੇ ਗਏ 2,523 ਐਮ ਸੀਜ਼ ਵਿੱਚੋਂ) ਅਤੇ 5,408 (ਐਲ-1 ਕੋਲ ਬਾਕੀ ਰਹਿੰਦੇ 8,670 ਐਮ ਸੀਜ਼ ਵਿੱਚੋਂ)

### 5.4.2 ਸਕੀਮ ਅਧੀਨ ਗ੍ਰਾਂਟਾਂ ਦਾ ਦਾਅਵਾ

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਕੰਪਨੀ ਨੇ ਸਕੀਮ ਦੇ ਅਧੀਨ ਗ੍ਰਾਂਟ ਦੀ ਅੰਤਿਮ ਕਿਸ਼ਤ ਜਾਰੀ ਕਰਨ ਲਈ ਪੀ ਐਫ ਸੀ ਨੂੰ ਪ੍ਰੋਜੈਕਟ ਪੂਰਾ ਹੋਣ ਦਾ ਸਰਟੀਫਿਕੇਟ ਸੌਂਪਿਆ ਜਿਸ ਵਿੱਚ ਇਹ ਘੋਸ਼ਣਾ ਕੀਤੀ ਗਈ ਸੀ ਕਿ ਕਲੋਜ਼ਰ ਰਿਪੋਰਟ ਵਿੱਚ ਸ਼ਾਮਲ ਸਾਰੇ ਕੰਮ ਪੂਰੇ ਹੋ ਗਏ ਹਨ ਅਤੇ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਾਲੂ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

#### *(i) ਸਾਈਟਾਂ ਦੇ ਗੋ-ਲਾਈਵ ਲਈ ਹਾਰਡਵੇਅਰ*

ਕਿਸੇ ਕਸਬੇ ਨੂੰ ਗੋ-ਲਾਈਵ ਕਰਨ ਲਈ, ਬਿਲਿੰਗ ਡਾਟਾ ਨੂੰ ਐਸ ਏ ਪੀ ਵਿੱਚ ਮਾਈਗ੍ਰੇਟ ਕਰਨ ਦੀ ਲੋੜ ਹੁੰਦੀ ਹੈ ਅਤੇ ਫੀਡਰਾਂ ਦੇ ਊਰਜਾ ਡਾਟਾ ਨੂੰ ਨੈਸ਼ਨਲ ਪਾਵਰ ਪੋਰਟਲ ਤੇ ਅਪਲੋਡ ਕਰਨ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਕੰਪਨੀ ਨੂੰ ਇਹ ਸੁਨਿਸ਼ਚਿਤ ਕਰਨਾ ਸੀ ਕਿ ਗ੍ਰਾਂਟਾਂ ਨੂੰ ਸਕੀਮ ਤੋਂ ਇਲਾਵਾ ਹੋਰ ਉਦੇਸ਼ਾਂ ਲਈ ਨਹੀਂ ਵਰਤਿਆ ਜਾਣਾ ਸੀ।

ਕੰਪਨੀ ਨੇ 318 ਸਾਈਟਾਂ ਦੀ ਗੋ-ਲਾਈਵ ਲਈ ₹ 10.61 ਕਰੋੜ ਦੇ ਕੰਪਿਊਟਰ ਹਾਰਡਵੇਅਰ ਅਤੇ ਪੈਰੀਫੇਲਰਜ਼ ਦੀ ਸਪਲਾਈ ਅਤੇ ਸਥਾਪਨਾ ਲਈ ਵਰਕ ਆਰਡਰ ਦਿੱਤੇ (ਫਰਵਰੀ 2018, ਜਨਵਰੀ/ਸਤੰਬਰ 2019)। ਉਪਰੋਕਤ ਕੰਮ ਲਾਗੂ ਕਰਨ ਦੌਰਾਨ, ਫੀਲਡ ਦੀ ਸੋਧੀ ਹੋਈ ਲੋੜ ਦੇ ਕਾਰਨ ਸਾਈਟਾਂ ਦੀ ਗਿਣਤੀ 318 ਤੋਂ ਘਟਾ ਕੇ 234 ਕਰ ਦਿੱਤੀ ਗਈ। ਕੰਪਨੀ ਨੇ ਅੱਗੇ ਡਾਟਾ ਕੰਸਨਟ੍ਰੇਟਰ ਯੂਨਿਟਾਂ ਦੀ ਬਜਾਏ ਮੋਡਮ ਦੀ ਵਰਤੋਂ ਕਰਕੇ 107 ਸਬਸਟੇਸ਼ਨ ਸਾਈਟਾਂ ਨੂੰ ਸਕ੍ਰੈਪ ਕਰਨ ਦਾ ਫੈਸਲਾ ਕੀਤਾ (14 ਨਵੰਬਰ 2019)। ਇਸ ਅਨੁਸਾਰ, ਕੰਮ ਦਾ ਦਾਇਰਾ ਸਿਰਫ 127 ਸਾਈਟਾਂ ਤੱਕ ਸੀਮਤ ਹੋ ਗਿਆ। ਖਰੀਦੀ ਗਈ ₹ 6.37 ਕਰੋੜ[66] ਦੀ ਵਾਧੂ ਸਮੱਗਰੀ ਨੂੰ ਸਕੀਮ ਵਿੱਚ ਪ੍ਰਵਾਨਿਤ ਥਾਵਾਂ ਤੋਂ ਇਲਾਵਾ ਹੋਰ ਥਾਵਾਂ ਵੱਲ ਤਬਦੀਲ ਕਰ ਦਿੱਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਹਾਲਾਂਕਿ ਕੰਪਨੀ ਨੇ ਸਕੀਮ ਦੇ ਅਧੀਨ ਮਨਜ਼ੂਰ ਕੀਤੀਆਂ ਸਿਰਫ 127 ਸਾਈਟਾਂ ਤੇ ਕੰਮ ਕੀਤਾ, ਫਿਰ ਵੀ ਕੰਪਨੀ ਨੇ ਸਾਰੀਆਂ 318 ਸਾਈਟਾਂ ਦੇ ਸਬੰਧ ਵਿੱਚ ਗ੍ਰਾਂਟ ਦਾ ਦਾਅਵਾ ਕੀਤਾ। ਇਸ ਦੇ ਨਤੀਜੇ ਵਜੋਂ ₹ 3.82 ਕਰੋੜ (191 ਸਾਈਟਾਂ ਦੀ ਅਨੁਪਾਤ ਲਾਗਤ ਦਾ 60 *ਪ੍ਰਤੀਸ਼ਤ ਭਾਵ* ₹ 10.61 ਕਰੋੜ x 191/318) ਦੀ ਗ੍ਰਾਂਟ ਦਾ ਅਨਿਯਮਿਤ ਦਾਅਵਾ ਕੀਤਾ ਗਿਆ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਅੱਜ ਤੱਕ ਸਾਰੀ ਸਮੱਗਰੀ ਦੀ ਵਰਤੋਂ ਕੀਤੀ ਜਾ ਚੁੱਕੀ ਹੈ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਰਫ ਫਰਵਰੀ 2022 (*ਭਾਵ* ਸਕੀਮ ਦੀ ਵਿੱਤੀ ਤੌਰ ਤੇ ਬੰਦ ਹੋਣ ਦੀ ਮਿਤੀ) ਤੱਕ ਵਰਤੀ ਗਈ ਸਮੱਗਰੀ ਦੇ ਸਬੰਧ ਵਿੱਚ ਦਾਅਵਾ ਸਵੀਕਾਰਯੋਗ ਸੀ। ਇਸ ਤੋਂ ਇਲਾਵਾ, ਸਮੱਗਰੀ ਨੂੰ ਸਕੀਮ ਵਿੱਚ ਪ੍ਰਵਾਨਿਤ ਉਦੇਸ਼ਾਂ ਤੋਂ ਇਲਾਵਾ ਹੋਰ ਉਦੇਸ਼ਾਂ ਲਈ ਤਬਦੀਲ ਕਰ ਦਿੱਤਾ ਗਿਆ ਸੀ।

---

[66] ₹ 10.61 ਕਰੋੜ x 191/318

### *(ii) ਆਟੋਮੇਟਿਡ ਮੀਟਰ ਰੀਡਿੰਗ ਅਧੀਨ ਮੋਡਮਜ਼*

ਪੀ ਐਫ ਸੀ ਦੁਆਰਾ ਆਈ ਟੀ ਕੰਮਾਂ ਦੀ ਮਨਜ਼ੂਰੀ (ਜੁਲਾਈ 2017) ਦੇ ਅਨੁਸਾਰ, ਕੰਪਨੀ ਨੇ ਮਨਜ਼ੂਰੀ ਦੇ ਤਿੰਨ ਮਹੀਨਿਆਂ ਦੇ ਅੰਦਰ *ਭਾਵ* ਅਕਤੂਬਰ 2017 ਤੱਕ ਕੰਮ ਸੌਂਪਣੇ ਸਨ। ਕੰਪਨੀ ਨੇ 14[67] ਮਹੀਨਿਆਂ ਦੀ ਦੇਰੀ ਤੋਂ ਬਾਅਦ ਦੋ ਫਰਮਾਂ[68] ਨੂੰ 13,394 ਮੋਡਮਜ਼ ਦੀ ਸਪਲਾਈ, ਇੰਸਟਾਲੇਸ਼ਨ ਅਤੇ ਚਾਲੂ ਕਰਨ ਲਈ ਵਰਕ ਆਰਡਰ ਜਾਰੀ ਕੀਤੇ (ਜਨਵਰੀ 2019)। ਇਹ ਕੰਮ ਛੇ ਮਹੀਨਿਆਂ ਵਿੱਚ ਪੂਰਾ ਹੋਣਾ ਸੀ। ਕਿਉਂਕਿ ਇਕ ਫਰਮ ਨਵੰਬਰ 2020 ਤੱਕ ਕੰਮ ਸ਼ੁਰੂ ਕਰਨ ਵਿੱਚ ਅਸਫਲ ਰਹੀ, ਕੰਪਨੀ ਨੇ ਬਾਅਦ ਦੇ ਟੈਂਡਰ ਦੇ ਵਿਰੁੱਧ ਉਸਦਾ ਕੰਮ ਕਿਸੇ ਹੋਰ ਫਰਮ ਨੂੰ ਅਲਾਟ ਕਰ ਦਿੱਤਾ (ਦਸੰਬਰ 2020)।

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2023) ਕਿ ਕੰਮ ਫਰਵਰੀ 2022 (*ਭਾਵ* ਸਕੀਮ ਦੇ ਵਿੱਤੀ ਤੌਰ ਤੇ ਬੰਦ ਹੋਣ ਦੀ ਮਿਤੀ) ਤੱਕ ਪੂਰਾ ਨਹੀਂ ਕੀਤਾ ਜਾ ਸਕਿਆ ਅਤੇ 13,394 ਮੋਡਮਜ਼ ਦੇ ਮੁਕਾਬਲੇ 11,628[69] ਮੋਡਮਜ਼ ਸਥਾਪਤ ਕੀਤੇ ਗਏ ਸਨ। 2,416[70] ਮੋਡਮਜ਼ ਦੀ ਘੱਟ ਸਥਾਪਨਾ ਦਾ ਕਾਰਨ ਵਰਕ ਆਰਡਰਾਂ ਦਾ ਦੇਰੀ ਨਾਲ ਜਾਰੀ ਕਰਨਾ ਸੀ। ਇਸ ਤੋਂ ਇਲਾਵਾ, ਕੰਮ ਛੇ ਮਹੀਨਿਆਂ ਵਿੱਚ ਪੂਰਾ ਹੋਣਾ ਸੀ, ਹਾਲਾਂਕਿ, ਕੰਪਨੀ ਨੇ ਇੱਕ ਫਰਮ ਨੂੰ ਅਲਾਟ ਕੀਤੇ ਗਏ ਕੰਮ ਨੂੰ ਰੱਦ ਕਰਨ/ਮੁੜ ਅਲਾਟ ਕਰਨ ਵਿੱਚ 17 ਮਹੀਨੇ ਹੋਰ ਲਏ।

2,416 ਮੋਡਮਜ਼ ਦੀ ਘੱਟ ਸਥਾਪਨਾ ਦੇ ਕਾਰਨ, ਕੰਪਨੀ ₹ 0.45 ਕਰੋੜ (2,416 ਮੋਡਮਜ਼ x ₹ 3,124.28 ਪ੍ਰਤੀ ਮੋਡਮ x 60 *ਪ੍ਰਤੀਸ਼ਤ*) ਦੀ ਯੋਗ ਗ੍ਰਾਂਟ ਤੋਂ ਵਾਂਝੀ ਰਹਿ ਗਈ, ਇਸ ਤੋਂ ਇਲਾਵਾ ਉਰਜਾ ਲੇਖਾ ਅਤੇ ਲੇਖਾ ਪ੍ਰੀਖਿਆ ਲਈ ਆਟੋਮੈਟਿਕ ਮੀਟਰ ਰੀਡਿੰਗ ਦੇ ਉਦੇਸ਼ ਦੀ ਪ੍ਰਾਪਤੀ ਵੀ ਨਹੀਂ ਕਰ ਸਕੀ।

### *(iii) ਮਾਲੀਆ ਖਰਚੇ ਦਾ ਦਾਅਵਾ*

ਸਕੀਮ ਦੇ ਅਨੁਸਾਰ, ਐਪਲੀਕੇਸ਼ਨ ਸਾਫਟਵੇਅਰ ਦੇ ਰੱਖ-ਰਖਾਅ (ਜਿਵੇਂ ਕਿ ਸਾਲਾਨਾ ਤਕਨੀਕੀ ਸਹਾਇਤਾ, ਸਾਲਾਨਾ ਰੱਖ-ਰਖਾਅ ਖਰਚੇ, ਸੁਵਿਧਾ ਪ੍ਰਬੰਧਨ ਸੇਵਾਵਾਂ, ਬੈਂਡਵਿਡਥ ਚਾਰਜ, *ਆਦਿ*) 'ਤੇ ਮਾਲੀਆ ਖਰਚ ਕੰਪਨੀ ਦੁਆਰਾ ਸਹਿਣ ਕੀਤਾ ਜਾਣਾ ਸੀ। ਹਾਲਾਂਕਿ, ਕੰਪਨੀ ਨੇ 39 ਮਾਈਕ੍ਰੋਸਾਫਟ ਸਾਫਟਵੇਅਰ[71] ਲਾਇਸੈਂਸਾਂ ਅਤੇ 432 ਸੀ ਆਈ ਐਸ ਸਰਵਰ 2019 ਸਾਫਟਵੇਅਰ ਲਾਇਸੈਂਸਾਂ 'ਤੇ ਪਹਿਲੇ ਸਾਲ ਦੀ ਫੀਸ ਨੂੰ ਛੱਡ ਕੇ ਦੋ ਸਾਲਾਂ ਲਈ ਸਾਫਟਵੇਅਰ ਐਸ਼ੋਰੈਸ ਫੀਸ (ਮਾਲੀਆ ਖਰਚ) 'ਤੇ ₹ 1.64 ਕਰੋੜ[72] ਦੀ ਅਨਿਯਮਿਤ ਗ੍ਰਾਂਟ ਦਾ ਦਾਅਵਾ ਕੀਤਾ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਇਹਨਾਂ ਸਾਫਟਵੇਅਰ/ਲਾਇਸੈਂਸਾਂ ਵਿੱਚ ਏ ਟੀ ਐਸ/ਐਸ਼ੋਰੈਂਸ ਫੀਸ ਲਾਜ਼ਮੀ ਤੌਰ ਤੇ ਸ਼ਾਮਲ ਸੀ ਅਤੇ ਇਸ ਤਰ੍ਹਾਂ ਇਸ ਨੂੰ ਪੂੰਜੀਗਤ ਖਰਚ ਮੰਨਿਆ

67 ਨਵੰਬਰ 2017 ਤੋਂ ਦਸੰਬਰ 2018

68 7,911 ਅਤੇ 5,483 ਮੋਡਮਜ਼

69 ਸਕੀਮ ਅਧੀਨ ਦਾਅਵਾ ਕੀਤੇ ਗਏ (ਡੀ ਡੀ ਯੂ ਜੀ ਜੇ ਵਾਈ) ਨਾਲ ਸਬੰਧਤ 650 ਮੋਡਮਜ਼ ਸ਼ਾਮਲ ਹਨ

70 13,394 *ਘਟਾਓ:* (11,628 – 650) ਮੋਡਮਜ਼

71 ਮਾਈਕ੍ਰੋਸਾਫਟ ਐਸ ਕਿਊ ਐਲ ਸਰਵਰ 2019 ਐਂਟਰਪ੍ਰਾਈਜ਼ ਐਡੀਸ਼ਨ 2 ਕੋਰ

72 ₹ 2.73 ਕਰੋੜ ਦਾ 60 *ਪ੍ਰਤੀਸ਼ਤ* (ਮਾਈਕ੍ਰੋਸਾਫਟ ਸਰਵਰ: 39 ਲਾਇਸੈਂਸ x 2,01,132.48 ਪ੍ਰਤੀ ਲਾਇਸੈਂਸ ਪ੍ਰਤੀ ਸਾਲ x 2 ਸਾਲ = ₹ 1.57 ਕਰੋੜ + ਸੀ ਆਈ ਐਸ ਸਰਵਰ: 432 ਲਾਇਸੈਂਸ x 13,428.40 ਪ੍ਰਤੀ ਲਾਇਸੈਂਸ ਪ੍ਰਤੀ ਸਾਲ x 2 ਸਾਲ = ₹ 1.16 ਕਰੋੜ)

ਗਿਆ। ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਏ ਟੀ ਐਸ/ਐਸ਼ੋਰੈਂਸ ਫੀਸ ਦੇ ਮਾਲੀਆ ਪ੍ਰਕ੍ਰਿਤੀ ਦਾ ਹੋਣ ਕਾਰਣ ਇਸ ਦਾ ਦਾਅਵਾ ਵਿਸ਼ੇਸ਼ ਤੌਰ ਤੇ ਸਕੀਮ ਦੇ ਅਧੀਨ ਅਸਵੀਕਾਰਯੋਗ ਸੀ।

***(iv) ਕਿਸੇ ਹੋਰ ਸਕੀਮ ਅਧੀਨ ਕੀਤੇ ਗਏ ਕੰਮਾਂ ਲਈ ਗ੍ਰਾਂਟ ਦਾ ਦਾਅਵਾ ਕਰਨਾ***

ਆਈ ਟੀ ਕਾਰਜਾਂ ਲਈ ਗ੍ਰਾਂਟ ਦਾ ਦਾਅਵਾ ਕਰਦੇ ਹੋਏ (ਮਾਰਚ 2022), ਕੰਪਨੀ ਨੇ ਸਕੀਮ ਦੇ ਅਧੀਨ ਭਾਰਤ ਸਰਕਾਰ ਦੀ ਇੱਕ ਹੋਰ ਸਕੀਮ ਦੀਨਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ (ਡੀ ਡੀ ਯੂ ਜੀ ਜੇ ਵਾਈ) ਨਾਲ ਸਬੰਧਤ ₹ 0.20 ਕਰੋੜ[73] ਦੇ 650 ਮੋਡਮਜ਼ ਦੀ ਲਾਗਤ ਦਾ ਵੀ ਦਾਅਵਾ ਕੀਤਾ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਇਨ੍ਹਾਂ ਮੋਡਮਜ਼ ਵਿਰੁੱਧ ਗ੍ਰਾਂਟ ਦੇ ਦਾਅਵੇ ਨੂੰ ਡੀ ਡੀ ਯੂ ਜੀ ਜੇ ਵਾਈ ਸਕੀਮ ਲਈ ਨੋਡਲ ਏਜੰਸੀ ਦੁਆਰਾ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਸੀ। ਇੱਕ ਹੋਰ ਯੋਜਨਾ ਦੇ ਖਰਚੇ ਦੇ ਮੁਕਾਬਲੇ ₹ 0.12 ਕਰੋੜ (₹ 0.20 ਕਰੋੜ ਦਾ 60 *ਪ੍ਰਤੀਸ਼ਤ*) ਦੀ ਗ੍ਰਾਂਟ ਦਾ ਦਾਅਵਾ ਕਰਨਾ ਸਹੀ ਨਹੀਂ ਸੀ।

ਕੰਪਨੀ/ਰਾਜ ਸਰਕਾਰ ਨੇ ਲੇਖਾ ਪ੍ਰੀਖਿਆ ਦੀ ਟਿੱਪਣੀ ਨੂੰ ਸਵੀਕਾਰ ਕਰ ਲਿਆ (ਮਈ 2024)।

## ਐਂਟਰਪ੍ਰਾਈਜ਼ ਰਿਸੋਰਸ ਪਲਾਨਿੰਗ

### 5.4.3 ਐਂਟਰਪ੍ਰਾਈਜ਼ ਰਿਸੋਰਸ ਪਲਾਨਿੰਗ ਪ੍ਰੋਜੈਕਟ ਦਾ ਪੂਰਾ ਨਾ ਹੋਣਾ

ਸਕੀਮ ਦੇ ਅਧੀਨ, ਕੰਪਨੀ ਦੇ ਈ ਆਰ ਪੀ ਪ੍ਰੋਜੈਕਟ ਨੂੰ ਹਿਊਮਨ ਰਿਸੋਰਸ ਮੈਨੇਜਮੈਂਟ, ਫਾਇਨਾਂਸ ਐਂਡ ਅਕਾਊਂਟਸ ਐਂਡ ਮਟੀਰਿਅਲ ਮੈਨੇਜਮੈਂਟ ਦੇ ਖੇਤਰਾਂ ਵਿੱਚ ਲਾਗੂ ਕਰਨ ਲਈ ਪੀ ਐਫ ਸੀ ਨੇ ਮਨਜ਼ੂਰੀ ਦਿੱਤੀ (31 ਜਨਵਰੀ 2018)। ਇਸ ਪ੍ਰੋਜੈਕਟ ਦਾ ਵਿਆਪਕ ਉਦੇਸ਼ ₹ 33.63 ਕਰੋੜ ਦੀ ਲਾਗਤ ਨਾਲ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸੁਚਾਰੂ ਅਤੇ ਆਟੋਮੇਸ਼ਨ ਅਤੇ ਹੋਰ ਈ ਆਰ ਪੀ ਸਮਰੱਥ ਸਰਵੋਤਮ ਕਾਰੋਬਾਰੀ ਅਭਿਆਸਾਂ ਅਤੇ ਪ੍ਰਕਿਰਿਆਵਾਂ ਵਿੱਚ ਲਾਗੂ ਕਰਨਾ ਸੀ। ਮਨਜ਼ੂਰੀ ਪੱਤਰ ਦੇ ਅਨੁਸਾਰ, ਈ ਆਰ ਪੀ ਲਈ ਵਰਕ ਆਰਡਰ ਮਨਜ਼ੂਰੀ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਜਾਰੀ ਕੀਤਾ ਜਾਣਾ ਸੀ। ਹਾਲਾਂਕਿ, ਕੰਪਨੀ ਨੇ ਇੱਕ ਸਾਲ ਤੋਂ ਵੱਧ ਸਮੇਂ ਦੀ ਦੇਰੀ ਨਾਲ, ਈ ਆਰ ਪੀ ਲਾਗੂ ਕਰਨ ਲਈ ਮੈਸਰਜ਼ ਟੈੱਕ ਮਹਿੰਦਰਾ, ਨੋਇਡਾ ਨੂੰ ₹ 42.48 ਕਰੋੜ[74] (₹ 31.69 ਕਰੋੜ ਦੀ ਪੂੰਜੀਗਤ ਲਾਗਤ-ਗ੍ਰਾਂਟ ਲਈ ਯੋਗ *ਪਲਸ* ₹ 10.79 ਕਰੋੜ ਦੀ ਸਾਲਾਨਾ ਰੱਖ-ਰਖਾਅ ਲਾਗਤ-ਗ੍ਰਾਂਟ ਲਈ ਯੋਗ ਨਹੀਂ) ਲਈ ਵਰਕ ਆਰਡਰ ਜਾਰੀ ਕੀਤਾ (ਅਗਸਤ 2019)। ਠੇਕੇ ਦੇ ਇਕਰਾਰਨਾਮੇ ਦੇ ਅਨੁਸਾਰ, ਕੰਮ 16 ਮਹੀਨਿਆਂ ਦੇ ਅੰਦਰ *ਭਾਵ* ਦਸੰਬਰ 2020 ਤੱਕ ਪੂਰਾ/ਗੋ-ਲਾਈਵ ਕੀਤਾ ਜਾਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ:

(i) ਠੇਕੇਦਾਰ ਦੁਆਰਾ ਮੈਨ ਪਾਵਰ ਦੀ ਦੇਰੀ ਨਾਲ ਤੈਨਾਤੀ/ਵਾਰ-ਵਾਰ ਤਬਦੀਲੀਆਂ ਕਾਰਨ, ਕੰਮ ਨਿਰਧਾਰਤ ਸਮੇਂ (31 ਦਸੰਬਰ 2021 ਤੱਕ) ਵਿੱਚ ਪੂਰਾ ਨਹੀਂ ਹੋ ਸਕਿਆ ਅਤੇ ਕੁੱਲ ₹ 25.97 ਕਰੋੜ (₹ 1.55 ਕਰੋੜ ਦੇ ਵਾਧੂ ਓਰੇਕਲ ਐਸ ਐਸ ਐਚ ਆਰ ਲਾਇਸੈਂਸਾਂ ਦੀ

---

73 3,124.28 ਪ੍ਰਤੀ ਮੋਡਮਜ਼ ਦੀ ਦਰ ਨਾਲ 650 ਮੋਡਮਜ਼।

74 ₹ 31.69 ਕਰੋੜ ਦੀ ਪੂੰਜੀਗਤ ਲਾਗਤ (ਹਾਰਡਵੇਅਰ ਲਾਗਤ: ₹ 3.85 ਕਰੋੜ, ਈ ਆਰ ਪੀ ਸਾਫਟਵੇਅਰ ਲਾਗਤ: ₹ 15.10 ਕਰੋੜ, ਲਾਗੂ ਕਰਨ ਅਤੇ ਸਥਾਪਨਾ ਲਾਗਤ: ₹ 12.74 ਕਰੋੜ) ਅਤੇ ਸਾਲਾਨਾ ਰੱਖ-ਰਖਾਅ ਲਾਗਤ: ₹ 10.79 ਕਰੋੜ

ਗੈਰ-ਪ੍ਰਵਾਨਿਤ ਮਾਤਰਾ ਤੇ ਖਰਚੇ ਸਮੇਤ) ਦੇ ਖਰਚ ਨਾਲ ਅਧੂਰਾ ਬੰਦ ਕਰ ਦਿੱਤਾ ਗਿਆ (26 ਫਰਵਰੀ 2022)। ਕੰਪਨੀ ਨੇ ਬਚੇ ਹੋਏ ਕੰਮ ਨੂੰ ਆਪਣੇ ਆਪ ਪੂਰਾ ਕਰਨ ਦਾ ਫੈਸਲਾ ਕੀਤਾ (9 ਫਰਵਰੀ 2022)। ਕੰਮ ਅਜੇ ਵੀ ਪ੍ਰਗਤੀ ਅਧੀਨ ਸੀ (ਮਈ 2024)। ਕੰਮ ਦੇਣ/ਲਾਗੂ ਕਰਨ ਵਿੱਚ ਦੇਰੀ ਕਾਰਨ, ਕੰਪਨੀ ₹ 4.37 ਕਰੋੜ (₹ 7.27 ਕਰੋੜ[75] ਦੇ ਬਚੇ ਹੋਏ ਕੰਮ ਦਾ 60 *ਪ੍ਰਤੀਸ਼ਤ*) ਦੀ ਗ੍ਰਾਂਟ ਦਾ ਲਾਭ ਨਹੀਂ ਲੈ ਸਕੀ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਠੇਕੇਦਾਰ ਦੁਆਰਾ ਵਾਰ-ਵਾਰ ਕਾਮਿਆਂ ਨੂੰ ਬਦਲਿਆ ਗਿਆ ਅਤੇ ਸਮੁੱਚੇ ਵਰਕ ਆਰਡਰ ਦੀ ਲਾਗਤ 'ਤੇ 10 *ਪ੍ਰਤੀਸ਼ਤ* ਦਾ ਜੁਰਮਾਨਾ ਵਸੂਲਿਆ ਗਿਆ ਹੈ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ ਨੇ ਅਜੇ ਵੀ ਮਈ 2024 ਤੱਕ ਕੰਮ ਪੂਰਾ ਕਰਨਾ ਸੀ।

(ii) ਈ ਆਰ ਪੀ ਪ੍ਰੋਜੈਕਟ ਤੇ ਹੋਏ ਖਰਚੇ ਵਿੱਚ 33,184 ਵਾਧੂ ਓਰੇਕਲ ਐਸ ਐਸ ਐਚ ਆਰ ਲਾਇਸੈਂਸਾਂ ਦੇ ਰੂਪ ਵਿੱਚ ₹ 1.55 ਕਰੋੜ ਦੀ ਰਾਸ਼ੀ ਸ਼ਾਮਲ ਸੀ, ਜੋ ਪ੍ਰਵਾਨਿਤ ਡੀ ਪੀ ਆਰ ਦਾ ਹਿੱਸਾ ਨਹੀਂ ਸੀ ਅਤੇ ਇਸ ਤਰ੍ਹਾਂ, ਗ੍ਰਾਂਟ ਦਾ ਦਾਅਵਾ ਕਰਨ ਦੇ ਯੋਗ ਨਹੀਂ ਸੀ। ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਸੀ ਕਿ ਵਾਧੂ ਲਾਇਸੈਂਸਾਂ ਤੇ ਖਰਚਾ ਕੰਪਨੀ ਦੁਆਰਾ ਸਹਿਣ ਕੀਤਾ ਜਾਣਾ ਸੀ। ਹਾਲਾਂਕਿ, ਕੰਪਨੀ ਨੇ ਇਨ੍ਹਾਂ ਵਾਧੂ ਲਾਇਸੈਂਸਾਂ ਦੇ ਬਦਲੇ ਦਾਅਵਾ ਕੀਤਾ ਅਤੇ ₹ 0.93 ਕਰੋੜ (₹ 1.55 ਕਰੋੜ ਦਾ 60 *ਪ੍ਰਤੀਸ਼ਤ*) ਦੀ ਗ੍ਰਾਂਟ ਪ੍ਰਾਪਤ ਕੀਤੀ, ਜੋ ਕਿ ਅਨਿਯਮਿਤ ਸੀ।

(iii) ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਗ੍ਰਾਂਟ 'ਤੇ ਪ੍ਰਾਪਤ ਕੋਈ ਵੀ ਵਿਆਜ ਤਿਮਾਹੀ ਵਿੱਚ ਘੱਟੋ-ਘੱਟ ਇੱਕ ਵਾਰ ਬਿਜਲੀ ਮੰਤਰਾਲੇ ਨੂੰ ਭੇਜਿਆ ਜਾਵੇਗਾ। ਹਾਲਾਂਕਿ, ਕੰਪਨੀ ਨੇ ਠੇਕੇਦਾਰ ਨੂੰ ਕੀਤੇ ਗਏ ਅਗਾਊਂ ਭੁਗਤਾਨ 'ਤੇ ਪ੍ਰਾਪਤ ਵਿਆਜ ₹ 0.58 ਕਰੋੜ ਦੀ ਰਾਸ਼ੀ ਆਪਣੇ ਕੋਲ ਰੱਖੀ। ਇਸ ਤੋਂ ਇਲਾਵਾ, ਕੰਪਨੀ ਨੇ ਇਸ ਰਾਸ਼ੀ ਨੂੰ ਕੁੱਲ ਪ੍ਰੋਜੈਕਟ ਲਾਗਤ ਵਿੱਚੋਂ ਸਮਾਯੋਜਿਤ ਕੀਤੇ ਬਿਨ੍ਹਾਂ 60 *ਪ੍ਰਤੀਸ਼ਤ* ਗ੍ਰਾਂਟ (₹ 0.35 ਕਰੋੜ) ਦਾ ਅਨਿਯਮਿਤ ਤੌਰ ਤੇ ਦਾਅਵਾ ਕੀਤਾ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਗ੍ਰਾਂਟ ਦਾ ਦਾਅਵਾ ਵਾਧੂ ਲਾਇਸੈਂਸਾਂ ਸਮੇਤ ਅੰਤਿਮ ਲਾਗੂ ਕੀਤੀ ਮਾਤਰਾ 'ਤੇ ਕੀਤਾ ਗਿਆ ਸੀ। ਡਿਸਟ੍ਰੀਬਿਊਸ਼ਨ ਰਿਫੋਰਮਜ਼ ਕਮੇਟੀ (ਡੀ ਆਰ ਸੀ) ਤੋਂ ਪੂਰੀ ਮਾਤਰਾ ਨੂੰ ਮਨਜ਼ੂਰੀ ਮਿਲ ਗਈ ਹੈ ਅਤੇ ਹੁਣ ਲਾਇਸੈਂਸਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਡੀ ਆਰ ਸੀ ਦੁਆਰਾ ਅਗਾਊਂ ਭੁਗਤਾਨ ਤੇ ਵਸੂਲੇ ਗਏ ਵਿਆਜ ਦੇ ਦਾਅਵੇ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਪੀ ਐਫ ਸੀ ਕੰਪਨੀ ਦੇ ਦਾਅਵੇ ਨਾਲ ਸਹਿਮਤ ਸੀ ਅਤੇ ਗ੍ਰਾਂਟ ਪ੍ਰਾਪਤ ਹੋ ਗਈ ਸੀ।

ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਾਧੂ ਵਸਤੂਆਂ ਅਤੇ ਪ੍ਰਾਪਤ ਵਿਆਜ ਦੀ ਨੋਨ-ਰਿਮਿਟੈਂਸ 'ਤੇ ਗ੍ਰਾਂਟ ਦਾ ਦਾਅਵਾ ਸਕੀਮ ਦੇ ਦਿਸ਼ਾ-ਨਿਰਦੇਸਾਂ ਦੇ ਅਨੁਸਾਰ ਨਹੀਂ ਸੀ। ਇਸ ਤੋਂ

---

75 ਪੂੰਜੀਗਤ ਲਾਗਤ: ₹ 31.69 ਕਰੋੜ *ਘਟਾਓ*: ₹ 24.42 ਕਰੋੜ (ਕੰਮਾਂ ਦੀ ਕੁੱਲ ਲਾਗਤ ਜੋ ਅਸਲ ਵਿੱਚ ਲਾਗੂ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ: ₹ 25.97 ਕਰੋੜ *ਘਟਾਓ*: ₹ 1.55 ਕਰੋੜ ਦਾ ਖਰਚਾ ਵਾਧੂ ਐਸ ਐਸ ਐਚ ਆਰ ਲਾਇਸੈਂਸਾਂ ਤੇ, ਗ੍ਰਾਂਟ ਦਾ ਦਾਅਵਾ ਕਰਨ ਦੇ ਯੋਗ ਨਹੀਂ)

ਇਲਾਵਾ, ਡੀ ਆਰ ਸੀ ਦੀ ਭੂਮਿਕਾ ਸਿਰਫ ਪਾਵਰ ਮੰਤਰਾਲੇ ਦੀ ਨਿਗਰਾਨੀ ਕਮੇਟੀ ਨੂੰ ਡੀ ਪੀ ਆਰ ਦੀ ਸਿਫਾਰਸ਼ ਕਰਨਾ ਸੀ।

**ਰੀਅਲ ਟਾਈਮ ਡਾਟਾ ਐਕਵਿਜ਼ਿਸ਼ਨ ਸਿਸਟਮ (ਆਰ ਟੀ-ਡੀ ਏ ਐਸ)**

### 5.4.4 ਟੈਂਡਰਿੰਗ ਵਿੱਚ ਦੇਰੀ ਕਾਰਨ ਗ੍ਰਾਂਟ ਪ੍ਰਾਪਤ ਕਰਨ ਵਿੱਚ ਅਯੋਗਤਾ

ਆਰ ਟੀ-ਡੀ ਟੀ ਐਸ, ਪ੍ਰੋਜੈਕਟ ਦਾ ਉਦੇਸ਼ ਪਾਵਰ ਡਿਸਟ੍ਰੀਬਿਊਸ਼ਨ ਨੈੱਟਵਰਕ ਦੀ ਭਰੋਸੇਯੋਗਤਾ ਨੂੰ ਸਹੀ ਢੰਗ ਨਾਲ ਮਾਪਣਾ ਅਤੇ ਪਾਵਰ ਭਰੋਸੇਯੋਗਤਾ ਨੂੰ ਵਧਾਉਣ ਲਈ ਢੁਕਵੀਂ ਕਾਰਵਾਈ ਕਰਨ ਲਈ ਕੰਪਨੀ ਨੂੰ ਸੁਵਿਧਾ ਪ੍ਰਦਾਨ ਕਰਨਾ ਸੀ। ਪੀ ਐਫ ਸੀ ਨੇ ਆਰ ਟੀ- ਡੀ ਏ ਐਸ ਨੂੰ ਲਾਗੂ ਕਰਨ ਲਈ ਪ੍ਰੋਜੈਕਟ ਲਾਗਤ ਵਜੋਂ ₹ 7.90 ਕਰੋੜ ਮਨਜ਼ੂਰ ਕੀਤੇ (ਦਸੰਬਰ 2018)। ਇਹ ਪ੍ਰੋਜੈਕਟ ਛੇ ਮਹੀਨਿਆਂ ਦੇ ਅੰਦਰ (*ਭਾਵ* ਜੂਨ 2019 ਤੱਕ) ਦਿੱਤਾ ਜਾਣਾ ਸੀ ਅਤੇ ਮਨਜ਼ੂਰੀ ਦੀ ਮਿਤੀ ਤੋਂ 30 ਮਹੀਨਿਆਂ (ਜੂਨ 2021) ਦੇ ਅੰਦਰ ਪੂਰਾ ਹੋਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਕੰਪਨੀ ਨੇ ਸਤੰਬਰ 2019 ਵਿੱਚ ਟੈਂਡਰ ਇਨਕਵਾਇਰੀ ਜਾਰੀ ਕੀਤੀ। ਦੋ ਫਰਮਾਂ ਨੇ ਆਪਣੀਆਂ ਬੋਲੀਆਂ ਪੇਸ਼ ਕੀਤੀਆਂ (ਦਸੰਬਰ 2019), ਜਿਨ੍ਹਾਂ ਵਿੱਚੋਂ ਇੱਕ ਤਕਨੀਕੀ ਤੌਰ ਤੇ ਯੋਗ ਪਾਈ ਗਈ (25 ਜੂਨ 2020) ਪਰ ਉਪਕਰਣਾਂ ਦੀ ਅਯਾਤ ਤੇ ਸੁਰੱਖਿਆ ਚਿੰਤਾਵਾਂ ਬਾਰੇ ਭਾਰਤ ਸਰਕਾਰ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ, ਟੈਂਡਰ ਇਨਕਵਾਇਰੀ ਉੱਤੇ ਕਾਰਵਾਹੀ ਨਹੀਂ ਕੀਤੀ ਜਾ ਸਕੀ। ਇਸ ਦੌਰਾਨ, ਪਾਵਰ ਮੰਤਰਾਲੇ ਦੀ ਆਈ ਪੀ ਡੀ ਐਸ ਨਿਗਰਾਨੀ ਕਮੇਟੀ ਨੇ ਉਨ੍ਹਾਂ ਮਾਮਲਿਆਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ (3 ਅਗਸਤ 2020) ਜਿੱਥੇ ਟੈਂਡਰਿੰਗ ਅਜੇ ਸ਼ੁਰੂ ਕੀਤੀ ਜਾਣੀ ਸੀ ਜਾਂ ਟੈਂਡਰ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ ਪਰ 31 ਜੁਲਾਈ 2020 ਤੱਕ ਪਾਵਰ ਕੰਪਨੀਆਂ ਦੁਆਰਾ ਵਰਕ ਆਰਡਰ ਜਾਰੀ ਨਹੀਂ ਕੀਤੇ ਗਏ ਸਨ ਅਤੇ ਜਾਰੀ ਕੀਤੀ ਗਈ ਗ੍ਰਾਂਟ ਦੀ ਵਸੂਲੀ/ਸਮਾਯੋਜਨ ਕੀਤਾ ਜਾਣਾ ਬਾਕੀ ਸੀ। ਇਸ ਤੋਂ ਬਾਅਦ, ਕੰਪਨੀ ਨੇ ਟੈਂਡਰ ਇਨਕਵਾਇਰੀ ਨੂੰ ਰੱਦ ਕਰਨ ਦਾ ਫੈਸਲਾ ਕੀਤਾ (30 ਸਤੰਬਰ 2020)।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਟੈਂਡਰਿੰਗ ਦੀ ਪ੍ਰਕਿਰਿਆ ਨੂੰ ਸਮੇਂ ਸਿਰ ਸ਼ੁਰੂ ਕਰਨ ਅਤੇ ਅੰਤਿਮ ਰੂਪ ਦੇਣ ਵਿੱਚ ਕੰਪਨੀ ਦੀ ਅਯੋਗਤਾ ਦੇ ਨਤੀਜੇ ਵਜੋਂ ਕੰਪਨੀ ਪਾਵਰ ਡਿਸਟ੍ਰੀਬਿਊਸ਼ਨ ਨੈੱਟਵਰਕ ਦੀ ਭਰੋਸੇਯੋਗਤਾ ਨੂੰ ਮਾਪਣ ਲਈ ਰੀਅਲ ਟਾਈਮ ਡਾਟਾ[76] ਦੀ ਅਣ-ਉਪਲਬਧਤਾ ਤੋਂ ਇਲਾਵਾ ₹ 4.74 ਕਰੋੜ (₹ 7.90 ਕਰੋੜ ਦੀ ਪ੍ਰਵਾਨਿਤ ਲਾਗਤ ਦਾ 60 *ਪ੍ਰਤੀਸ਼ਤ*) ਦੀ ਗ੍ਰਾਂਟ ਪ੍ਰਾਪਤ ਕਰਨ ਦੇ ਯੋਗ ਨਹੀਂ ਰਹੀ।

ਕੰਪਨੀ/ਰਾਜ ਸਰਕਾਰ ਨੇ ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰ ਕਰ ਲਿਆ (ਮਈ 2024)।

**ਸਕੀਮ ਦੇ ਉਦੇਸ਼ਾਂ ਦੀ ਨਿਗਰਾਨੀ ਅਤੇ ਪ੍ਰਾਪਤੀ**

### 5.4.5 ਰਾਜ ਡਿਸਟ੍ਰੀਬਿਊਸ਼ਨ ਰਿਫੋਰਮਜ਼ ਕਮੇਟੀ ਦੁਆਰਾ ਨਾਕਾਫੀ ਨਿਗਰਾਨੀ

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਰਾਜ ਪੱਧਰੀ ਡਿਸਟ੍ਰੀਬਿਊਸ਼ਨ ਰਿਫੋਰਮਜ਼ ਕਮੇਟੀ (ਡੀ ਆਰ ਸੀ) ਨੂੰ ਡੀ ਪੀ ਆਰਜ਼ ਦੀ ਸਿਫਾਰਸ਼ ਕਰਨ ਅਤੇ ਪ੍ਰਗਤੀ, ਗੁਣਵੱਤਾ ਨਿਯੰਤਰਣ ਦੀ ਨਿਗਰਾਨੀ ਕਰਨ

---

[76] ਐਸ ਏ ਆਈ ਡੀ ਆਈ = ਖਪਤਕਾਰ ਰੁਕਾਵਟ ਦੀ ਮਿਆਦ ਦੀ ਸੰਖਿਆ/ਸੇਵਾਪ੍ਰਾਪਤ ਖਪਤਕਾਰਾਂ ਦੀ ਕੁੱਲ ਸੰਖਿਆ
ਐਸ ਏ ਆਈ ਐਫ ਆਈ = ਖਪਤਕਾਰ ਰੁਕਾਵਟ ਦੀ ਸੰਖਿਆ/ਸੇਵਾਪ੍ਰਾਪਤ ਖਪਤਕਾਰਾਂ ਦੀ ਕੁੱਲ ਸੰਖਿਆ

ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਨਾਲ ਸਬੰਧਤ ਮੁੱਦਿਆਂ ਜਿਵੇਂ ਕਿ ਸਬ-ਸਟੇਸ਼ਨਾਂ ਲਈ ਜ਼ਮੀਨ ਦੀ ਵੰਡ, ਰਸਤੇ ਦਾ ਅਧਿਕਾਰ, ਜੰਗਲਾਤ/ਸੁਰੱਖਿਆ ਮਨਜ਼ੂਰੀ, *ਆਦਿ* ਨੂੰ ਹੱਲ ਕਰਨ ਦੀ ਲੋੜ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2023) ਕਿ ਜੂਨ 2015 ਤੋਂ ਫਰਵਰੀ 2022 ਦੌਰਾਨ, ਡੀ ਪੀ ਆਰਜ਼ ਦੀ ਪ੍ਰਵਾਨਗੀ, ਸਟੈਂਡਰਡ ਬਿਡਿੰਗ ਡਾਕਯੂਮੈਂਟ ਵਿੱਚ ਤਬਦੀਲੀ, ਦੱਖਣੀ ਜ਼ੋਨ ਦੇ ਅਧੀਨ ਚਾਰ ਕਸਬਿਆਂ ਵਿੱਚ ਲਾਗਤ ਵਿੱਚ ਸੋਧ ਅਤੇ ਸਕੀਮ ਨੂੰ ਅੰਤਿਮ ਤੌਰ ਤੇ ਬੰਦ ਕਰਨ ਲਈ ਡੀ ਆਰ ਸੀ ਦੀਆਂ ਸਿਰਫ ਨੌਂ ਮੀਟਿੰਗਾਂ ਹੋਈਆਂ। ਇਸ ਤੋਂ ਇਲਾਵਾ ਅਕਤੂਬਰ/ਨਵੰਬਰ 2017 ਵਿੱਚ ਕੰਮ ਦੇਣ ਤੋਂ ਬਾਅਦ, ਸਕੀਮ ਦੇ ਕੰਮ ਨੂੰ ਲਾਗੂ ਕਰਨ ਵਿੱਚ ਪ੍ਰਗਤੀ/ਦੇਰੀ ਦੀ ਨਿਗਰਾਨੀ ਕਰਨ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਅਗਲੇ ਤਿੰਨ ਸਾਲਾਂ ਵਿੱਚ ਡੀ ਆਰ ਸੀ ਦੀ ਕੋਈ ਮੀਟਿੰਗ ਨਹੀਂ ਕੀਤੀ ਗਈ, ਜੋ ਡੀ ਆਰ ਸੀ ਦੁਆਰਾ ਸਕੀਮ ਦੀ ਨਾਕਾਫੀ ਨਿਗਰਾਨੀ ਦਾ ਸੰਕੇਤ ਦਿੰਦਾ ਹੈ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਸਕੀਮ ਦੀ ਪ੍ਰਗਤੀ ਬਾਰੇ ਹੋਲ ਟਾਈਮ ਡਾਇਰੈਕਟਰਾਂ ਦੀਆਂ ਮੀਟਿੰਗਾਂ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਅਤੇ ਇਨ੍ਹਾਂ ਮੀਨਟਸ ਆਫ਼ ਮੀਟਿੰਗ ਨੂੰ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਨੋਟ ਕੀਤਾ ਗਿਆ ਸੀ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਡੀ ਆਰ ਸੀ ਦੇ ਮੈਂਬਰ ਵੀ ਸਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ, ਡੀ ਆਰ ਸੀ ਦੀਆਂ ਤਿਮਾਹੀ ਮੀਟਿੰਗਾਂ ਕੀਤੀਆਂ ਜਾਣਗੀਆਂ।

ਜਵਾਬ ਲੇਖਾ ਪ੍ਰੀਖਿਆ ਟਿੱਪਣੀਆਂ ਮੁਤਾਬਕ ਸਪਸ਼ਟ ਨਹੀਂ ਸੀ ਕਿਉਂਕਿ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਡੀ ਆਰ ਸੀ ਨੇ ਪ੍ਰਗਤੀ ਦੀ ਨਿਗਰਾਨੀ ਕਰਨੀ ਸੀ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨਾ ਸੀ।

### 5.4.6 ਵਾਧੂ ਗ੍ਰਾਂਟ ਦਾ ਲਾਭ ਨਾ ਲੈਣਾ

ਸਕੀਮ ਦੇ ਅਨੁਸਾਰ ਨਿਰਧਾਰਤ ਟੀਚੇ ਪ੍ਰਾਪਤ ਕਰਨ ਦੀ ਸ਼ਰਤ ਅਨੁਸਾਰ ਪ੍ਰੋਜੈਕਟ ਲਾਗਤ ਦੀ 15 *ਪ੍ਰਤੀਸ਼ਤ* ਵਾਧੂ ਗ੍ਰਾਂਟ ਪ੍ਰਾਪਤ ਕੀਤੀ ਜਾ ਸਕਦੀ ਸੀ। ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਦੀ ਸਥਿਤੀ (ਮਾਰਚ 2022) ਹੇਠ ਲਿਖੇ ਅਨੁਸਾਰ ਸੀ:

(i) ਸਕੀਮ ਨੂੰ ਸਮੇਂ ਸਿਰ ਪੂਰਾ ਕਰਨਾ: ਕੰਪਨੀ ਸਕੀਮ ਦੇ ਹਰੇਕ ਭਾਗ ਲਈ ਮਨਜ਼ੂਰੀ ਪੱਤਰਾਂ ਵਿੱਚ ਨਿਰਧਾਰਤ ਸਮਾਂ ਸੀਮਾ ਅਨੁਸਾਰ ਕੰਮਾਂ ਨੂੰ ਪੂਰਾ ਨਹੀਂ ਕਰ ਸਕੀ। ਹਾਲਾਂਕਿ, ਇਹ ਕੰਮ ਕੰਪਨੀ ਦੀ ਬੇਨਤੀ ਤੇ ਪੀ ਐਫ ਸੀ ਦੁਆਰਾ ਵਿਸਥਾਰਿਤ ਸਮਾਂ-ਸੀਮਾ ਦੇ ਦੌਰਾਨ ਪੂਰੇ/ਅਧੂਰੇ ਤੌਰ ਤੇ ਬੰਦ ਕਰ ਦਿੱਤੇ ਗਏ ਸਨ।

(ii) ਏ ਟੀ ਐਂਡ ਸੀ ਘਾਟੇ ਵਿੱਚ ਕਮੀ: ਪਾਵਰ ਮੰਤਰਾਲੇ ਦੁਆਰਾ ਅੰਤਿਮ ਰੂਪ ਦਿੱਤੀ ਗਈ ਟ੍ਰੈਜੈਕਟਰੀ (ਦਸੰਬਰ 2014 ਅਤੇ ਅਪ੍ਰੈਲ 2017) ਦੇ ਮੁਕਾਬਲੇ ਕੰਪਨੀ ਦੁਆਰਾ ਏ ਟੀ ਐਂਡ ਸੀ ਘਾਟੇ ਦੀ ਪ੍ਰਾਪਤੀ ਦੀ ਸਥਿਤੀ **ਸਾਰਣੀ** 5.2 ਵਿੱਚ ਦਰਸਾਈ ਗਈ ਹੈ:

**ਸਾਰਣੀ 5.2: ਕੰਪਨੀ ਦੁਆਰਾ ਏ ਟੀ ਐਂਡ ਸੀ ਘਾਟੇ ਵਿੱਚ ਕਮੀ ਦੀ ਪ੍ਰਾਪਤੀ ਨੂੰ ਦਰਸਾਉਂਦੀ ਸਾਰਣੀ**

| ਸਾਲ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਪਾਵਰ ਮੰਤਰਾਲੇ ਦੁਆਰਾ ਅੰਤਿਮ ਰੂਪ ਦਿੱਤੀ ਗਈ ਟ੍ਰੈਜੈਕਟਰੀ ਅਨੁਸਾਰ ਏ ਟੀ ਐਂਡ ਸੀ ਘਾਟੇ | 14.50 | 14.00 | 14.50 | 14.25 | 14.00 |
| ਕੰਪਨੀ ਦੇ ਅਸਲ ਏ ਟੀ ਐਂਡ ਸੀ ਘਾਟੇ | 17.24 | 12.83 | 15.34 | 18.03 | 11.67 |

*ਸ੍ਰੋਤ: ਕੰਪਨੀ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

ਉਪਰੋਕਤ ਸਾਰਣੀ ਦਰਸਾਉਂਦੀ ਹੈ ਪਾਵਰ ਮੰਤਰਾਲੇ ਨੇ 2017-18 ਤੋਂ 2021-22 ਲਈ ਏ ਟੀ ਐਂਡ ਸੀ ਘਾਟਿਆਂ ਲਈ 14.50 *ਪ੍ਰਤੀਸ਼ਤ* ਤੋਂ 14.00 *ਪ੍ਰਤੀਸ਼ਤ* ਦੇ ਟੀਚੇ ਨੂੰ ਅੰਤਿਮ ਰੂਪ ਦਿੱਤਾ ਸੀ, ਜੋ ਕਿ ਕੰਪਨੀ ਦੁਆਰਾ ਤਿੰਨ ਸਾਲਾਂ (2017-18, 2019-20 ਅਤੇ 2020-21) ਦੌਰਾਨ ਪ੍ਰਾਪਤ ਨਹੀਂ ਕੀਤਾ ਜਾ ਸਕਿਆ। ਸਕੀਮ ਵਿੱਚ ਸ਼ਾਮਲ 97 ਕਸਬਿਆਂ ਦੇ ਘਾਟਿਆਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਚੱਲਿਆ ਕਿ 2021-22 ਦੌਰਾਨ, ਕੰਪਨੀ ਸਿਰਫ ਚਾਰ ਕਸਬਿਆਂ ਵਿੱਚ ਟੀਚਾ ਪ੍ਰਾਪਤ ਕਰ ਸਕੀ, ਜਦੋਂ ਕਿ ਬਾਕੀ 93 ਕਸਬਿਆਂ ਵਿੱਚ ਘਾਟਾ 14.08 ਅਤੇ 82.53 *ਪ੍ਰਤੀਸ਼ਤ* ਦੇ ਵਿਚਕਾਰ ਸੀ। ਅੱਗੇ ਵਿਸ਼ਲੇਸ਼ਣ ਤੋਂ ਪੱਤਾ ਲੱਗਾ ਕਿ 2021-22 ਦੌਰਾਨ 67[77] ਕਮਬਿਆਂ ਵਿੱਚ ਏ ਟੀ ਐਂਡ ਸੀ ਘਾਟਾ 30 *ਪ੍ਰਤੀਸ਼ਤ* ਤੋਂ ਵੱਧ ਸੀ। ਐਗਜਿਟ ਕਾਨਫਰੰਸ (ਮਈ 2024) ਦੌਰਾਨ ਪ੍ਰਬੰਧਨ ਉੱਚ ਏ ਟੀ ਐਂਡ ਸੀ ਘਾਟਿਆਂ ਦੇ ਕਾਰਨ ਦੱਸਣ ਲਈ ਸਹਿਮਤ ਹੋਇਆ ਸੀ। ਹਾਲਾਂਕਿ, ਫਰਵਰੀ 2025 ਤੱਕ ਇਨ੍ਹਾਂ ਦੀ ਉਡੀਕ ਕੀਤੀ ਜਾ ਰਹੀ ਸੀ।

(iii) ਮੀਟਰਡ ਖਪਤ ਦੇ ਅਧਾਰ 'ਤੇ ਰਾਜ ਸਰਕਾਰ ਦੁਆਰਾ ਸਵੀਕਾਰਯੋਗ ਮਾਲੀਆ ਸਬਸਿਡੀ ਪਹਿਲਾਂ ਜਾਰੀ ਕਰਨਾ: ਰਾਜ ਸਰਕਾਰ ਨੇ ਅਗਾਊਂ ਸਬਸਿਡੀ ਜਾਰੀ ਨਹੀਂ ਕੀਤੀ ਕਿਉਂਕਿ ਸਾਲ ਦੇ ਅੰਤ ਵਿੱਚ ਰਾਜ ਸਰਕਾਰ ਤੋਂ ਪ੍ਰਾਪਤਯੋਗ ਖਪਤਕਾਰ ਸਬਸਿਡੀ ਅਪ੍ਰੈਲ 2017 ਤੋਂ ਮਾਰਚ 2022 ਦੌਰਾਨ ₹ 3,011.57 ਕਰੋੜ ਤੋਂ ₹ 7,117.90 ਕਰੋੜ ਦੇ ਵਿਚਕਾਰ ਸੀ।

ਨਿਰਧਾਰਤ ਟੀਚੇ ਪ੍ਰਾਪਤ ਨਾ ਹੋਣ ਕਾਰਨ, ਕੰਪਨੀ ₹ 61.08 ਕਰੋੜ (₹ 407.21 ਕਰੋੜ ਦਾ 15 *ਪ੍ਰਤੀਸ਼ਤ ਭਾਵ* ਸਕੀਮ ਤੇ ਹੋਏ ਕੁੱਲ ਖਰਚ) ਦੀ ਗ੍ਰਾਂਟ ਦਾ ਲਾਭ ਨਹੀਂ ਲੈ ਸਕੀ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਨਵੇਂ ਫੀਡਰਾਂ ਦੀ ਕੋਡਿੰਗ ਨਾ ਹੋਣ ਕਾਰਨ, ਏ ਟੀ ਐਂਡ ਸੀ ਘਾਟੇ ਦੀ ਗਣਨਾ ਸਹੀ ਢੰਗ ਨਾਲ ਨਹੀਂ ਕੀਤੀ ਜਾ ਸਕੀ ਅਤੇ ਸਰਕਾਰੀ ਸਬਸਿਡੀ ਕੰਪਨੀ ਦੇ ਮਾਲੀਏ ਦਾ ਵੱਡਾ ਹਿੱਸਾ ਹੈ। ਜਵਾਬ ਅਗਾਊਂ ਸਬਸਿਡੀ ਜਾਰੀ ਨਾ ਕਰਨ ਬਾਰੇ ਚੁੱਪ ਸੀ।

---

77 ਅਜਨਾਲਾ, ਅਮਲੋਹ, ਬਧਨੀ ਕਲਾਂ, ਬਾਘਾ ਪੁਰਾਨਾ, ਬਨੂੜ, ਬਰੇਟਾ, ਬੱਸੀ ਪਠਾਣਾ, ਬੇਗੋਵਾਲ, ਭਦੌੜ, ਭਾਦਸੋਂ, ਭਗਤਾ ਭਾਈ ਕਾ, ਭੀਖੀ, ਭੁਲੱਥ, ਭੁੱਚੋ, ਬੁਢਲਾਡਾ, ਚਮਕੌਰ ਸਾਹਿਬ, ਚੀਮਾ, ਡੇਰਾ ਬਾਬਾ ਨਾਨਕ, ਧਨੌਲਾ, ਧਾਰੀਵਾਲ, ਢਿੱਲਵਾਂ, ਦੀਨਾ ਨਗਰ, ਦਿੜਬਾ, ਫਤਿਹਗੜ੍ਹ ਚੂੜੀਆਂ, ਗੜ੍ਹਦੀਵਾਲਾ, ਘੱਗਾ, ਘਨੌਰ, ਗੋਨਿਆਨਾ, ਗੋਰਾਇਆਂ, ਗੁਰੂ ਹਰ ਸਹਾਏ, ਹੰਡਿਆਇਆ, ਜੰਡਿਆਲਾ, ਕਰਤਾਰਪੁਰ, ਖਮਾਣੋਂ, ਖਨੌਰੀ, ਖੇਮਕਰਨ, ਕੋਟ ਫਤਿਹ, ਕੁਰਾਲੀ, ਲੌਂਗੋਵਾਲ, ਮਾਛੀਵਾੜਾ, ਮਜੀਠਾ, ਮੱਖੂ, ਮੱਲਾਂਵਾਲਾ, ਮਲੌਦ, ਮੌੜ, ਮੂਨਕ, ਮੁੱਦਕੀ, ਨਡਾਲਾ, ਨਯਾਗਾਂਓ, ਪਾਤੜਾਂ, ਪਾਇਲ, ਫਿਲੌਰ, ਕਾਦੀਆਂ, ਰਾਇਕੋਟ, ਰਾਜਾਸਾਂਸੀ, ਰਾਮਦਾਸ, ਸਾਹਨੇਵਾਲ, ਸਮਰਾਲਾ, ਸੰਗਤ, ਸਨੌਰ, ਸਰਦੂਲਗੜ੍ਹ, ਸ੍ਰੀ ਹਰਗੋਬਿੰਦਪੁਰ, ਸੁਜਾਨਪੁਰ, ਤਲਵੰਡੀ ਭਾਈ, ਤਲਵੰਡੀ ਸਾਬੋ, ਟਾਂਡਾ ਅਤੇ ਤਪਾ।

## 5.4.7 ਪੰਜਾਬ ਸਟੇਟ ਇਲੈਕਟ੍ਰਿਸਿਟੀ ਰੈਗੂਲੇਟਰੀ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ

17 ਸਤੰਬਰ 2012 ਦੇ ਨੋਟੀਫਿਕੇਸ਼ਨ ਦੁਆਰਾ ਸੋਧੀ, ਪੰਜਾਬ ਸਟੇਟ ਇਲੈਕਟ੍ਰਿਸਿਟੀ ਰੈਗੂਲੇਟਰੀ ਕਮਿਸ਼ਨ (ਟਰਮਜ਼ ਐਂਡ ਕੰਡਿਸ਼ਨਜ਼ ਫਾਰ ਡਿਟਰਮਿਨੇਸ਼ਨ ਆਫ਼ ਟੈਰਿਫ) ਰੈਗੂਲੇਸ਼ਨਜ਼, 2005 ਦੇ ਰੈਗੂਲੇਸ਼ਨ 22(6)(iii) ਅਨੁਸਾਰ, ਡਿਸਟ੍ਰੀਬਿਊਸ਼ਨ ਲਾਇਸੈਂਸਧਾਰਕ ਨੂੰ ਹਰੇਕ ਸਕੀਮ (ਕੁਨੈਕਸ਼ਨ ਜਾਰੀ ਕਰਨ ਨਾਲ ਸਬੰਧਤ ਤੋਂ ਇਲਾਵਾ), ਜਿੱਥੇ ਪੂੰਜੀਗਤ ਖਰਚ ₹ 10 ਕਰੋੜ ਤੋਂ ਵੱਧ ਹੋਣ ਦਾ ਅਨੁਮਾਨ ਹੈ, ਲਈ ਕਮਿਸ਼ਨ ਦੀ ਅਗਾਊਂ ਪ੍ਰਵਾਨਗੀ ਪ੍ਰਾਪਤ ਕਰਨ ਦੀ ਲੋੜ ਸੀ।

ਇਸ ਸਕੀਮ ਅਧੀਨ ਪੂੰਜੀਗਤ ਖਰਚਿਆਂ ਨੂੰ ਪ੍ਰਵਾਨਗੀ ਦਿੰਦੇ ਹੋਏ (ਜਨਵਰੀ 2017), ਕਮਿਸ਼ਨ ਨੇ ਨਿਰਦੇਸ਼ ਦਿੱਤੇ ਕਿ ਕੰਪਨੀ ਇਸ ਸਕੀਮ ਦੇ ਮੁਕੰਮਲ ਹੋਣ ਤੋਂ ਬਾਅਦ ਇਸ ਸਕੀਮ ਦੇ ਲਾਗੂ ਹੋਣ ਨਾਲ ਹੋਣ ਵਾਲੇ ਲਾਭਾਂ ਬਾਰੇ ਰਿਪੋਰਟ ਪੇਸ਼ ਕਰੇਗੀ। ਇਸ ਤੋਂ ਇਲਾਵਾ, ਕੰਪਨੀ ਦੀ ਕਿਸੇ ਵੀ ਤਰ੍ਹਾਂ ਦੀ ਢਿੱਲ ਦੇ ਨਤੀਜੇ ਵਜੋਂ ਪਾਵਰ ਮੰਤਰਾਲੇ ਤੋਂ ਉਪਲਬਧ ਗ੍ਰਾਂਟ ਦੇ ਨੁਕਸਾਨ ਨੂੰ ਟੈਰਿਫ ਨਿਰਧਾਰਤ ਕਰਦੇ ਸਮੇਂ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ (ਅਗਸਤ 2023) ਕਿ ਕੰਪਨੀ ਨੇ ਸਕੀਮ ਦੇ ਲਾਗੂ ਹੋਣ ਤੋਂ ਬਾਅਦ ਪ੍ਰਾਪਤ ਲਾਭਾਂ ਬਾਰੇ ਕੋਈ ਰਿਪੋਰਟ ਤਿਆਰ/ਕਮਿਸ਼ਨ ਨੂੰ ਪੇਸ਼ ਨਹੀਂ ਕੀਤੀ। ਅਜਿਹੀ ਰਿਪੋਰਟ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਇਹ ਮੁਲਾਂਕਣ ਨਹੀਂ ਕਰ ਸਕਿਆ ਕਿ ਸਕੀਮ ਨੇ ਕੰਪਨੀ ਨੂੰ ਕਿਸ ਹੱਦ ਤੱਕ ਲਾਭ ਪਹੁੰਚਾਇਆ। ਇਸ ਤੋਂ ਇਲਾਵਾ, ਗ੍ਰਾਂਟ ਨਾ ਮਿਲਣ ਦਾ ਤੱਥ ਵੀ ਕਮਿਸ਼ਨ ਦੇ ਧਿਆਨ ਵਿੱਚ ਨਹੀਂ ਲਿਆਂਦਾ ਗਿਆ ਸੀ।

ਕੰਪਨੀ/ਰਾਜ ਸਰਕਾਰ ਨੇ ਕਿਹਾ (ਮਈ 2024) ਕਿ ਸਕੀਮ ਦੇ ਲਾਭਾਂ ਬਾਰੇ ਇੱਕ ਸਾਂਝੀ ਰਿਪੋਰਟ ਕਮੀਸ਼ਨ ਨੂੰ ਸੌਂਪੀ ਜਾਵੇਗੀ। ਇਸ ਸਬੰਧ ਵਿੱਚ ਹੋਰ ਪ੍ਰਗਤੀ ਦੀ ਉਡੀਕ ਕੀਤੀ ਜਾਵੇਗੀ।

## 5.5 ਸਿੱਟਾ

**ਆਈ ਟੀ ਸਮਰੱਥਾ ਅਤੇ ਈ ਆਰ ਪੀ ਭਾਗਾਂ ਦੇ ਅਧੀਨ, ਅਨਿਯਮਿਤ/ਅਸਵੀਕਾਰਯੋਗ ਗ੍ਰਾਂਟਾਂ ਦੀਆਂ ਉਦਾਹਰਣਾਂ ਸਾਹਮਣੇ ਆਈਆਂ। ਸਕੀਮ ਅਧੀਨ ਉਪਲੱਬਧ 15 *ਪ੍ਰਤੀਸ਼ਤ* ਦੀ ਵਾਧੂ ਗ੍ਰਾਂਟ, ਪ੍ਰਵਾਨਿਤ ਸਕੀਮ ਵਿੱਚ ਨਿਰਧਾਰਤ ਟੀਚਾ ਪ੍ਰਾਪਤ ਨਾ ਹੋਣ ਕਾਰਨ ਪ੍ਰਾਪਤ ਨਹੀਂ ਹੋਈ। ਡੀ ਆਰ ਸੀ ਦੁਆਰਾ ਸਕੀਮ ਦੀ ਨਿਗਰਾਨੀ ਨਾਕਾਫੀ ਰਹੀ।**

## 5.6 ਸਿਫਾਰਸ਼ਾਂ

**ਕੰਪਨੀ ਇਹ ਕਰ ਸਕਦੀ ਹੈ:**

- **ਸਪਾਂਸਰਡ ਸਕੀਮਾਂ ਅਧੀਨ ਮਨਜ਼ੂਰ ਕੀਤੇ ਕਾਰਜਾਂ ਨੂੰ ਲਾਗੂ ਕਰਨ ਲਈ ਠੇਕੇ ਸਮੇਂ ਸਿਰ ਦੇਣਾ ਅਤੇ ਮੁਕੰਮਲ ਕਰਨ ਨੂੰ ਯਕੀਨੀ ਬਣਾਉਣਾ ਤਾਂ ਜੋ ਕਾਰਜਾਂ ਦੇ ਅਧੂਰੇ ਤੌਰ ਤੇ ਬੰਦ ਹੋਣ ਅਤੇ ਸਵੀਕਾਰਯੋਗ ਗ੍ਰਾਂਟਾਂ ਦੇ ਨੁਕਸਾਨ ਤੋਂ ਬਚਿਆ ਜਾ ਸਕੇ;**
- **ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਕੀਤੇ ਗਏ ਕਾਰਜਾਂ ਅਤੇ ਸਕੀਮ ਦੇ ਅਧੀਨ ਮਨਜ਼ੂਰ ਕੀਤੇ ਗਏ ਖਰਚੇ ਦੇ ਭਾਗਾਂ ਦੇ ਸਬੰਧ ਵਿੱਚ ਗ੍ਰਾਂਟਾਂ ਦਾ ਦਾਅਵਾ ਕਰਨ ਵਿੱਚ ਉਚਿਤ ਧਿਆਨ ਦੇਣਾ; ਅਤੇ**
- **ਸਪਾਂਸਰ ਸਕੀਮ ਅਧੀਨ ਨਿਰਧਾਰਤ ਸ਼ਰਤਾਂ/ਟੀਚਿਆਂ ਦੀ ਪਾਲਣਾ ਕਰਨ ਅਤੇ ਅਜਿਹੀ ਸਕੀਮ ਅਧੀਨ ਉਪਲਬਧ ਵੱਧ ਤੋਂ ਵੱਧ ਗ੍ਰਾਂਟ ਦਾ ਲਾਭ ਲੈਣ ਨੂੰ ਯਕੀਨੀ ਬਣਾਉਣਾ।**

# ਅਧਿਆਇ-VI

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

# ਅਧਿਆਇ-VI

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

ਇਸ ਅਧਿਆਇ ਵਿੱਚ ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਲੈਣ-ਦੇਣ ਦੀ ਨਮੂਨਾ ਜਾਂਚ ਤੋਂ ਉੱਭਰੀਆਂ ਮਹੱਤਵਪੂਰਨ ਲੇਖਾ ਪ੍ਰੀਖਿਆ ਲੱਭਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ₹ 158.03 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ ਅੱਠ ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ।

## ਪਾਵਰ ਵਿਭਾਗ

## ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ

## 6.1 ਮੀਟਰਿੰਗ ਆਪਰੇਸ਼ਨਜ਼

**ਨਵੇਂ ਕੁਨੈਕਸ਼ਨਾਂ ਦੀ ਮੀਟਰਿੰਗ/ਖਰਾਬ/ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ, ਜੋ ਕਿ ਵਿਧਾਨਿਕ ਵਿਵਸਥਾਵਾਂ ਦੀ ਉਲੰਘਣਾ ਸੀ, ਜਿਸ ਕਾਰਨ ₹ 1.03 ਕਰੋੜ ਦਾ ਮਾਲੀਆ ਘਾਟਾ ਹੋਇਆ। ਪੰਜਾਬ ਸਟੇਟ ਇਲੈਕਟੀਸ੍ਰਿਟੀ ਰੇਗੂਲੇਟਰੀ ਕਮਿਸ਼ਨ ਵੱਲੋਂ ਸ਼ਹਿਰੀ ਫੀਡਰਾਂ ਤੋਂ ਸੰਚਾਲਿਤ ਏ ਪੀ ਖਪਤਕਾਰਾਂ ਦੇ ਸਬੰਧ ਵਿੱਚ ₹ 64.37 ਕਰੋੜ ਦੀ ਉਰਜਾ ਖਪਤ ਨੂੰ ਮੀਟਰ ਰਹਿਤ ਕੁਨੈਕਸ਼ਨਾਂ/ਅਧੂਰੇ ਅਤੇ ਅਵੈਧ ਮੀਟਰ ਰੀਡਿੰਗਾਂ ਕਾਰਨ ਏ ਪੀ ਖਪਤ ਦੀ ਗਣਨਾ ਕਰਨ ਲਈ ਵਿਚਾਰਿਆ ਨਹੀਂ ਗਿਆ। ₹ 2.88 ਕਰੋੜ ਦੇ ਖਰਚੇ ਦੇ ਬਾਵਜੂਦ, ਕੰਪਨੀ ਏ ਪੀ ਫੀਡਰਾਂ ਦੇ ਵੰਡ ਘਾਟੇ ਦੀ ਗਣਨਾ ਕਰਨ ਵਿੱਚ ਅਸਮਰੱਥ ਸੀ। ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣ ਵਿੱਚ ਲੰਬੇ ਸਮੇਂ ਤੋਂ ਦੇਰੀ ਦੇ ਨਤੀਜੇ ਵਜੋਂ ₹ 13.75 ਕਰੋੜ ਦਾ ਬੇਲੋੜਾ ਖਰਚਾ ਹੋਇਆ। ਸਮਾਰਟ ਮੀਟਰਾਂ ਦੀ ਲਾਜ਼ਮੀ ਲੋੜ ਦੇ ਬਾਵਜੂਦ, ਕੰਪਨੀ ਨੇ ਰਵਾਇਤੀ ਮੀਟਰਾਂ ਦੀ ਖਰੀਦ 'ਤੇ ₹ 22.44 ਕਰੋੜ ਦਾ ਟਾਲਣਯੋਗ ਖਰਚਾ ਕੀਤਾ।**

### 6.1.1 ਭੂਮਿਕਾ

ਇਲੈਕਟੀਸ੍ਰਿਟੀ ਐਕਟ, 2003 ਦੀ ਧਾਰਾ 55 ਇਹ ਵਿਵਸਥਾ ਕਰਦੀ ਹੈ ਕਿ ਕੋਈ ਵੀ ਲਾਇਸੰਸਧਾਰਕ, ਨਿਯਮਾਂ ਦੇ ਅਨੁਸਾਰ ਸਹੀ ਮੀਟਰ ਲਗਾਉਣ ਤੋਂ ਬਿਨਾਂ, ਬਿਜਲੀ ਦੀ ਸਪਲਾਈ ਨਹੀਂ ਕਰੇਗਾ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ/ਡਿਸਕਾਮ) ਨੂੰ ਪੰਜਾਬ ਰਾਜ ਵਿੱਚ ਬਿਜਲੀ ਦੇ ਉਤਪਾਦਨ ਅਤੇ ਵੰਡ ਨਾਲ ਸਬੰਧਤ ਕਾਰਜਾਂ ਅਤੇ ਗਤੀਵਿਧੀਆਂ ਨੂੰ ਇਕੱਲੇ ਡਿਸਟ੍ਰੀਬਿਊਸ਼ਨ ਲਾਇਸੰਸਧਾਰਕ ਵਜੋਂ ਸੌਂਪਿਆਂ ਗਿਆ ਹੈ। ਅੰਤਮ ਖਪਤਕਾਰਾਂ ਤੱਕ ਪਹੁੰਚਾਈ ਗਈ ਬਿਜਲੀ ਨੂੰ ਬਿਜਲੀ ਵੰਡ ਨੈਟਵਰਕ ਵਿੱਚ ਪੰਪ ਕੀਤਾ ਜਾਂਦਾ ਹੈ ਅਤੇ ਇੱਕ ਨਿਰਧਾਰਤ ਸਮੇਂ ਦੀ ਮਿਆਦ ਵਿੱਚ ਉਰਜਾ ਮੀਟਰਾਂ ਰਾਹੀ ਮਾਪਿਆ ਅਤੇ ਬਿੱਲ ਕੀਤਾ ਜਾਂਦਾ ਹੈ। ਇਹ ਗਤੀਵਿਧੀ ਕੰਪਨੀ ਦੁਆਰਾ ਮੀਟਰਿੰਗ ਓਪਰੇਸ਼ਨਜ਼ ਦੌਰਾਨ ਕੀਤੀ ਜਾਂਦੀ ਹੈ।

### 6.1.2 ਲੇਖਾ ਪ੍ਰੀਖਿਆ ਲੱਭਤਾਂ

ਕੰਪਨੀ ਦੇ ਮੀਟਰਿੰਗ ਓਪਰੇਸ਼ਨਜ਼ ਦੀ ਕੁਸ਼ਲਤਾ ਦਾ ਮੁਲਾਂਕਣ ਕਰਨ ਲਈ ਇੱਕ ਲੇਖਾ ਪ੍ਰੀਖਿਆ ਕੀਤੀ ਗਈ ਸੀ ਅਤੇ ਲੱਭਤਾਂ ਬਾਰੇ ਹੇਠ ਲਿਖੇ ਅਨੁਸਾਰ ਚਰਚਾ ਕੀਤੀ ਗਈ ਹੈ:

### ਖਪਤਕਾਰਾਂ ਦੀ ਮੀਟਰਿੰਗ

#### *6.1.2.1 ਨਵੇਂ ਕੁਨੈਕਸ਼ਨਾਂ ਦੀ ਵਿਵਸਥਾ*

ਇਲੈਕਟੀ੍ਸਿਟੀ ਐਕਟ, 2003 ਵਿਵਸਥਾ ਕਰਦਾ ਹੈ ਕਿ ਡਿਸਕਾਮ ਨੂੰ ਅਰਜ਼ੀ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ ਬਿਜਲੀ ਦੀ ਸਪਲਾਈ ਕਰਨੀ ਚਾਹੀਦੀ ਹੈ। ਪੰਜਾਬ ਸਟੇਟ ਇਲੈਕਟੀ੍ਸਿਟੀ ਰੈਗੂਲੇਟਰੀ ਕਮਿਸ਼ਨ (ਇਲੈਕਟ੍ਰੀਸਿਟੀ ਸਪਲਾਈ ਕੋਡ ਐਂਡ ਰਿਲੇਟਡ ਮੈਟਰਜ਼) ਰੈਗੂਲੇਸ਼ਨਜ਼ 2014 (ਸਪਲਾਈ ਕੋਡ 2014) ਮੰਗ ਨੋਟਿਸ ਦੀ ਪਾਲਣਾ ਦੀ ਮਿਤੀ ਤੋਂ ਸੱਤ ਦਿਨਾ ਦੇ ਅੰਦਰ ਘਰੇਲੂ ਅਤੇ ਗੈਰ-ਰਿਹਾਇਸ਼ੀ ਸਪਲਾਈ (ਡੀ ਐਸ ਅਤੇ ਐਨ ਆਰ ਐਸ) ਖਪਤਕਾਰਾਂ ਨੂੰ ਬਿਜਲੀ ਦੀ ਸਪਲਾਈ ਕਰਨ ਦੀ ਵਿਵਸਥਾ ਕਰਦਾ ਹੈ, ਜਿਸ ਵਿੱਚ ਅਸਫਲ ਰਹਿਣ 'ਤੇ, ਡਿਸਕਾਮ ਪ੍ਰਭਾਵਿਤ ਖਪਤਕਾਰਾਂ ਨੂੰ ਡਿਫਾਲਟ ਦੇ ਹਰੇਕ ਦਿਨ ਲਈ ₹ 200 ਪ੍ਰਤੀ ਦਿਨ ਦਾ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਹੋਵੇਗਾ, ਜਿਸ ਦੀ ਵੱਧ ਤੋਂ ਵੱਧ ਮੁਆਵਜ਼ਾ ਸੀਮਾ ₹ 20,000 ਹੋਵੇਗੀ। ਸਪਲਾਈ ਕੋਡ 2014 ਵਿੱਚ ਡਿਸਕਾਮ ਨੂੰ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਨੂੰ ਨਿਰਧਾਰਤ ਮਾਪਦੰਡਾਂ ਦੇ ਹਵਾਲੇ ਨਾਲ ਪ੍ਰਾਪਤ ਕਾਰਗੁਜ਼ਾਰੀ ਦੇ ਪੱਧਰਾਂ ਬਾਰੇ ਸਾਲਾਨਾ ਜਾਣਕਾਰੀ ਦੇਣ ਦੀ ਵਿਵਸਥਾ ਹੈ। ਪੰਜਾਬ ਟ੍ਰਾਂਸਪੇਰੈਨਸੀ ਐਂਡ ਅਕਾਊਂਟੇਬਿਲੀਟੀ ਇਨ ਡਿਲੀਵਰੀ ਆਫ਼ ਪਬਲਿਕ ਸਰਵਿਸ ਐਕਟ, 2018, ਵਿੱਚ ਵੀ ਨਵੇਂ ਬਿਜਲੀ ਕੁਨੈਕਸ਼ਨ ਜਾਰੀ ਕਰਨ ਲਈ ਇਸੇ ਤਰ੍ਹਾਂ ਦੀ ਸਮਾਂ-ਸੀਮਾਵਾਂ ਦੀ ਵਿਵਸਥਾ ਕੀਤੀ ਗਈ ਹੈ।

2019-22 ਦੌਰਾਨ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ[78] ਵਿੱਚ 1.21 ਲੱਖ ਨਵੇਂ ਡੀ ਐਸ ਅਤੇ ਐਨ ਆਰ ਐਸ ਖਪਤਕਾਰਾਂ ਦੀ ਮੀਟਰਿੰਗ ਨਾਲ ਸਬੰਧਤ ਅੰਕੜਿਆਂ[79] ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਸਿਰਫ 26 *ਪ੍ਰਤੀਸ਼ਤ* ਨਵੇਂ ਕੁਨੈਕਸ਼ਨ (31,291 ਕੁਨੈਕਸ਼ਨ) ਨਿਰਧਾਰਤ ਸਮੇਂ ਦੇ ਅੰਦਰ ਜਾਰੀ ਕੀਤੇ ਗਏ ਸਨ, ਜਦੋਂ ਕਿ ਬਾਕੀ ਦੇ 74 *ਪ੍ਰਤੀਸ਼ਤ* ਕੁਨੈਕਸ਼ਨ ਜਾਰੀ ਕਰਨ ਵਿੱਚ ਇੱਕ ਸਾਲ ਤੋਂ ਵੱਧ ਦੀ ਦੇਰੀ ਹੋਈ ਸੀ ***(ਅੰਤਿਕਾ 6.1)***। ਸਰਕਲ-ਵਾਰ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਤਰਨ ਤਾਰਨ (97 *ਪ੍ਰਤੀਸ਼ਤ*) ਅਤੇ ਹੁਸ਼ਿਆਰਪੁਰ (91 *ਪ੍ਰਤੀਸ਼ਤ*) ਸਰਕਲਾਂ ਵਿੱਚ ਦੇਰੀ ਦਾ ਅਨੁਪਾਤ ਅਨੁਪਾਤਕ ਤੌਰ ਤੇ ਜ਼ਿਆਦਾ ਸੀ ***(ਅੰਤਿਕਾ 6.1)***।

ਇਸ ਤਰ੍ਹਾਂ, ਨਵੇਂ ਕੁਨੈਕਸ਼ਨਾਂ ਦੀ ਮੀਟਰਿੰਗ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਕੰਪਨੀ ਦੁਆਰਾ ਵਿਧਾਨਿਕ ਵਿਵਸਥਾਵਾਂ ਦੀ ਉਲੰਘਣਾ ਕਰਕੇ ਪਾਲਣਾ ਨਹੀਂ ਕੀਤੀ ਜਾ ਰਹੀ ਸੀ, ਜਿਸ ਦੇ ਨਤੀਜੇ ਵਜੋਂ ਦੇਰੀ ਦੀ ਮਿਆਦ ਲਈ ਮਾਲੀਏ ਦਾ ਨੁਕਸਾਨ ਹੋਇਆ। 2019-22 ਦੌਰਾਨ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ ਵਿੱਚ ਡੀ ਐਸ ਅਤੇ ਐਨ ਆਰ ਐਸ ਖਪਤਕਾਰਾਂ ਨੂੰ ਨਵੇਂ ਕੁਨੈਕਸ਼ਨ ਜਾਰੀ ਕਰਨ ਵਿੱਚ ਕੀਤੀ ਗਈ ਉਕਤ ਦੇਰੀ ਦੇ ਨਤੀਜੇ ਵਜੋਂ ਇੱਕਲੇ ਸਥਿਰ ਊਰਜਾ ਚਾਰਜਿਜ਼ ਕਾਰਨ ₹ 1.03 ਕਰੋੜ ਦਾ ਮਾਲੀਆ ਨੁਕਸਾਨ ਹੋਇਆ। ਇਸ ਤੋਂ ਇਲਾਵਾ ਉਕਤ ਦੇਰੀ ਕਾਰਨ ਕੰਪਨੀ ਪ੍ਰਭਾਵਿਤ ਖਪਤਕਾਰਾਂ ਨੂੰ ₹ 58.25 ਕਰੋੜ ਦੇ ਮੁਆਵਜ਼ੇ ਦਾ ਭੁਗਤਾਨ ਕਰਨ ਲਈ ਵੀ

[78] ਹੁਸ਼ਿਆਰਪੁਰ, ਲੁਧਿਆਣਾ ਪੱਛਮੀ, ਮੁਕਤਸਰ, ਸੰਗਰੂਰ ਅਤੇ ਤਰਨ ਤਾਰਨ

[79] ਕੰਪਨੀ ਦੁਆਰਾ ਪ੍ਰਦਾਨ ਕੀਤੀਆਂ ਐਸ ਏ ਪੀ ਸਬ-ਡਵੀਜ਼ਨਾਂ ਲਈ

ਦੇਣਦਾਰ ਹੈ, ਹਾਲਾਂਕਿ, ਸਬੰਧਤ ਦਾਅਵਿਆਂ ਦੀ ਅਣਹੋਂਦ ਕਾਰਨ ਇਸਦਾ ਭੁਗਤਾਨ ਨਹੀਂ ਕੀਤਾ ਗਿਆ ਸੀ, ਜੋ ਕਿ ਖਪਤਕਾਰਾਂ ਦੀ ਜਾਗਰੂਕਤਾ ਦੀ ਘਾਟ ਨੂੰ ਦਰਸਾਉਂਦਾ ਹੈ।

ਜ਼ਿਕਰਯੋਗ ਹੈ ਕਿ ਕੁਨੈਕਸ਼ਨ ਜਾਰੀ ਕਰਨ ਵਿੱਚ ਵੱਡੇ ਪੱਧਰ 'ਤੇ ਦੇਰੀ ਦੇ ਬਾਵਜੂਦ, ਕੰਪਨੀ ਸਾਲ 2019-20 ਅਤੇ 2020-21 ਲਈ ਕਮਿਸ਼ਨ ਨੂੰ ਪੇਸ਼ ਕੀਤੀ ਗਈ ਕਾਰਗੁਜ਼ਾਰੀ ਦੇ ਮਾਪਦੰਡਾਂ ਬਾਰੇ ਸਾਲਾਨਾ ਰਿਪੋਰਟਾਂ ਵਿੱਚ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਜਾਰੀ ਕੀਤੇ ਕੁਨੈਕਸ਼ਨ 99 *ਪ੍ਰਤੀਸ਼ਤ* ਦਿਖਾ ਰਹੀ ਸੀ। ਇਸ ਤਰ੍ਹਾਂ ਕੰਪਨੀ ਨਾ ਸਿਰਫ ਲਾਗੂ ਨਿਯਮਾਂ ਦੀ ਉਲੰਘਣਾ ਕਰ ਰਹੀ ਸੀ, ਸਗੋਂ ਕਮਿਸ਼ਨ ਨੂੰ ਅਸੰਗਤ ਅੰਕੜੇ ਵੀ ਪੇਸ਼ ਕਰ ਰਹੀ ਸੀ।

### *6.1.2.2 ਖਰਾਬ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣਾ*

ਸਪਲਾਈ ਕੋਡ 2014 ਦੇ ਨਿਯਮ 21.4, 22, 26 ਵਿੱਚ ਸ਼ਿਕਾਇਤ ਪ੍ਰਾਪਤ ਹੋਣ ਜਾਂ ਡਿਸਟ੍ਰੀਬਿਊਸ਼ਨ ਲਾਇਸੰਸਧਾਰਕ ਦੁਆਰਾ ਇਸ ਦਾ ਪਤਾ ਲਗਾਉਣ ਦੇ ਕ੍ਰਮਵਾਰ ਦਸ ਅਤੇ ਪੰਜ ਕਾਰਜਕਾਰੀ ਦਿਨਾਂ ਦੇ ਅੰਦਰ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਦੀ ਵਿਵਸਥਾ ਹੈ, ਜਿਸ ਵਿੱਚ ਅਸਫਲ ਰਹਿਣ 'ਤੇ, ਡਿਸਕਾਮ ਪ੍ਰਭਾਵਿਤ ਖਪਤਕਾਰਾਂ ਨੂੰ ਦੇਰੀ ਲਈ ਕ੍ਰਮਵਾਰ ₹ 200 ਅਤੇ ₹ 300 ਪ੍ਰਤੀ ਦਿਨ ਦਾ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਹੈ, ਜੋ ਕਿ ਪ੍ਰਤੀ ਖਪਤਕਾਰ ₹ 10,000 ਦੀ ਵੱਧ ਤੋਂ ਵੱਧ ਮੁਆਵਜ਼ਾ ਸੀਮਾ ਦੇ ਅਧੀਨ ਹੈ। ਸਪਲਾਈ ਕੋਡ 2014 ਡਿਸਕਾਮ ਨੂੰ ਨਿਰਧਾਰਤ ਮਾਪਦੰਡਾਂ ਦੇ ਹਵਾਲੇ ਨਾਲ ਪ੍ਰਾਪਤ ਕਾਰਗੁਜ਼ਾਰੀ ਦੇ ਪੱਧਰਾਂ ਬਾਰੇ ਕਮਿਸ਼ਨ ਨੂੰ ਛਿਮਾਹੀ ਅਤੇ ਸਾਲਾਨਾ ਜਾਣਕਾਰੀ ਪ੍ਰਦਾਨ ਕਰਨ ਦੀ ਵਿਵਸਥਾ ਵੀ ਕਰਦਾ ਹੈ।

2019-22 ਦੌਰਾਨ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ ਵਿੱਚ 1.49 ਲੱਖ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਨਾਲ ਸਬੰਧਤ ਅੰਕੜਿਆਂ[80] ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਨਿਰਧਾਰਤ ਸਮੇਂ-ਸੀਮਾ[81] ਵਿੱਚ ਸਿਰਫ 38 *ਪ੍ਰਤੀਸ਼ਤ* ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰ ਬਦਲੇ ਗਏ ਸਨ। ਬਾਕੀ ਬਚੇ 62 *ਪ੍ਰਤੀਸ਼ਤ* ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਵਿੱਚ ਦੇਰੀ ਦੋ ਸਾਲ ਤੋਂ ਵੱਧ ਸੀ ***(ਅੰਤਿਕਾ 6.2)***। ਅੰਕੜਿਆਂ ਦੇ ਸਰਕਲ-ਵਾਰ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਤਰਨ ਤਾਰਨ (80 *ਪ੍ਰਤੀਸ਼ਤ*) ਅਤੇ ਮੁਕਤਸਰ (71 *ਪ੍ਰਤੀਸ਼ਤ*) ਸਰਕਲਾਂ ਵਿੱਚ ਦੇਰੀ ਨਾਲ ਬਦਲਣ ਦਾ ਅਨੁਪਾਤ ਅਨੁਪਾਤਕ ਤੌਰ 'ਤੇ ਜ਼ਿਆਦਾ ਹੈ (***ਅੰਤਿਕਾ 6.2)***। 31 ਮਾਰਚ 2022 ਤੱਕ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ ਵਿੱਚ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਦੇ ਲੰਬਿਤ ਪਏ ਅੰਕੜਿਆਂ[82] ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 95 *ਪ੍ਰਤੀਸ਼ਤ* ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰ ਕ੍ਰਮਵਾਰ ਪੰਦਰਾਂ ਅਤੇ ਦਸ ਦਿਨਾਂ ਤੋਂ ਵੱਧ ਸਮੇਂ ਤੋਂ ਬਦਲਣ ਲਈ ਲੰਬਿਤ ਸਨ। 2019-22 ਦੌਰਾਨ ਪੰਜ ਡਿਸਟ੍ਰੀਬਿਊਸ਼ਨ ਸਰਕਲਾਂ ਵਿੱਚ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਵਿੱਚ ਉਕਤ ਦੇਰੀ ਕਾਰਨ ਕੰਪਨੀ ਪ੍ਰਭਾਵਿਤ ਖਪਤਕਾਰਾਂ ਨੂੰ ₹ 70.41 ਕਰੋੜ ਦਾ ਮੁਆਵਜ਼ਾ ਅਦਾ ਕਰਨ ਲਈ ਦੇਣਦਾਰ ਹੈ, ਹਾਲਾਂਕਿ, ਸਬੰਧਤ ਦਾਅਵਿਆਂ ਦੀ ਅਣਹੋਂਦ ਕਾਰਨ ਇਸ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ, ਜੋ ਕਿ ਖਪਤਕਾਰਾਂ ਦੀ ਜਾਗਰੂਕਤਾ ਦੀ ਘਾਟ ਨੂੰ ਦਰਸਾਉਂਦਾ ਹੈ।

---

80 ਕੰਪਨੀ ਦੁਆਰਾ ਪ੍ਰਦਾਨ ਕੀਤੀਆਂ ਐਸ ਏ ਪੀ ਸਬ-ਡਵੀਜ਼ਨਾਂ ਲਈ।

81 ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਕ੍ਰਮਵਾਰ ਦਸ ਅਤੇ ਪੰਜ ਕੰਮਕਾਜੀ ਦਿਨਾਂ ਦੀ ਨਿਰਧਾਰਤ ਸਮਾਂ ਸੀਮਾਂ ਤੋਂ ਪੰਜ ਦਿਨਾਂ ਦਾ ਮਾਰਜਨ ਪ੍ਰਦਾਨ ਕਰਨ ਤੋਂ ਬਾਅਦ ਤਾਂ ਜੋ ਵਿਚਕਾਰਲੀਆਂ ਛੁੱਟੀਆਂ ਦੀ ਭਰਪਾਈ ਕੀਤੀ ਜਾ ਸਕੇ।

82 ਚੁਣੇ ਹੋਏ ਪੰਜ ਸਰਕਲਾਂ ਲਈ ਕੰਪਨੀ ਦੁਆਰਾ ਪ੍ਰਦਾਨ ਕੀਤਾ ਗਿਆ ਡਾਟਾ

ਜ਼ਿਕਰਯੋਗ ਹੈ ਕਿ ਵੱਡੀ ਗਿਣਤੀ ਵਿੱਚ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਵਿੱਚ ਬੇਲੋੜੀ ਦੇਰੀ ਦੇ ਬਾਵਜੂਦ, ਕੰਪਨੀ ਸਾਲ 2019-20 ਅਤੇ 2020-21 ਲਈ ਕਮਿਸ਼ਨ ਨੂੰ ਸੌਂਪੀਆਂ ਗਈਆਂ ਸਾਲਾਨਾ ਰਿਪੋਰਟਾਂ ਵਿੱਚ ਅਜਿਹੇ ਮੀਟਰਾਂ ਵਿੱਚੋਂ ਕ੍ਰਮਵਾਰ 96.69 *ਪ੍ਰਤੀਸ਼ਤ* ਅਤੇ 98.47 *ਪ੍ਰਤੀਸ਼ਤ* ਮੀਟਰਾਂ ਨੂੰ ਸਮੇਂ ਸਿਰ ਬਦਲੇ ਦਿਖਾ ਰਹੀ ਸੀ।

ਇਸ ਤਰ੍ਹਾਂ, ਕੰਪਨੀ ਨੇ ਨਾ ਸਿਰਫ ਖਰਾਬ/ਡੈੱਡ ਸਟਾਪ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਨਿਰਧਾਰਤ ਸਮਾਂ ਸੀਮਾ ਦੀ ਉਲੰਘਣਾ ਕੀਤੀ, ਬਲਕਿ ਕਮਿਸ਼ਨ ਨੂੰ ਯਥਾਰਥਵਾਦੀ ਤਸਵੀਰ ਵੀ ਪੇਸ਼ ਨਹੀਂ ਕੀਤੀ ਗਈ।

### *6.1.2.3 ਖੇਤੀਬਾੜੀ ਪੰਪਸੈੱਟ ਖਪਤਕਾਰਾਂ ਦੀ ਮੀਟਰਿੰਗ*

ਇਲੈਕਟ੍ਰੀਸਿਟੀ ਐਕਟ, 2003 ਦੀ ਧਾਰਾ 55(1) ਇਹ ਵਿਵਸਥਾ ਕਰਦੀ ਹੈ ਕਿ ਕੋਈ ਵੀ ਡਿਸਕਾਮ ਸਹੀ ਮੀਟਰ ਲਗਾਏ ਬਿਨਾਂ ਬਿਜਲੀ ਦੀ ਸਪਲਾਈ ਨਹੀਂ ਕਰੇਗਾ। ਇਸ ਅਨੁਸਾਰ, ਕਮਿਸ਼ਨ (2007 ਤੋਂ) ਕੰਪਨੀ ਨੂੰ ਇੱਕ ਸਮਾਂਬੱਧ ਰੋਡਮੈਪ ਤਿਆਰ ਕਰਨ ਅਤੇ ਐਕਟ ਦੇ ਆਦੇਸ਼ ਅਨੁਸਾਰ ਖੇਤੀਬਾੜੀ ਪੰਪਸੈਟ (ਏ ਪੀ) ਖਪਤਕਾਰਾਂ ਦੀ 100 *ਪ੍ਰਤੀਸ਼ਤ* ਮੀਟਰਿੰਗ ਪ੍ਰਾਪਤ ਕਰਨ ਲਈ ਇੱਕ ਯੋਜਨਾ ਪੇਸ਼ ਕਰਨ ਲਈ ਨਿਰਦੇਸ਼ ਦੇ ਰਿਹਾ ਹੈ, ਜਿਸ ਦੇ ਵਿਰੁੱਧ ਕੰਪਨੀ ਨੇ ਕੋਈ ਪ੍ਰਗਤੀ ਨਹੀਂ ਕੀਤੀ ਹੈ।

ਏ ਪੀ ਖਪਤਕਾਰਾਂ ਦੁਆਰਾ ਬਿਜਲੀ ਦੀ ਖਪਤ ਨੂੰ ਰਾਜ ਸਰਕਾਰ ਦੁਆਰਾ ਪੂਰੀ ਤਰ੍ਹਾਂ ਸਬਸਿਡੀ ਦਿੱਤੀ ਜਾਂਦੀ ਹੈ ਅਤੇ 100 *ਪ੍ਰਤੀਸ਼ਤ* ਮੀਟਰਿੰਗ ਦੀ ਅਣਹੋਂਦ ਵਿੱਚ, ਕਮਿਸ਼ਨ ਦੁਆਰਾ ਪੰਪ ਊਰਜਾ ਅੰਕੜਿਆਂ ਦੇ ਅਧਾਰ 'ਤੇ ਏ ਪੀ ਦੀ ਖਪਤ ਦਾ ਅਨੁਮਾਨ ਲਗਾਇਆ ਜਾਂਦਾ ਹੈ।

ਇਸ ਸਬੰਧ ਵਿੱਚ ਲੇਖਾ ਪ੍ਰੀਖਿਆ ਨੇ ਹੇਠ ਅਨੁਸਾਰ ਵੇਖਿਆ:

#### *(i) ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਏ ਪੀ ਖਪਤਕਾਰਾਂ ਦੀ ਗੈਰ-ਮੀਟਰਿੰਗ*

ਕਮਿਸ਼ਨ 2013-14 ਤੋਂ ਕੰਪਨੀ ਨੂੰ ਵਿਸ਼ੇਸ਼ ਤੌਰ 'ਤੇ ਨਿਰਦੇਸ਼ ਦੇ ਰਿਹਾ ਹੈ ਕਿ ਉਹ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਏ ਪੀ ਕੁਨੈਕਸ਼ਨਾਂ ਦੀ ਮੀਟਰਿੰਗ ਦੇ ਪਹਿਲਾਂ ਤੋਂ ਹੀ ਸਥਾਈ ਨਿਰਦੇਸ਼ ਦੀ ਪਾਲਣਾ ਨੂੰ ਯਕੀਨੀ ਬਣਾਏ, ਤਾਂ ਜੋ ਅਜਿਹੇ ਕੁਨੈਕਸ਼ਨਾਂ ਦੀ ਊਰਜਾ ਖਪਤ ਨੂੰ ਨਿਯਮਿਤ ਤੌਰ 'ਤੇ ਮੀਟਰ ਕੀਤੇ ਏ ਪੀ ਵਿਕਰੀ ਵਿੱਚ ਗਿਣਿਆ ਜਾ ਸਕੇ। ਪਾਲਣਾ ਨੂੰ ਯਕੀਨੀ ਬਣਾਉਣ ਵਿੱਚ ਕੰਪਨੀ ਦੀ ਕੋਤਾਹੀ ਦੇ ਕਾਰਨ, ਕਮਿਸ਼ਨ ਨੇ ਸਾਲ 2017-18 ਲਈ ਟੈਰਿਫ ਆਰਡਰ ਨੂੰ ਅੰਤਿਮ ਰੂਪ ਦਿੰਦੇ ਹੋਏ ਫੈਸਲਾ ਕੀਤਾ ਸੀ ਕਿ ਏ ਪੀ ਖਪਤ ਦੀ ਗਣਨਾ ਕਰਨ ਲਈ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਅਣਮੀਟਰਡ ਏ ਪੀ ਲੋਡ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਏ ਪੀ ਖਪਤਕਾਰਾਂ ਵਿੱਚੋਂ 14 *ਪ੍ਰਤੀਸ਼ਤ* (8,956 ਵਿਚੋਂ 1,291) ਦੇ ਮੀਟਰ ਲਗਾਉਣੇ ਅਜੇ ਤੱਕ ਬਾਕੀ ਸਨ (ਸਤੰਬਰ 2022)। ਨਤੀਜੇ ਵਜੋਂ, ਏ ਪੀ ਖਪਤ ਦੀ ਗਣਨਾ ਕਰਨ ਲਈ ਉਨ੍ਹਾਂ ਦੀ ਊਰਜਾ ਦੀ ਖਪਤ 'ਤੇ ਵਿਚਾਰ ਨਹੀਂ ਕੀਤਾ ਜਾ ਰਿਹਾ ਸੀ। ਸਾਲ 2019-20 ਤੋਂ 2021-22 ਲਈ ਟੈਰਿਫ ਨਿਰਧਾਰਤ ਕਰਨ ਲਈ ਕਮਿਸ਼ਨ ਦੁਆਰਾ ਪ੍ਰਵਾਨਿਤ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਮੀਟਰ ਵਾਲੇ ਏ ਪੀ ਖਪਤ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ:

- ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਅਣਮੀਟਰਡ ਏ ਪੀ ਖਪਤਕਾਰਾਂ ਦੀ ਊਰਜਾ ਖਪਤ ਨੂੰ ਏ ਪੀ ਖਪਤ ਦੀ ਗਣਨਾ ਕਰਨ ਲਈ ਵਿਚਾਰਿਆ ਨਹੀਂ ਜਾ ਰਿਹਾ ਸੀ, ਨਤੀਜੇ ਵਜੋਂ, ₹ 11.44 ਕਰੋੜ ਦੀ ਕੀਮਤ ਦੀਆਂ 209.53 ਲੱਖ ਯੂਨਿਟਾਂ ਨੂੰ ਮੀਟਰ ਨਾ ਲਗਾਉਣ ਕਾਰਨ 2019-22 ਲਈ ਏ ਪੀ ਖਪਤ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਿਆ, ਜਿਸ ਨਾਲ ਮਾਲੀਏ ਦਾ ਨੁਕਸਾਨ ਹੋਇਆ।

- ਕੰਪਨੀ ਆਪਣੇ ਦਾਅਵਿਆਂ ਦੇ ਸਮਰਥਨ ਵਿੱਚ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਮੀਟਰਾਂ ਵਾਲੇ ਏ ਪੀ ਖਪਤਕਾਰਾਂ ਲਈ ਵੀ ਪੂਰੀ, ਸਹੀ ਅਤੇ ਵੈਧ ਮੀਟਰ ਰੀਡਿੰਗ ਪ੍ਰਦਾਨ ਨਹੀਂ ਕਰ ਸਕੀ। ਕੰਪਨੀ 2019-22 ਦੌਰਾਨ ਸਿਰਫ 60 *ਪ੍ਰਤੀਸ਼ਤ* ਤੋਂ 73 *ਪ੍ਰਤੀਸ਼ਤ* ਵੈਧ ਮੀਟਰ ਰੀਡਿੰਗ ਪ੍ਰਦਾਨ ਕਰ ਸਕੀ। ਨਤੀਜੇ ਵਜੋਂ, ਕਮਿਸ਼ਨ ਨੇ 2019-22 ਲਈ ₹ 52.93 ਕਰੋੜ ਦੀ ਕੀਮਤ ਦੀਆਂ 986.30 ਲੱਖ ਯੂਨਿਟਾਂ ਦੀ ਮੀਟਰਡ ਏ ਪੀ ਖਪਤ ਨੂੰ ਸਾਂਭ ਸੰਭਾਲ ਨਾ ਕਰਨ ਅਤੇ ਅਧੂਰੇ, ਗਲਤ ਅਤੇ ਅਵੈਧ ਮੀਟਰ ਰੀਡਿੰਗਾਂ ਜਮ੍ਹਾਂ ਕਰਨ ਕਾਰਨ ਰੱਦ ਕਰ ਦਿੱਤਾ।

ਇਸ ਤਰ੍ਹਾਂ ਕਮਿਸ਼ਨ ਵੱਲੋਂ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਏ ਪੀ ਖਪਤਕਾਰਾਂ ਦੇ ਸਬੰਧ ਵਿੱਚ ਊਰਜਾ ਦੀ ਖਪਤ ਨੂੰ ਰੱਦ ਕਰਨ ਨਾਲ ₹ 64.37 ਕਰੋੜ ਦਾ ਨੁਕਸਾਨ ਹੋਇਆ।

### *(ii) ਵੰਡ ਘਾਟਿਆਂ ਦੇ ਮੁਲਾਂਕਣ ਲਈ ਮੀਟਰਿੰਗ ਤੇ ਵਿਅਰਥ ਖਰਚ*

ਏ ਪੀ ਫੀਡਰਾਂ ਦੇ ਵੰਡ ਘਾਟੇ ਦਾ ਸਹੀ ਮੁਲਾਂਕਣ ਕਰਨ ਲਈ, ਕਮਿਸ਼ਨ ਨੇ ਕੰਪਨੀ ਨੂੰ ਨਿਰਦੇਸ਼ ਦਿੱਤਾ (ਮਈ 2015) ਕਿ ਦਸੰਬਰ 2015 ਤੱਕ ਘੱਟੋ-ਘੱਟ ਪੰਜ *ਪ੍ਰਤੀਸ਼ਤ* ਏ ਪੀ ਫੀਡਰਾਂ ਨੂੰ 100 *ਪ੍ਰਤੀਸ਼ਤ* ਮੀਟਰਿੰਗ ਅਧੀਨ ਕਵਰ ਕਰਨ ਅਤੇ ਇਨ੍ਹਾਂ ਫੀਡਰਾਂ ਦੇ ਘਾਟੇ ਦੀ ਨਿਯਮਤ ਅਧਾਰ 'ਤੇ ਗਣਨਾ ਕਰਨ ਲਈ ਪੰਪ ਅਤੇ ਬਿੱਲ ਕੀਤੀ ਊਰਜਾ ਦੇ ਅੰਕੜੇ ਇਕੱਤਰ ਕਰਨ ਲਈ ਇੱਕ ਸੁਤੰਤਰ ਏਜੰਸੀ ਨਿਯੁਕਤ ਕੀਤੀ ਜਾਵੇ। ਇਸ ਤੋਂ ਬਾਅਦ, ਕਮਿਸ਼ਨ ਨਾਲ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ (ਅਕਤੂਬਰ 2016) ਕਿ ਉਸ ਸਾਲ ਦੇ ਅੰਦਰ ਵੰਡ ਘਾਟੇ ਦਾ ਮੁਲਾਂਕਣ ਕਰਨ ਲਈ ਇੱਕ *ਪ੍ਰਤੀਸ਼ਤ* ਸ਼ੁੱਧ ਏ ਪੀ ਫੀਡਰਾਂ 'ਤੇ 100 *ਪ੍ਰਤੀਸ਼ਤ* ਮੀਟਰ ਲਗਾਏ ਜਾਣਗੇ। ਕਮਿਸ਼ਨ ਨੇ ਉਪਰੋਕਤ ਉਦੇਸ਼ ਲਈ ਵੱਖ-ਵੱਖ ਜ਼ੋਨਾਂ ਵਿੱਚ 55 ਏ ਪੀ ਫੀਡਰਾਂ (ਕੁੱਲ 5,671 ਏ ਪੀ ਫੀਡਰਾਂ ਵਿੱਚੋਂ) ਦਾ ਸੁਝਾਅ ਵੀ ਦਿੱਤਾ ਸੀ।

ਹਾਲਾਂਕਿ, ਕੰਪਨੀ ਨੇ ₹ 4.37 ਕਰੋੜ[83] ਦੇ ਅਨੁਮਾਨਿਤ ਖਰਚੇ ਦੇ ਨਾਲ 82 ਏ ਪੀ ਫੀਡਰਾਂ 'ਤੇ 100 *ਪ੍ਰਤੀਸ਼ਤ* ਮੀਟਰਿੰਗ ਪ੍ਰਦਾਨ ਕਰਨ ਦਾ ਫੈਸਲਾ ਕੀਤਾ (ਅਪ੍ਰੈਲ 2017) ਅਤੇ 76 ਏ ਪੀ ਫੀਡਰਾਂ (14,892 ਕੁਨੈਕਸ਼ਨਾਂ) (₹ 2.88 ਕਰੋੜ ਦੇ ਖਰਚੇ ਸਮੇਤ) ਦਾ ਕੰਮ ਪੂਰਾ ਕੀਤਾ (ਜਨਵਰੀ 2018)। ਕਿਉਂਕਿ, ਇੱਕ *ਪ੍ਰਤੀਸ਼ਤ* ਤੋਂ ਵੱਧ ਸ਼ੁੱਧ ਏ ਪੀ ਫੀਡਰਾਂ 'ਤੇ 100 *ਪ੍ਰਤੀਸ਼ਤ* ਮੀਟਰਿੰਗ ਪੂਰੀ ਹੋ ਚੁੱਕੀ ਸੀ, ਇਸ ਲਈ ਕੰਪਨੀ ਨੇ ਤਿਮਾਹੀ ਅਧਾਰ 'ਤੇ ਵੰਡ ਘਾਟੇ ਦੀ ਗਣਨਾ ਕਰਨ ਲਈ ਮੀਟਰ ਰੀਡਿੰਗ ਲਈ ਇਕ ਸੁਤੰਤਰ ਏਜੰਸੀ ਨੂੰ ਨਿਯੁਕਤ ਕਰਨ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਕਰਨ ਦਾ ਫੈਸਲਾ ਕੀਤਾ (ਜੂਨ 2018)।

83 22,575 ਏ ਪੀ ਖਪਤਕਾਰਾਂ ਨੂੰ ₹ 1,933.60 (ਹਰ ਇੱਕ ਮੀਟਰ, ਮੀਟਰ ਕੱਪ ਬੋਰਡ, ਤਾਰਾਂ ਅਤੇ ਉਪਕਰਣਾਂ ਆਦਿ ਦੀ ਲਾਗਤ) ਦੀ ਦਰ ਨਾਲ ਮੀਟਰ ਕਿਤਾ ਜਾਵੇਗਾ

60 ਏ ਪੀ ਫੀਡਰਾਂ ਦੇ 11,143 ਏ ਪੀ ਖਪਤਕਾਰਾਂ ਦੀ ਮੀਟਰ ਰੀਡਿੰਗ ਲੈਣ ਲਈ ਇੱਕ ਸੁਤੰਤਰ ਏਜੰਸੀ ਨੂੰ ਨਿਯੁਕਤ ਕਰਨ ਲਈ ਟੈਂਡਰ ਪ੍ਰਕਿਰਿਆ ਲਗਭਗ ਇੱਕ ਸਾਲ ਦੀ ਮਿਆਦ ਤੋਂ ਬਾਅਦ ਸ਼ੁਰੂ ਹੋਈ (ਮਈ 2019) ਕਿਉਂਕਿ ਫੀਡਰਾਂ ਦੇ ਨਾਮ ਅਤੇ ਕੁਨੈਕਸ਼ਨਾਂ ਦੀ ਗਿਣਤੀ *ਆਦਿ* ਬਾਰੇ ਤਕਨੀਕੀ ਅੰਕੜੇ ਉਪਲਬਧ ਨਹੀਂ ਸਨ। ਟੈਂਡਰ ਨੂੰ ਬੋਲੀਦਾਤਾਵਾਂ ਦੇ ਮਾੜੇ ਹੁੰਗਾਰੇ ਅਤੇ ਇਕਲੌਤੇ ਬੋਲੀਦਾਤਾ ਦੁਆਰਾ ਦੱਸੀਆਂ ਉੱਚੀਆਂ ਦਰਾਂ ਕਾਰਨ ਰੱਦ ਕਿਤਾ ਗਿਆ (ਸਤੰਬਰ 2019)। ਸੰਸ਼ੋਧਿਤ ਧਾਰਾਵਾਂ ਦੇ ਨਾਲ ਇੱਕ ਨਵੇਂ ਟੈਂਡਰ (ਨਵੰਬਰ 2019) ਨੂੰ ਬੋਲੀਦਾਤਾਵਾਂ ਦੇ ਮਾੜੇ ਹੁੰਗਾਰੇ ਕਾਰਨ ਦੁਬਾਰਾ ਰੱਦ ਕਰਨਾ ਪਿਆ (ਜੂਨ 2020) ਅਤੇ ਇਹ ਫੈਸਲਾ ਕੀਤਾ ਗਿਆ (ਜੁਲਾਈ 2020) ਕਿ ਉਪਰੋਕਤ ਕੰਮ ਨੂੰ ਡੀ ਐਸ/ਐਨ ਆਰ ਐਸ ਖਪਤਕਾਰਾਂ ਦੀ ਸਪਾਟ ਬਿਲਿੰਗ ਨਾਲ ਜੋੜਿਆ ਜਾਵੇ। ਆਖਰਕਾਰ 60 ਏ ਪੀ ਫੀਡਰਾਂ ਦੇ 11,143 ਏ ਪੀ ਖਪਤਕਾਰਾਂ ਦੀ ਮੀਟਰ ਰੀਡਿੰਗ ਲੈਣ ਲਈ ਦੋ ਫਰਮਾਂ ਨੂੰ ਨਿਯੁਕਤ ਕੀਤਾ (ਮਾਰਚ 2022) ਗਿਆ। ਹਾਲਾਂਕਿ, ਕੰਪਨੀ ਦੁਆਰਾ ਏ ਪੀ ਫੀਡਰਾਂ ਅਤੇ ਏ ਪੀ ਖਪਤਕਾਰਾਂ ਦਾ ਪੂਰਾ ਮਾਸਟਰ ਡਾਟਾ ਪ੍ਰਦਾਨ ਨਾ ਕੀਤੇ ਜਾਣ ਕਾਰਨ, ਫਰਮਾਂ ਦੁਆਰਾ ਮੀਟਰ ਰੀਡਿੰਗ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ (ਅਕਤੂਬਰ 2022) ਅਤੇ ਇਹ ਫੈਸਲਾ ਕੀਤਾ ਗਿਆ (ਅਕਤੂਬਰ 2022) ਕਿ ਸਿਰਫ ਪੰਜ ਫੀਡਰਾਂ ਲਈ ਡਾਟਾ ਇਕੱਠਾ ਕੀਤਾ ਜਾਵੇਗਾ।

ਕਮਿਸ਼ਨ ਨੇ ਕੰਪਨੀ ਨੂੰ ਇਹ ਵੀ ਨਿਰਦੇਸ਼ ਦਿੱਤਾ ਸੀ (ਮਈ 2019) ਕਿ ਇੱਕ ਸੁਤੰਤਰ ਏਜੰਸੀ ਦੀ ਨਿਯੁਕਤੀ ਹੋਣ ਤੱਕ ਵਿਭਾਗੀ ਪੱਧਰ 'ਤੇ 100 *ਪ੍ਰਤੀਸ਼ਤ* ਮੀਟਰਿੰਗ ਅਧੀਨ ਆਉਣ ਵਾਲੇ ਏ ਪੀ ਫੀਡਰਾਂ 'ਤੇ ਏ ਪੀ ਖਪਤਕਾਰਾਂ ਦੀ ਮਹੀਨਾਵਾਰ ਰੀਡਿੰਗ ਰਿਕਾਰਡ ਕਰੇ ਅਤੇ ਇਸ ਵਿੱਚ ਘਾਟੇ ਦੀ ਗਣਨਾ ਪ੍ਰਦਾਨ ਕਰੇ। ਇਸ ਨਿਰਦੇਸ਼ ਨੂੰ ਬਾਅਦ ਦੇ ਟੈਰਿਫ ਆਰਡਰਾਂ ਵਿੱਚ ਨਿਯਮਤ ਤੌਰ 'ਤੇ ਦੁਹਰਾਇਆ ਗਿਆ, ਪਰ ਕੰਪਨੀ 76 ਫੀਡਰਾਂ ਵਿੱਚ 100 *ਪ੍ਰਤੀਸ਼ਤ* ਮੀਟਰ ਲਗਾਉਣ (ਜਨਵਰੀ 2018) ਦੇ ਚਾਰ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਵੀ ਵੰਡ ਘਾਟੇ ਦੀ ਵਿਭਾਗੀ ਗਣਨਾ ਮੁਹਇਆ ਨਹੀ ਕਰਵਾਈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ, ਕਮਿਸ਼ਨ ਦੀਆਂ ਨਿਯਮਤ ਹਦਾਇਤਾਂ ਦੇ ਸੱਤ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਅਤੇ ₹ 2.88 ਕਰੋੜ ਦੇ ਖਰਚੇ ਦੇ ਬਾਵਜੂਦ, ਏ ਪੀ ਫੀਡਰਾਂ ਦੇ ਵੰਡ ਘਾਟੇ ਦੀ ਗਣਨਾ ਨਹੀਂ ਕਰ ਸਕੀ।

### *(iii) ਏ ਪੀ ਫੀਡਰਾਂ ਦੀ ਆਟੋਮੈਟਿਕ ਮੀਟਰ ਰੀਡਿੰਗ (ਏ ਐਮ ਆਰ) ਨੂੰ ਪੂਰਾ ਨਾ ਕਰਨਾ*

ਏ ਪੀ ਫੀਡਰਾਂ ਦੇ ਪੰਪ ਕੀਤੇ ਊਰਜਾ ਅੰਕੜਿਆਂ ਨੂੰ ਰਿਕਾਰਡ ਕਰਨ ਦੌਰਾਨ ਮਨੁੱਖੀ ਦਖਲਅੰਦਾਜ਼ੀ ਕਾਰਨ ਹੋਣ ਵਾਲੀ ਗਲਤੀ ਨੂੰ ਘੱਟ ਕਰਨ ਲਈ, ਕਮਿਸ਼ਨ 2013-14 ਤੋਂ ਕੰਪਨੀ ਨੂੰ ਨਿਯਮਤ ਤੌਰ 'ਤੇ ਨਿਰਦੇਸ਼ ਦਿੰਦਾ ਰਿਹਾ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਏ ਪੀ ਫੀਡਰਾਂ 'ਤੇ ਏ ਐਮ ਆਰ ਮੀਟਰ ਲਗਾਏ ਜਾਣ ਅਤੇ ਸਾਰੇ ਏ ਪੀ ਫੀਡਰਾਂ ਦਾ ਮਹੀਨਾਵਾਰ ਆਟੋਮੈਟੀਕ ਮੀਟਰ ਰਿਡਿੰਗ (ਏ ਐਮ ਆਰ) ਡਾਟਾ ਨਿਯਮਤ ਤੌਰ 'ਤੇ ਏ ਪੀ ਖਪਤਕਾਰਾਂ ਦੇ ਫੀਡਰ-ਵਾਰ ਪ੍ਰਵਾਨਿਤ ਲੋਡ ਦੇ ਨਾਲ ਸਪਲਾਈ ਕੀਤਾ ਜਾਵੇ। ਹਾਲਾਂਕਿ, ਕੰਪਨੀ ਪਿਛਲੇ 10 ਸਾਲਾਂ ਤੋਂ ਵਾਰ-ਵਾਰ ਨਿਰਦੇਸ਼ਾਂ ਦੇ ਬਾਵਜੂਦ ਸਾਰੇ ਏ ਪੀ ਫੀਡਰਾਂ 'ਤੇ ਏ ਐਮ ਆਰ ਮੀਟਰ ਲਗਾਉਣ ਦਾ ਕੰਮ ਪੂਰਾ ਨਹੀਂ ਕਰ ਸਕੀ ਅਤੇ ਸਾਰੇ ਏ ਪੀ ਫੀਡਰਾਂ ਦੇ ਏ ਐਮ ਆਰ ਡਾਟਾ ਦੀ ਨਿਯਮਤ ਸਪਲਾਈ ਨੂੰ ਯਕੀਨੀ ਨਹੀਂ ਬਣਾ ਸਕੀ।

ਸਾਲ 2019-20 ਤੋਂ 2021-22 ਲਈ ਸਹੀ ਟੈਰਿਫ ਦਾ ਟਰੂ-ਅਪ[84] ਕਰਦੇ ਹੋਏ, ਕਮਿਸ਼ਨ ਨੇ ਵੇਖਿਆ ਕਿ ਕੁੱਲ 6,000 ਤੋਂ 6,500 ਏ ਪੀ ਫੀਡਰਾਂ ਦੇ ਮੁਕਾਬਲੇ ਸਿਰਫ 1,400 ਤੋਂ 2,500 ਏ ਪੀ ਫੀਡਰਾਂ ਲਈ ਏ ਐਮ ਆਰ ਅੰਕੜੇ ਅੰਸ਼ਕ ਤੌਰ 'ਤੇ ਉਪਲਬਧ ਸਨ ਅਤੇ ਇਸ ਵਿੱਚ ਏ ਪੀ ਖਪਤਕਾਰਾਂ ਦਾ ਸਹੀ ਫੀਡਰ ਅਨੁਸਾਰ ਪ੍ਰਵਾਨਿਤ ਲੋਡ ਸ਼ਾਮਲ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ, ਇਸ ਦੀ ਵਰਤੋਂ ਸਮੁੱਚੇ ਤੌਰ 'ਤੇ ਰਾਜ ਦੀ ਏ ਪੀ ਖਪਤ ਦਾ ਸਹੀ ਅੰਦਾਜ਼ਾ ਲਗਾਉਣ ਲਈ ਨਹੀਂ ਕੀਤੀ ਜਾ ਸਕੀ। ਨਤੀਜੇ ਵਜੋਂ, ਕਮਿਸ਼ਨ ਨੇ ਕੰਪਨੀ ਦੁਆਰਾ ਸਪਲਾਈ ਕੀਤੇ ਪੰਪ ਊਰਜਾ ਅੰਕੜਿਆਂ ਦੇ ਅਧਾਰ 'ਤੇ ਏ ਪੀ ਖਪਤ ਦਾ ਅਨੁਮਾਨ ਜਾਰੀ ਰੱਖਿਆ।

ਸਾਲ 2022-23 ਲਈ ਟੈਰਿਫ ਆਰਡਰ ਨੂੰ ਅੰਤਿਮ ਰੂਪ ਦਿੰਦੇ ਹੋਏ (ਮਾਰਚ 2022) ਕਮਿਸ਼ਨ ਨੇ ਕੰਪਨੀ ਨੂੰ ਇਕ ਵਾਰ ਫਿਰ ਨਿਰਦੇਸ਼ ਦਿੱਤੇ ਕਿ ਉਹ ਸਬੰਧਤ ਫੀਡਰਾਂ ਨੂੰ ਨਾਲ ਜੁੜੇ ਏ ਪੀ ਖਪਤਕਾਰਾਂ ਦੇ ਅਪਡੇਟ ਕੀਤੇ ਮਨਜ਼ੂਰ ਲੋਡ ਦੇ ਨਾਲ ਸਾਰੇ ਏ ਪੀ ਫੀਡਰਾਂ ਦੇ ਮਹੀਨਾਵਾਰ ਏ ਐਮ ਆਰ ਡਾਟਾ ਦੇ ਨਾਲ-ਨਾਲ ਮਹੀਨਾਵਾਰ ਏ ਪੀ ਲੇਜਰ ਡਾਟਾ ਦੀ ਨਿਯਮਤ ਅਤੇ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਏ, ਕਿਉਂਕਿ ਇਹ ਕੁਝ ਫੀਡਰਾਂ ਲਈ ਏ ਪੀ ਊਰਜਾ ਦੇ ਅਨੁਕੂਲ ਨਹੀਂ ਸੀ। ਕਮਿਸ਼ਨ ਨੇ ਕੰਪਨੀ ਨੂੰ ਮੌਜੂਦਾ ਏ ਐਮ ਆਰ ਪ੍ਰਣਾਲੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਕਾਰਜਸ਼ੀਲ ਬਣਾਉਣ ਅਤੇ ਬਾਕੀ ਏ ਪੀ ਫੀਡਰਾਂ 'ਤੇ ਇੱਕ ਸਾਲ ਦੇ ਅੰਦਰ ਏ ਐਮ ਆਰ ਸਹੂਲਤ ਚਾਲੂ ਕਰਨ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਅਸਫਲ ਰਹਿਣ 'ਤੇ ਉਹ ਏ ਪੀ ਖਪਤ ਦੀ ਗਣਨਾ ਕਰਨ ਦੀ ਵਿਧੀ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਵੇਗਾ। ਹਾਲਾਂਕਿ, ਸੁਧਾਰ ਦੀ ਬਜਾਏ, ਏ ਐਮ ਆਰ ਡਾਟਾ ਦੀ ਉਪਲਬਧਤਾ ਘੱਟ ਕੇ 6,580 ਏ ਪੀ ਫੀਡਰਾਂ ਵਿੱਚੋਂ ਸਿਰਫ 29 ਫੀਡਰ ਰਹਿ ਗਈ (ਜੂਨ 2022)।

ਇਸ ਤਰ੍ਹਾਂ, ਕਮਿਸ਼ਨ ਦੇ ਵਾਰ-ਵਾਰ ਨਿਰਦੇਸ਼ਾਂ ਦੇ ਬਾਵਜੂਦ, ਕੰਪਨੀ ਸਾਰੇ ਏ ਪੀ ਫੀਡਰਾਂ 'ਤੇ ਏ ਐਮ ਆਰ ਮੀਟਰ ਲਗਾਉਣ ਅਤੇ ਸੰਚਾਲਨ ਨੂੰ ਪੂਰਾ ਨਹੀਂ ਕਰ ਸਕੀ ਅਤੇ ਸਾਰੇ ਏ ਪੀ ਫੀਡਰਾਂ ਦੇ ਏ ਐਮ ਆਰ ਡੇਟਾ ਦੀ ਨਿਯਮਤ ਸਪਲਾਈ ਨੂੰ ਯਕੀਨੀ ਨਹੀਂ ਬਣਾ ਸਕੀ।

### *6.1.2.4 ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਬਦਲਣਾ*

ਮੀਟਰਿੰਗ ਰੈਗੂਲੇਸ਼ਨਜ਼ 2006 ਦਾ ਰੈਗੂਲੇਸ਼ਨ 4 ਵਿਵਸਥਾ ਕਰਦਾ ਹੈ ਕਿ ਸਾਰੇ ਮੀਟਰ ਸਟੈਟਿਕ ਟਾਈਪ (ਇਲੈਕਟ੍ਰਾਨਿਕ) ਹੋਣੇ ਚਾਹੀਦੇ ਹਨ ਅਤੇ ਜਿਹੜੇ ਮੀਟਰ ਉਕਤ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹਨ ਉਨ੍ਹਾਂ ਨੂੰ ਬਦਲ ਦਿੱਤਾ ਜਾਵੇ। ਇਸ ਅਨੁਸਾਰ, ਕਮਿਸ਼ਨ 2011-12 ਤੋਂ ਕੰਪਨੀ ਨੂੰ ਨਿਯਮਿਤ ਤੌਰ ਤੇ ਸਾਰੇ ਇਲੈਕਟ੍ਰੋ-ਮਕੈਨੀਕਲ ਖਪਤਕਾਰਾਂ ਦੇ ਮੀਟਰਾਂ ਨੂੰ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣ ਲਈ ਵੀ ਨਿਰਦੇਸ਼ ਦੇ ਰਿਹਾ ਸੀ, ਜੋ ਨਿਰੰਤਰ ਸ਼ੁੱਧਤਾ ਅਤੇ ਐਂਟੀ-ਟੈਂਪਰਿੰਗ ਵਿਸ਼ੇਸ਼ਤਾਵਾਂ ਲਈ ਜਾਣੇ ਜਾਂਦੇ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 13 ਸਾਲਾਂ ਤੋਂ ਵੱਧ ਦੇ ਨਿਯਮਾਂ ਅਤੇ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਦੁਹਰਾਉਣ ਦੇ ਬਾਵਜੂਦ, 4.37 ਲੱਖ ਇਲੈਕਟ੍ਰੋ-ਮਕੈਨੀਕਲ ਖਪਤਕਾਰ ਮੀਟਰਾਂ ਨੂੰ ਅਜੇ ਵੀ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਿਆ ਜਾਣਾ ਬਾਕੀ ਸੀ (ਦਸੰਬਰ 2019)।

---

84 ਟਰੂ ਅੱਪ ਵਿੱਤੀ ਸਾਲ ਲਈ ਆਰਜ਼ੀ ਟੈਰਿਫ ਨੂੰ ਸ਼ੁਰੂ ਵਿੱਚ ਅਨੁਮਾਨਿਤ ਖਰਚਿਆਂ ਅਤੇ ਆਮਦਨ ਦੇ ਅਧਾਰ 'ਤੇ ਅਸਲ ਖਰਚਿਆਂ ਅਤੇ ਸਾਲ ਲਈ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਦੇ ਅਧਾਰ ਤੇ ਆਮਦਨ ਦੇ ਨਾਲ ਮਿਲਾਨ ਅਤੇ ਸੋਧਣ ਦੀ ਪ੍ਰਕਿਰਿਆ ਹੈ।

ਦਸੰਬਰ 2019 ਵਿੱਚ, ਸੋਧੇ ਹੋਏ ਮੀਟਰਿੰਗ ਰੈਗੂਲੇਸ਼ਨਜ਼ 2019 ਵਿੱਚ ਮੌਜੂਦਾ ਗੈਰ-ਸਮਾਰਟ ਮੀਟਰਾਂ ਨੂੰ ਪੂਰਵ-ਭੁਗਤਾਨ ਸਹੂਲਤ ਵਾਲੇ ਸਮਾਰਟ ਮੀਟਰਾਂ ਨਾਲ ਬਦਲਣ ਦੀ ਵਿਵਸਥਾ ਕੀਤੀ ਗਈ, ਜਿਸ ਲਈ ਭਾਰਤ ਸਰਕਾਰ ਨੇ ਮਾਰਚ 2025 ਦੀ ਅੰਤਮ ਸਮਾਂ ਸੀਮਾ ਨੋਟੀਫਾਈ ਕੀਤੀ ਸੀ (ਅਗਸਤ 2021)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਉਪਰੋਕਤ ਸੋਧ ਦੇ ਬਾਵਜੂਦ, ਕੰਪਨੀ ਨੇ ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣਾ ਜਾਰੀ ਰੱਖਿਆ। ਜਨਵਰੀ 2020 ਤੋਂ ਸਤੰਬਰ 2022 ਦੌਰਾਨ, ਕੰਪਨੀ ਨੇ 2.10 ਲੱਖ ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਿਆ, ਜਿਸ ਤੇ ₹ 13.75[85] ਕਰੋੜ ਦਾ ਖਰਚਾ ਆਇਆ, ਜਿਸ ਨੂੰ ਮੌਜੂਦਾ ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਸਿੱਧੇ ਸਮਾਰਟ ਮੀਟਰਾਂ ਨਾਲ ਬਦਲਣ ਨੂੰ ਤਰਜੀਹ ਦੇ ਕੇ ਟਾਲਿਆ ਜਾ ਸਕਦਾ ਸੀ। ਇਸ ਤਰ੍ਹਾਂ, ਨਿਯਮਾਂ ਵਿੱਚ ਸੋਧ ਦੇ ਬਾਅਦ ਵੀ ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣ ਵਿੱਚ ਲੰਬੇ ਸਮੇਂ ਤੋਂ ਦੇਰੀ ਦੇ ਨਤੀਜੇ ਵਜੋਂ ₹ 13.75 ਕਰੋੜ ਦਾ ਬੇਲੋੜਾ ਖਰਚਾ ਹੋਇਆ।

### *6.1.2.5 ਮੀਟਰਾਂ ਨੂੰ ਖਪਤਕਾਰਾਂ ਦੇ ਅਹਾਤੇ ਦੇ ਬਾਹਰ ਤਬਦੀਲ ਨਾ ਕਰਨਾ*

ਮੀਟਰਿੰਗ ਰੈਗੂਲੇਸ਼ਨਜ਼ 2006 ਦੇ ਰੈਗੂਲੇਸ਼ਨ 7 ਵਿੱਚ ਖਪਤਕਾਰ ਮੀਟਰ ਨੂੰ ਖਪਤਕਾਰ ਦੇ ਅਹਾਤੇ ਵਿੱਚ ਜਾਂ ਖਪਤਕਾਰ ਇਮਾਰਤ ਦੇ ਬਾਹਰ ਸਥਾਪਤ ਕਰਨ ਦੀ ਵਿਵਸਥਾ ਹੈ। ਇਲੈਕਟ੍ਰੀਸਿਟੀ ਸਪਲਾਈ ਇੰਸਟ੍ਰਕਸ਼ਨਜ਼ ਮੈਨੂਅਲ 2011 (ਈ ਐਸ ਆਈ ਐਮ) ਵਿਵਸਥਾ ਕਰ ਦਿੱਤੀ ਹੈ ਕਿ ਡੀ ਐਸ, ਐਨ ਆਰ ਐਸ ਅਤੇ ਸਮਾਲ ਪਾਵਰ ਕੁਨੈਕਸ਼ਨਾਂ ਦੇ ਊਰਜਾ ਮੀਟਰ ਸਿਰਫ ਮੀਟਰ ਕੱਪ ਬੋਰਡ ਜਾਂ ਵੰਡ ਟਰਾਂਸਫਾਰਮਰਾਂ ਦੇ ਹੇਠਾਂ ਖੰਭੇ/ਖੰਭਿਆਂ ਵਾਲੇ ਬਕਸੇ 'ਤੇ ਜਾਂ ਖਪਤਕਾਰ ਅਹਾਤੇ ਦੀ ਬਾਹਰੀ ਕੰਧ 'ਤੇ ਲਗਾਏ ਜਾਣੇ ਚਾਹੀਦੇ ਹਨ ਨਾ ਕਿ ਖਪਤਕਾਰ ਦੀ ਇਮਾਰਤ ਦੇ ਅੰਦਰ। ਕਮਿਸ਼ਨ ਸਾਲ 2010-11 ਤੋਂ ਕੰਪਨੀ ਨੂੰ ਨਿਯਮਿਤ ਤੌਰ 'ਤੇ ਨਿਰਦੇਸ਼ ਦਿੰਦਾ ਆ ਰਿਹਾ ਹੈ ਕਿ ਉਹ ਖਪਤਕਾਰਾਂ ਦੇ ਅਹਾਤੇ ਤੋਂ ਬਾਹਰ ਮੀਟਰਾਂ ਨੂੰ ਤਬਦੀਲ ਕਰਨ ਦਾ ਕੰਮ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਤਾਂ ਜੋ ਵੰਡ ਘਾਟੇ ਨੂੰ ਘਟਾਇਆ ਜਾ ਸਕੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 11 ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, 4.24 ਲੱਖ ਖਪਤਕਾਰ ਮੀਟਰਾਂ ਨੂੰ ਅਜੇ ਖਪਤਕਾਰਾਂ ਦੇ ਅਹਾਤੇ ਤੋਂ ਬਾਹਰ ਤਬਦੀਲ ਕੀਤਾ ਜਾਣਾ ਬਾਕੀ ਸੀ (ਸਤੰਬਰ 2022), ਜੋ ਕਿ ਨਾ ਸਿਰਫ ਈ ਐਸ ਆਈ ਐਮ ਅਤੇ ਕਮਿਸ਼ਨ ਦੇ ਨਿਰਦੇਸ਼ਾਂ ਦੀ ਉਲੰਘਣਾ ਸੀ, ਬਲਕਿ ਵੰਡ ਘਾਟੇ ਨੂੰ ਘਟਾਉਣ 'ਤੇ ਵੀ ਮਾੜਾ ਅਸਰ ਪਾ ਰਿਹਾ ਸੀ।

### *6.1.2.6 ਰੀਅਲ ਟਾਈਮ ਡਿਸਪਲੇ ਯੂਨਿਟ*

ਮੀਟਰਿੰਗ ਰੈਗੂਲੇਸ਼ਨਜ਼ 2006 ਦੇ ਰੈਗੂਲੇਸ਼ਨ 7 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿੱਥੇ ਖਪਤਕਾਰਾਂ ਦੇ ਅਹਾਤੇ ਦੇ ਬਾਹਰ ਮੀਟਰ ਲਗਾਏ ਗਏ ਹਨ, ਉਥੇ ਬਿਜਲੀ ਦੀ ਖਪਤ ਦੀ ਜਾਣਕਾਰੀ ਲਈ ਖਪਤਕਾਰਾਂ ਦੀ ਬੇਨਤੀ 'ਤੇ, ਉਨ੍ਹਾਂ ਦੇ ਅਹਾਤੇ ਵਿੱਚ ਰੀਅਲ ਟਾਈਮ ਡਿਸਪਲੇ ਯੂਨਿਟ (ਆਰ ਟੀ ਡੀ ਯੂ) ਉਪਲਬਧ ਕਰਾਉਣ ਦੀ ਲੋੜ ਹੁੰਦੀ ਹੈ। ਈ ਐਸ ਆਈ ਐਮ 2011 ਨੇ ਕੰਪਨੀ ਨੂੰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਬਣਾਇਆ ਸੀ ਕਿ ਖਪਤਕਾਰਾਂ ਦੇ ਅਹਾਤੇ ਦੇ ਬਾਹਰ

[85] ਨਵੰਬਰ 2019 ਦੌਰਾਨ ਦਿੱਤੇ ਗਏ ਖਰੀਦ ਆਦੇਸ਼ ਤੋਂ ਲਏ ਗਏ ਇਲੈਕਟ੍ਰਾਨਿਕ ਮੀਟਰਾਂ ਦੀ ਦਰ

ਜਿੱਥੇ ਵੀ ਮੀਟਰ ਲਗਾਏ ਗਏ ਹਨ, ਖਪਤਕਾਰਾਂ ਦੇ ਅਹਾਤੇ ਵਿੱਚ ਆਰ ਟੀ ਡੀ ਯੂ ਦੀ ਸਥਾਪਨਾ ਸਮਾਂਬੱਧ ਢੰਗ ਨਾਲ ਕੀਤੀ ਜਾਵੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 11 ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਖਪਤਕਾਰਾਂ ਦੇ ਅਹਾਤੇ ਵਿੱਚ ਆਰ ਟੀ ਡੀ ਯੂ ਸਥਾਪਤ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ, ਜੋ ਖਪਤਕਾਰ ਸੇਵਾਵਾਂ ਵਿੱਚ ਕਮੀ ਨੂੰ ਦਰਸਾਉਂਦੀ ਹੈ।

**ਮੀਟਰਾਂ ਦੀ ਖਰੀਦ**

ਸੈਂਟਰਲ ਇਲੈਕਟ੍ਰੀਸਿਟੀ ਅਥਾਰਟੀ (ਸੀ ਈ ਏ) ਨੇ ਮੀਟਰਿੰਗ ਨਿਯਮਾਂ[86] ਵਿੱਚ ਸੋਧ ਕੀਤੀ (ਦਸੰਬਰ 2019), ਜਿਸ ਵਿੱਚ ਸਾਰੇ ਨਵੇਂ ਖਪਤਕਾਰ ਮੀਟਰਾਂ ਨੂੰ ਪੂਰਵ-ਭੁਗਤਾਨ ਸਹੂਲਤ ਵਾਲੇ ਸਮਾਰਟ ਮੀਟਰ ਲਗਾਉਣ ਅਤੇ ਮੌਜੂਦਾ ਮੀਟਰਾਂ ਨੂੰ ਇੱਕ ਨਿਰਧਾਰਤ ਸਮਾਂ ਸੀਮਾਂ ਦੇ ਅੰਦਰ ਅਜਿਹੇ ਮੀਟਰਾਂ ਨਾਲ ਬਦਲਣ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਸਰਕਾਰ ਨੇ ਉਪਰੋਕਤ ਨੂੰ ਬਦਲਣ ਲਈ ਮਾਰਚ 2025 ਦੀ ਅੰਤਿਮ ਸਮਾਂ ਸੀਮਾਂ ਨਿਰਧਾਰਤ ਕੀਤੀ (ਅਗਸਤ 2021)। ਭਾਰਤ ਸਰਕਾਰ ਨੇ ਇਲੈਕਟ੍ਰੀਸਿਟੀ (ਰਾਈਟਸ ਆਫ਼ ਕੰਨਜੀਉਮਰਜ਼) ਰੂਲਜ਼, 2020 ਨੂੰ ਵੀ ਨੋਟੀਫਾਈ ਕੀਤਾ (ਦਸੰਬਰ 2020), ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਕਿ ਸਮਾਰਟ/ਪੂਰਵ-ਭੁਗਤਾਨ ਮੀਟਰ ਤੋਂ ਬਿਨਾਂ ਕੋਈ ਕੁਨੈਕਸ਼ਨ ਨਹੀਂ ਦਿੱਤਾ ਜਾਵੇਗਾ ਅਤੇ ਕਿਸੇ ਵੀ ਅਪਵਾਦ ਨੂੰ ਕਮਿਸ਼ਨ ਦੁਆਰਾ ਵਿਧੀਵਤ ਤੌਰ 'ਤੇ ਪ੍ਰਵਾਨਗੀ ਦੇਣੀ ਚਾਹੀਦੀ ਹੈ, ਜੋ ਇਸ ਲਈ ਢੁਕਵਾਂ ਤਰਕ ਦਰਜ ਕਰੇਗਾ।

ਇਸ ਸਬੰਧ ਵਿੱਚ, ਲੇਖਾ ਪ੍ਰੀਖਿਆ ਨੇ ਹੇਠ ਲਿਖੇ ਅਨੁਸਾਰ ਵੇਖਿਆ:

### *6.1.2.7 ਸਮਾਰਟ ਊਰਜਾ ਮੀਟਰਾਂ ਦੀ ਖਰੀਦ ਵਿੱਚ ਦੇਰੀ ਕਾਰਨ ਵਾਧੂ ਖਰਚਾ*

ਤਿੰਨ ਲੱਖ ਸਿੰਗਲ ਫੇਜ਼ ਸਮਾਰਟ ਊਰਜਾ ਮੀਟਰਾਂ ਦੀ ਖਰੀਦ ਲਈ ਇੱਕ ਟੈਂਡਰ ਜਾਰੀ ਕੀਤਾ ਗਿਆ (ਅਸਗਤ 2021), ਜਿਸ ਵਿੱਚ ਚਾਰ ਫਰਮਾਂ ਨੇ ਹਿੱਸਾ ਲਿਆ। ਨਮੂਨੇ ਦੀ ਜਾਂਚ ਅਤੇ ਬੋਲੀਆਂ ਦੇ ਤਕਨੀਕੀ-ਵਪਾਰਕ ਮੁਲਾਂਕਣ ਤੋਂ ਬਾਅਦ, ਸਿਰਫ ਦੋ ਫਰਮਾਂ ਕੀਮਤ ਬੋਲੀ ਖੋਲ੍ਹਣ ਯੋਗ ਪਾਈਆਂ ਗਈਆਂ (ਮਾਰਚ 2022) ਅਤੇ ₹ 5,555 ਪ੍ਰਤੀ ਮੀਟਰ ਦੀ ਕੀਮਤ ਵਾਲੀ ਇੱਕ ਫਰਮ ਸਭ ਤੋਂ ਘੱਟ ਬੋਲੀਕਾਰ ਵਜੋਂ ਉਭਰੀ (ਮਾਰਚ 2022)। ਗੱਲਬਾਤ ਵਿੱਚ, ਸਭ ਤੋਂ ਘੱਟ ਬੋਲੀ ਲਗਾਉਣ ਵਾਲੀ ਫਰਮ ਨੇ ਕੀਮਤ ਨੂੰ ਘਟਾ ਕੇ ₹ 5,550 ਪ੍ਰਤੀ ਮੀਟਰ (ਪੌਲੀ ਕਾਰਬੋਨੇਟ ਮੀਟਰ ਬਾਕਸ ਤੋਂ ਬਿਨਾਂ ₹ 5,325.43 ਪ੍ਰਤੀ ਮੀਟਰ) ਕਰ ਦਿੱਤਾ (ਅਪ੍ਰੈਲ 2022)।

ਇਸ ਦੌਰਾਨ, ਕੰਪਨੀ ਦੇ ਸੂਚਨਾ ਤਕਨਾਲੋਜੀ (ਆਈ ਟੀ) ਵਿੰਗ ਨੇ ਸੂਚਿਤ ਕੀਤਾ (25 ਅਪ੍ਰੈਲ 2022) ਕਿ ਸਾਰੇ ਰਵਾਇਤੀ ਏ ਐਮ ਆਰ ਪ੍ਰਣਾਲੀਆਂ ਦੇ ਨਾਲ-ਨਾਲ ਸਮਾਰਟ ਮੀਟਰਾਂ ਦੀ ਪੂਰਤੀ ਕਰਨ ਲਈ ਸਿੰਗਲ ਮੀਟਰ ਡਾਟਾ ਮੈਨੇਜਮੈਂਟ[87] (ਐਮ ਡੀ ਐਮ) ਦੀ ਖਰੀਦ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਚੇਅਰਮੈਨ-ਕਮ-ਮੈਨੇਜ਼ਿੰਗ ਡਾਇਰੈਕਟਰ ਦੁਆਰਾ ਗਠਿਤ ਇਕ ਕਮੇਟੀ ਨੇ ਸਿੰਗਲ ਐਮ ਡੀ ਐਮ ਦੀ ਖਰੀਦ ਦੀ ਸਿਫਾਰਸ਼ ਕੀਤੀ (ਮਈ 2022)। ਨਤੀਜੇ ਵਜੋਂ, ਸਮਾਰਟ ਮੀਟਰਾਂ ਦੀ ਖਰੀਦ ਰੁਕ ਗਈ ਕਿਉਂਕਿ ਮੀਟਰਾਂ ਦੀ ਖਰੀਦ ਲਈ ਟੈਂਡਰ ਪ੍ਰਕਿਰਿਆ

86 ਸੀ ਈ ਏ (ਇਨੰਸਟਾਲੇਸ਼ਨ ਐਂਡ ਅਪਰੇਸ਼ਨ ਆਫ਼ ਮੀਟਰਜ਼) ਰੈਗੂਲੇਸ਼ਨਜ਼ 2019

87 ਸਾਫਟਵੇਅਰ ਜੋ ਸਮਾਰਟ ਮੀਟਰਿੰਗ ਸਿਸਟਮ ਦੁਆਰਾ ਪ੍ਰਦਾਨ ਕੀਤੇ ਗਏ ਡਾਟਾ ਦੀ ਵਿਸ਼ਾਲ ਮਾਤਰਾ ਲਈ ਲੰਬੀ ਮਿਆਦ ਦੇ ਡਾਟਾ ਸਟੋਰੇਜ ਅਤੇ ਪ੍ਰਬੰਧਨ ਕਰਦਾ ਹੈ।

ਐਮ ਡੀ ਐਮ ਦੇ ਨਾਲ ਸ਼ੁਰੂ ਕੀਤੀ ਗਈ ਸੀ। ਐਮ ਡੀ ਐਮ ਤੋਂ ਬਿਨ੍ਹਾਂ ਸਮਾਰਟ ਮੀਟਰ ਖਰੀਦਣ ਦੇ ਮੁੱਦੇ ਨੂੰ ਹਲ ਕਰਨ ਤੋਂ ਬਾਅਦ, ਕੰਪਨੀ ਨੇ ਟੈਂਡਰ ਜਾਰੀ ਹੋਣ ਤੋਂ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਫਰਮ ਨੂੰ ₹ 4,975.43 ਪ੍ਰਤੀ ਮੀਟਰ ਦੀ ਕੀਮਤ 'ਤੇ ਤਿੰਨ ਲੱਖ ਸਿੰਗਲ ਫੇਜ਼ ਸਮਾਰਟ ਊਰਜਾ ਮੀਟਰਾਂ ਲਈ ₹ 149.26 ਕਰੋੜ ਦੇ ਮੁੱਲ ਦਾ ਖਰੀਦ ਆਦੇਸ਼ ਦਿੱਤਾ (ਅਗਸਤ 2022)। ਇਸ ਦੌਰਾਨ, ਕੰਪਨੀ ਨੇ ਫੀਲਡ ਦੀਆਂ ਲੋੜਾਂ ਅਤੇ ਉਕਤ ਟੈਂਡਰ ਨੂੰ ਅੰਤਿਮ ਰੂਪ ਨਾ ਦਿੱਤੇ ਜਾਣ ਦਾ ਹਵਾਲਾ ਦਿੰਦੇ ਹੋਏ, ₹ 22.44 ਕਰੋੜ ਮੁੱਲ ਦੇ 3.30 ਲੱਖ ਰਵਾਇਤੀ ਮੀਟਰਾਂ[88] ਦੀ ਵਾਧੂ ਮਾਤਰਾਂ ਦੀ ਸਪਲਾਈ ਲਈ ਮੌਜੂਦਾ ਖਰੀਦ ਆਦੇਸ਼ਾਂ ਵਿੱਚ ਦੋ ਵਾਰ ਸੋਧ[89] ਕੀਤੀ (ਮਈ/ਜੁਲਾਈ 2022)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਮਾਰਟ ਮੀਟਰ ਲਾਜ਼ਮੀ ਕੀਤੇ ਜਾਣ ਦੇ ਬਾਵਜੂਦ (ਦਸੰਬਰ 2019), ਸਿੰਗਲ ਫੇਜ਼ ਸਮਾਰਟ ਊਰਜਾ ਮੀਟਰਾਂ ਦੀ ਖਰੀਦ ਲਈ ਟੈਂਡਰ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਕਾਰਨ, ਕੰਪਨੀ ਨੇ ਰਵਾਇਤੀ ਮੀਟਰਾਂ ਦੀ ਖਰੀਦ 'ਤੇ ₹ 22.44 ਕਰੋੜ ਦਾ ਵਾਧੂ ਖਰਚ ਕੀਤਾ, ਜਿਸ ਨੂੰ ਭਾਰਤ ਸਰਕਾਰ ਦੁਆਰਾ ਨਿਰਧਾਰਤ ਸਮਾਂ ਸੀਮਾਂ ਦੇ ਮੱਦੇਨਜ਼ਰ ਨੇੜਲੇ ਭਵਿੱਖ ਵਿੱਚ ਬਦਲਣਾ ਪਵੇਗਾ।

### *6.1.2.8 ਇੱਕ ਫੇਜ਼ ਸਟੈਟਿਕ ਊਰਜਾ ਮੀਟਰਾਂ ਦੀ ਅਨਿਯਮਿਤ ਖਰੀਦ*

ਫੀਲਡ ਦੀਆਂ ਲੋੜਾਂ, ਘੱਟੋ ਘੱਟ ਸਟਾਕ ਰੱਖਣ ਦੀ ਲੋੜਾਂ ਅਤੇ ਮੌਜੂਦਾ ਖਰੀਦ ਆਦੇਸ਼ਾਂ ਦੇ ਵਿਰੁੱਧ ਬਕਾਇਆ ਸਪਲਾਈ ਦੇ ਅਧਾਰ ਤੇ 7.50 ਲੱਖ ਇੱਕ ਫੇਜ਼ ਸਟੈਟਿਕ ਊਰਜਾ ਮੀਟਰਾਂ ਦੀ ਖਰੀਦ ਲਈ ਇੱਕ ਟੈਂਡਰ ਜਾਰੀ ਕੀਤਾ ਗਿਆ (ਜਨਵਰੀ 2021)। ₹ 680 ਪ੍ਰਤੀ ਮੀਟਰ ਦੀ ਸਭ ਤੋਂ ਘੱਟ ਗੱਲਬਾਤੀ ਕੀਮਤ ਦੇ ਅਧਾਰ ਤੇ, ਤਿੰਨ ਫਰਮਾਂ ਨੂੰ ਚਾਰ ਲੱਖ ਊਰਜਾ ਮੀਟਰਾਂ ਦੀ ਖਰੀਦ ਲਈ ਖਰੀਦ ਆਦੇਸ਼ ਦਿੱਤੇ ਗਏ (ਅਕਤੂਬਰ 2021)। ਕੰਪਨੀ ਦੇ ਖਰੀਦ ਨਿਯਮਾਂ 2017 ਦੇ ਅਨੁਸਾਰ 80,000 ਮੀਟਰਾਂ ਦੀ ਵਾਧੂ ਮਾਤਰਾ (ਅਸਲ ਆਦੇਸ਼ ਕੀਤੀ ਮਾਤਰਾ ਦਾ 20 *ਪ੍ਰਤੀਸ਼ਤ*) ਖਰੀਦਣ ਲਈ ਖਰੀਦ ਆਦੇਸ਼ਾਂ ਵਿੱਚ ਸੋਧ ਕੀਤੀ ਗਈ (ਮਾਰਚ/ਮਈ 2022)। ਇਸ ਤੋਂ ਬਾਅਦ, ਇੱਕ ਫੇਜ਼ ਮੀਟਰਾਂ ਦੀ ਨਾਜ਼ੁਕ ਸਟਾਕ ਸਥਿਤੀ ਨੂੰ ਦੇਖਦੇ ਹੋਏ, ਕੰਪਨੀ ਨੇ (ਜੁਲਾਈ/ਸਤੰਬਰ 2022) ਇਨ੍ਹਾਂ ਤਿੰਨਾਂ ਫਰਮਾਂ ਤੋਂ 2.70 ਲੱਖ ਵਾਧੂ ਇੱਕ ਫੇਜ਼ ਮੀਟਰ ਖਰੀਦਣ ਦਾ ਫੈਸਲਾ ਕੀਤਾ ਅਤੇ ਇਸ ਨੂੰ ਮੂਲ ਟੈਂਡਰ ਦੀ ਅਣ-ਅਲਾਟ ਮਾਤਰਾ ਦੇ ਬਰਾਬਰ ਕਰਾਰ ਦਿੱਤਾ, *ਭਾਵ* 7.50 ਲੱਖ ਮੀਟਰਾਂ ਦੀ ਟੈਂਡਰ ਕੀਤੀ ਮਾਤਰਾ ਵਿੱਚੋਂ 4.80 ਲੱਖ ਖਰੀਦੇ ਗਏ ਮੀਟਰ ਘਟਾ ਕੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਖਰੀਦ ਨਿਯਮ ਮੂਲ ਆਦੇਸ਼ ਮੁੱਲ ਦੇ ਸਿਰਫ 20 *ਪ੍ਰਤੀਸ਼ਤ* ਤੱਕ ਟੈਂਡਰ ਦਰਾਂ 'ਤੇ ਮਾਤਰਾਵਾਂ ਵਿੱਚ ਤਬਦੀਲੀਆਂ ਦੀ ਵਿਵਸਥਾ ਕਰਦੇ ਹਨ ਅਤੇ ਅਸਲ ਆਦੇਸ਼ ਮੁੱਲ ਦੇ 20 *ਪ੍ਰਤੀਸ਼ਤ* ਤੋਂ ਵੱਧ ਵਾਧੂ ਮਾਤਰਾਵਾਂ ਦੀ ਵੰਡ ਦੀ ਕੋਈ ਵਿਵਸਥਾ ਨਹੀਂ ਹੈ। ਇਸ ਤਰ੍ਹਾਂ ਮੂਲ ਟੈਂਡਰ ਦੀ ਅਣ-ਅਲਾਟ ਮਾਤਰਾ ਦਾ ਹਵਾਲਾ ਦੇ ਕੇ ਇਨ੍ਹਾਂ ਤਿੰਨਾਂ ਫਰਮਾਂ ਤੋਂ 2.70 ਲੱਖ ਵਾਧੂ ਮੀਟਰਾਂ ਦੀ ਖਰੀਦ ਅਨਿਯਮਿਤ ਸੀ ਅਤੇ ਇਸ ਦੇ ਨਤੀਜੇ ਵਜੋਂ ਬਿਨਾਂ ਟੈਂਡਰ ₹ 18.36 ਕਰੋੜ ਦੀ ਅਨਿਯਮਿਤ ਖਰੀਦ ਹੋਈ।

---

[88] ਸਟੈਟਿਕ ਇੰਟੈਲੀਜੈਂਟ ਊਰਜਾ ਮੀਟਰ

[89] ਅਪ੍ਰੈਲ 2022 ਤੋਂ ਬਾਅਦ ਸੋਧਿਆ ਗਿਆ

### *6.1.2.9 ਤਿੰਨ ਫੇਜ਼ ਦੇ ਬਾਏ-ਡਾਇਰੈਕਸ਼ਨਲ ਊਰਜਾ ਮੀਟਰਾਂ ਦੀ ਅਨਿਯਮਿਤ ਖਰੀਦ*

ਗਰਿੱਡ ਇੰਟਰਐਕਟਿਵ ਰੂਫ-ਟਾਪ ਸੋਲਰ ਪਾਵਰ ਪਲਾਂਟਾਂ ਦੀ ਨਿਰੋਲ ਮੀਟਰਿੰਗ ਲਈ 10,000 ਤਿੰਨ ਫੇਜ਼ ਵਾਲੇ ਬਾਏ-ਡਾਇਰੈਕਸ਼ਨਲ ਖਪਤਕਾਰ ਊਰਜਾ ਮੀਟਰਾਂ ਦੀ ਖਰੀਦ ਲਈ ਇੱਕ ਟੈਂਡਰ ਇਨਕੁਵਾਰੀ ਸ਼ੁਰੂ ਕੀਤੀ ਗਈ (ਜੁਲਾਈ 2021)। ਹਿੱਸਾ ਲੈਣ ਵਾਲੀਆਂ ਤਿੰਨ ਫਰਮਾਂ ਵਿੱਚੋ ਸਿਰਫ ਇੱਕ ਫਰਮ ਤਕਨੀਕੀ ਵਿਸ਼ੇਸ਼ਤਾਵਾਂ ਨੂੰ ਪੂਰਾ ਕਰਦੀ ਸੀ (ਫਰਵਰੀ 2022)। ਨਿੱਲ ਸਟਾਕ ਦੀ ਸਥਿਤੀ ਦੇ ਮੱਦੇਨਜ਼ਰ, ਇਕੱਲੇ ਯੋਗਤਾ ਪ੍ਰਾਪਤ ਬੋਲੀਦਾਤਾ ਦੀ ਕੀਮਤ ਬੋਲੀ ਖੋਲ੍ਹੀ ਗਈ (ਫਰਵਰੀ 2022) ਅਤੇ ਗੱਲਬਾਤ ਤੋਂ ਬਾਅਦ, ₹ 2.10 ਕਰੋੜ ਮੁੱਲ ਦੇ 10,000 ਮੀਟਰ ਦੀ ਖਰੀਦ ਲਈ ਖਰੀਦ ਆਦੇਸ਼ ਜਾਰੀ ਕੀਤਾ ਗਿਆ (ਮਾਰਚ 2022)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਮਾਰਟ ਮੀਟਰਾਂ ਨੂੰ ਲਾਜ਼ਮੀ (ਦਸੰਬਰ 2019) ਕੀਤੇ ਜਾਣ ਤੋਂ ਬਾਅਦ ਤਿੰਨ-ਫੇਜ਼ ਵਾਲੇ ਬਾਏ-ਡਾਇਰੈਕਸ਼ਨਲ ਖਪਤਕਾਰ ਊਰਜਾ ਮੀਟਰਾਂ ਦੀ ਖਰੀਦ ਲਈ ਟੈਂਡਰ 19 ਮਹੀਨਿਆਂ ਤੋਂ ਵੱਧ ਸਮੇਂ ਬਾਅਦ ਜਾਰੀ ਕੀਤਾ ਗਿਆ ਅਤੇ ਖਰੀਦ ਆਦੇਸ਼ 27 ਮਹੀਨਿਆਂ ਤੋਂ ਵੱਧ ਸਮੇਂ ਬਾਅਦ ਦਿੱਤਾ ਗਿਆ। ਡੈਵੀਏਸ਼ਨ ਲਈ ਉਚਿਤ ਕਾਰਣ ਦਿੰਦੇ ਹੋਏ, ਕਮਿਸ਼ਨ ਤੋਂ ਰਵਾਇਤੀ ਮੀਟਰਾਂ ਦੀ ਖਰੀਦ ਲਈ ਕੋਈ ਅਪਵਾਦ/ਛੋਟ ਨਹੀਂ ਮੰਗੀ ਗਈ/ਪ੍ਰਾਪਤ ਕੀਤੀ ਗਈ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਸਿਰਫ ਇੱਕ ਯੋਗ ਬੋਲੀਦਾਤਾ ਦੀ ਅੰਤਿਮ ਕੀਮਤ ਪਿਛਲੀ ਖਰੀਦ (ਅਕਤੂਬਰ 2020) ਨਾਲੋਂ 17 *ਪ੍ਰਤੀਸ਼ਤ* ਵੱਧ ਸੀ। ਹਾਲਾਂਕਿ, ਨੇੜਲੇ ਭਵਿੱਖ ਵਿੱਚ ਉੱਚ ਕੀਮਤ, ਵਰਤੋਂ ਦੀਆਂ ਰੁਕਾਵਟਾਂ ਅਤੇ ਲਾਜ਼ਮੀ ਬਦਲਣ ਦੀਆਂ ਜ਼ਰੂਰਤਾਂ ਦੇ ਬਾਵਜੂਦ, ਕੰਪਨੀ ਨੇ 12 ਤੋਂ 15 ਮਹੀਨਿਆਂ ਦੀ ਮਿਆਦ ਵਿੱਚ ਲੋੜੀਂਦੀ ਪੂਰੀ ਮਾਤਰਾ ਖਰੀਦੀ। ਇਸ ਦੇ ਨਤੀਜੇ ਵਜੋਂ, ₹ 2.10 ਕਰੋੜ ਦਾ ਅਨਿਯਮਿਤ ਅਤੇ ਟਾਲਣਯੋਗ ਖਰਚ ਹੋਇਆ।

### *6.1.2.10 ਟੈਂਡਰਾਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ*

ਪੰਜਾਬ ਟਰਾਂਸਪੈਰੇਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ, 2019 ਹਰੇਕ ਖਰੀਦ ਇਕਾਈ ਨੂੰ ਖਰੀਦ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਨੂੰ ਪੂਰਾ ਕਰਨ ਲਈ ਵਾਜਬ ਸਮਾਂ-ਸੀਮਾ ਪਹਿਲਾਂ ਤੋਂ ਨਿਰਧਾਰਤ ਕਰਨ ਅਤੇ ਅਜਿਹੀ ਸਮਾਂ-ਸੀਮਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਨ ਦੀ ਵਿਵਸਥਾ ਕਰਦਾ ਹੈ।

ਕੰਪਨੀ ਵਿੱਚ ਵੱਖ-ਵੱਖ ਵਸਤੂਆਂ/ਸਮੱਗਰੀਆਂ ਦੀ ਖਰੀਦ ਲਈ ਪ੍ਰਣਾਲੀਆਂ, ਪ੍ਰਕਿਰਿਆਵਾਂ, ਨਿਯਮ ਅਤੇ ਨਿਯਮਾਂਵਲੀ ਇਸਦੇ ਖਰੀਦ ਨਿਯਮਾਂ ਵਿੱਚ ਸ਼ਾਮਲ ਹਨ। ਹਾਲਾਂਕਿ, ਟੈਂਡਰਾਂ ਨੂੰ ਅੰਤਿਮ ਰੂਪ ਦੇਣ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ, ਹਾਲਾਂਕਿ, ਖਰੀਦ ਨਿਯਮਾਂ ਅਨੁਸਾਰ ਬੋਲੀਕਾਰਾਂ ਤੋਂ ਪ੍ਰਾਪਤ ਸਾਰੀਆਂ ਪੇਸ਼ਕਸ਼ਾਂ ਘੱਟੋ-ਘੱਟ 120 ਦਿਨਾਂ ਦੀ ਮਿਆਦ ਲਈ ਵੈਧ ਹੋਣੀਆਂ ਚਾਹੀਦੀਆਂ ਹਨ।

2021-22 ਦੌਰਾਨ ਵੱਖ-ਵੱਖ ਮੀਟਰਿੰਗ ਉਪਕਰਣਾਂ ਦੀ ਖਰੀਦ ਲਈ ਜਾਰੀ ਕੀਤੇ ਗਏ/ਅੰਤਿਮ ਰੂਪ ਦਿੱਤੇ ਗਏ 18 ਟੈਂਡਰਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਟੈਂਡਰ ਨੋਟਿਸ ਦੀ ਮਿਤੀ ਤੋਂ ਖਰੀਦ ਆਦੇਸ਼ ਜਾਰੀ ਕਰਨ ਤੱਕ ₹ 258.33 ਕਰੋੜ ਦੀ ਖਰੀਦ ਨੂੰ ਅੰਤਿਮ ਰੂਪ ਦੇਣ ਲਈ ਔਸਤਨ ਅੱਠ ਮਹੀਨੇ ਲਏ ਗਏ ਸਨ। ਇਨ੍ਹਾਂ ਟੈਂਡਰਾਂ ਨੂੰ ਅੰਤਿਮ ਰੂਪ ਦੇਣ ਵਿੱਚ ਦੋ ਮਹੀਨਿਆਂ ਤੋਂ ਲੈ ਕੇ 23 ਮਹੀਨਿਆਂ ਤੱਕ ਦਾ ਸਮਾਂ ਲੱਗਿਆ ਸੀ, ਜਿਸ ਵਿੱਚ 12 ਟੈਂਡਰਾਂ ਵਿੱਚ ਛੇ ਮਹੀਨੇ ਤੋਂ ਇੱਕ ਸਾਲ ਅਤੇ ਤਿੰਨ ਟੈਂਡਰਾਂ ਵਿੱਚ ਇੱਕ ਸਾਲ ਤੋਂ ਵੱਧ ਦਾ ਸਮਾਂ ਲੱਗਿਆ ਸੀ। ਅੱਗੇ, ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ/ਸੋਧੀ ਹੋਈ ਆਖਰੀ ਮਿਤੀ ਤੋਂ ਖਰੀਦ ਆਦੇਸ਼ ਜਾਰੀ ਕਰਨ ਤੱਕ ਖਰੀਦ ਨੂੰ ਅੰਤਿਮ ਰੂਪ ਦੇਣ ਵਿੱਚ ਔਸਤਨ ਸੱਤ ਮਹੀਨੇ ਲਏ ਗਏ ਸਨ।

ਇਸ ਤਰ੍ਹਾਂ, ਕੰਪਨੀ ਟੈਂਡਰਾਂ ਨੂੰ ਅੰਤਿਮ ਰੂਪ ਦੇਣ ਵਿੱਚ ਬੇਹੱਦ ਲੰਬਾ ਸਮਾਂ ਲੈ ਰਹੀ ਸੀ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ 120 ਦਿਨਾਂ ਦੀ ਅਸਲ ਵੈਧਤਾ ਮਿਆਦ ਦੇ ਅੰਦਰ ਖਰੀਦ ਪ੍ਰਸਤਾਵਾਂ ਨੂੰ ਅੰਤਿਮ ਰੂਪ ਨਹੀਂ ਦੇ ਸਕੀ। ਟੈਂਡਰਾਂ ਨੂੰ ਅੰਤਿਮ ਰੂਪ ਦੇਣ ਵਿੱਚ ਨਿਯਮਤ ਦੇਰੀ ਕਾਰਨ ਕੰਪਨੀ ਨੂੰ ਐਮਰਜੈਂਸੀ ਸਥਿਤੀਆਂ ਵਿੱਚ ਸਟਾਕ ਦੀ ਉਪਲਬਧਤਾ ਨਾ ਹੋਣ ਨਾਲ ਜੁੜੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

### *6.1.2.11 ਘੱਟੋ ਘੱਟ ਸਟਾਕ ਪੱਧਰਾਂ ਦੀ ਸਾਂਭ-ਸੰਭਾਲ*

ਇੱਕ ਕੁਸ਼ਲ ਸਟਾਕ ਪ੍ਰਬੰਧਨ ਲਈ ਇੱਕ ਸੰਗਠਨ ਨੂੰ ਹਰ ਸਮੇਂ ਵਸਤੂ ਸੂਚੀ ਦੇ ਸਰਵੋਤਮ ਪੱਧਰ ਨੂੰ ਬਣਾਈ ਰੱਖਣ ਦੀ ਲੋੜ ਹੁੰਦੀ ਹੈ ਤਾਂ ਜੋ ਵਸਤੂ ਸੂਚੀ ਦੀਆਂ ਲਾਗਤਾਂ ਨੂੰ ਘੱਟੋ-ਘੱਟ ਰੱਖਿਆ ਜਾ ਸਕੇ ਅਤੇ ਸਟਾਕ-ਆਊਟ ਨੂੰ ਰੋਕਿਆ ਜਾ ਸਕੇ, ਜਿਸ ਦੇ ਨਤੀਜੇ ਵਜੋਂ ਵਿਕਰੀ ਦਾ ਨੁਕਸਾਨ ਹੋ ਸਕਦਾ ਹੈ। ਇਸ ਉਦੇਸ਼ ਲਈ, ਵੱਖ-ਵੱਖ ਸਟਾਕ ਪੱਧਰ ਜਿਵੇਂ ਕਿ ਘੱਟੋ-ਘੱਟ ਪੱਧਰ, ਵੱਧ ਤੋਂ ਵੱਧ ਪੱਧਰ, ਰੀ-ਆਰਡਰਿੰਗ ਪੱਧਰ, ਖਤਰੇ ਦੇ ਪੱਧਰ *ਆਦਿ* ਨਿਰਧਾਰਤ ਕੀਤੇ ਜਾਂਦੇ ਹਨ। ਘੱਟੋ-ਘੱਟ ਸਟਾਕ ਪੱਧਰ ਉਸ ਮਾਤਰਾ ਨੂੰ ਦਰਸਾਉਂਦਾ ਹੈ ਜਿਸ ਤੋਂ ਹੇਠਾਂ ਸਟਾਕ ਨਹੀਂ ਡਿੱਗਣਾ ਚਾਹੀਦਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮੱਗਰੀ ਦੀ ਘਾਟ ਕਾਰਨ ਸੰਗਠਨ ਦਾ ਕੰਮ ਬੰਦ ਨਾ ਹੋਵੇ।

ਊਰਜਾ ਮੀਟਰ, ਖਾਸ ਤੌਰ 'ਤੇ ਇੱਕ-ਫੇਜ਼ ਊਰਜਾ ਮੀਟਰ, ਡਿਸਕਾਮ ਦੁਆਰਾ ਲੋੜੀਂਦੀ ਮੁੱਢਲੀ ਵਸਤੂ ਹੈ ਤਾਂ ਜੋ ਨਵੇਂ ਖਪਤਕਾਰਾਂ ਨੂੰ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਜਾ ਸਕਣ ਅਤੇ ਮੌਜੂਦਾ ਖਪਤਕਾਰਾਂ ਦੇ ਡੈੱਡ/ਖਰਾਬ ਅਤੇ ਸੜੇ ਹੋਏ ਮੀਟਰਾਂ ਨੂੰ ਸਮੇਂ ਸਿਰ ਬਦਲਿਆ ਜਾ ਸਕੇ ਤਾਂ ਜੋ ਬਿਜਲੀ ਦੀ ਵਿਕਰੀ ਤੋਂ ਵੱਧ ਤੋਂ ਵੱਧ ਮਾਲੀਆ ਯਕੀਨੀ ਬਣਾਇਆ ਜਾ ਸਕੇ।

ਇੱਕ-ਫੇਜ਼ ਊਰਜਾ ਮੀਟਰਾਂ ਦਾ ਘੱਟੋ-ਘੱਟ ਸਟਾਕ ਪੱਧਰ 1.10 ਲੱਖ ਯੂਨਿਟ ਨਿਰਧਾਰਤ ਕੀਤਾ ਗਿਆ ਸੀ। 2021-22 ਦੌਰਾਨ ਇੱਕ-ਫੇਜ਼ ਊਰਜਾ ਮੀਟਰਾਂ ਦੀ ਪੰਦਰਵਾੜੇ ਸਟਾਕ ਸਥਿਤੀ ਦੀ ਸਮੀਖਿਆ ਤੋਂ ਪਤਾ ਲੱਗਿਆ ਕਿ ਜੂਨ 2021 ਤੋਂ ਮਾਰਚ 2022 ਦੌਰਾਨ ਸਟਾਕ ਦੀ ਸਥਿਤੀ ਘੱਟ ਰਹੀ ਅਤੇ ਇਹ 7,991 ਮੀਟਰ (ਦਸੰਬਰ 2021) ਤੋਂ 81,490 ਮੀਟਰ ਦੇ ਵਿਚਕਾਰ ਸੀ (ਜੂਨ 2021)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਵਸਤੂਆਂ ਦਾ ਪੱਧਰ ਪੂਰੀ ਤਰ੍ਹਾਂ ਨਾਕਾਫੀ ਸੀ, ਜੋ ਨਾਕਾਫੀ ਖਰੀਦ ਨੂੰ ਦਰਸਾਉਂਦਾ ਹੈ, ਜਿਸ ਕਾਰਨ ਕੁਨੈਕਸ਼ਨਾਂ ਨੂੰ ਜਾਰੀ ਕਰਨ ਅਤੇ ਡੈੱਡ/ਖਰਾਬ ਅਤੇ ਸੜੇ ਹੋਏ ਮੀਟਰਾਂ ਨੂੰ ਬਦਲਣ ਵਿੱਚ ਦੇਰੀ ਹੋ ਰਹੀ ਸੀ, ਜਿਸ ਦੇ ਨਤੀਜੇ ਵਜੋਂ ਕੰਪਨੀ ਨੂੰ ਮਾਲੀਆ ਘਾਟਾ ਹੋ ਰਿਹਾ ਸੀ (ਜਿਵੇਂ ਕਿ ਪੈਰ੍ਹਾ 6.1.2.1 ਅਤੇ 6.1.2.2 ਵਿੱਚ ਚਰਚਾ ਕੀਤੀ ਗਈ ਹੈ)

## ਪਾਲਣਾ ਅਤੇ ਨਿਯੰਤਰਣ ਦੇ ਮੁੱਦੇ

### *6.1.2.12 ਮੀਟਰਿੰਗ ਉਪਕਰਣ ਲੈਬੋਰੇਟਰੀਜ਼ ਦੀ ਮਾਨਤਾ*

ਮੀਟਰਿੰਗ ਰੈਗੂਲੇਸ਼ਨਜ਼ 2006 ਦੇ ਰੈਗੂਲੇਸ਼ਨ 17 ਅਤੇ ਸਪਲਾਈ ਕੋਡ 2014 ਦੇ ਰੈਗੂਲੇਸ਼ਨ 21 ਵਿੱਚ ਮਾਨਤਾ ਪ੍ਰਾਪਤ ਟੈਸਟਿੰਗ ਲੈਬੋਰਟਰੀਜ਼ ਦੀ ਢੁਕਵੀਂ ਗਿਣਤੀ ਸਥਾਪਤ ਕਰਨ ਜਾਂ ਹੋਰ ਮਾਨਤਾ ਪ੍ਰਾਪਤ ਟੈਸਟਿੰਗ ਲੈਬੋਰਟਰੀਜ਼ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਲਈ ਨੈਸ਼ਨਲ ਐਕਰੀਡੀਟੇਸ਼ਨ ਬੋਰਡ ਫਾਰ ਟੈਸਟਿੰਗ ਅਤੇ ਕੈਲੀਬ੍ਰੇਸ਼ਨ ਲੈਬੋਰਟਰੀਜ਼ (ਐਨ ਏ ਬੀ ਐਲ) ਤੋਂ ਮੌਜੂਦਾ

ਮੀਟਰ ਟੈਸਟਿੰਗ ਲੈਬੋਰਟਰੀਜ਼ ਦੀ ਮਾਨਤਾ ਪ੍ਰਾਪਤ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਵਿਵਸਥਾ ਕੀਤੀ ਗਈ ਹੈ। ਕਮਿਸ਼ਨ ਮਈ 2019 ਤੋਂ ਨਿਯਮਤ ਤੌਰ 'ਤੇ ਕੰਪਨੀ ਨੂੰ ਨਿਰਦੇਸ਼ ਦੇ ਰਿਹਾ ਹੈ ਕਿ ਉਹ ਐਨ ਏ ਬੀ ਐਲ ਤੋਂ ਆਪਣੀਆਂ ਮੌਜੂਦਾ ਮੀਟਰ ਟੈਸਟਿੰਗ ਲੈਬੋਰਟਰੀਜ਼ ਦੀ ਮਾਨਤਾ ਪ੍ਰਾਪਤ ਕਰੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਜਨਵਰੀ 2023 ਤੱਕ ਕੰਪਨੀ ਨੂੰ ਪੰਜਾਬ ਭਰ ਵਿੱਚ ਫੈਲੀਆਂ ਆਪਣੀਆਂ 14 ਮੀਟਰਿੰਗ ਉਪਕਰਣ (ਐਮ ਈ) ਲੈਬੋਰਟਰੀਜ਼ ਵਿੱਚੋਂ ਸਿਰਫ ਇੱਕ ਐਮ ਈ ਲੈਬੋਰਟਰੀ (ਜਲੰਧਰ) ਲਈ ਮਾਨਤਾ ਪ੍ਰਾਪਤ ਹੋਈ ਸੀ। ਪਟਿਆਲਾ ਅਤੇ ਲੁਧਿਆਣਾ ਵਿੱਚ ਐਮ ਈ ਲੈਬੋਰਟਰੀਜ਼ ਦੀ ਮਾਨਤਾ ਦੀ ਪ੍ਰਕਿਰਿਆ 2020-21 ਦੌਰਾਨ ਅਤੇ ਅੰਮ੍ਰਿਤਸਰ ਅਤੇ ਬਠਿੰਡਾ ਲਈ 2021-22 ਦੌਰਾਨ ਸ਼ੁਰੂ ਕੀਤੀ ਗਈ ਸੀ, ਪਰ ਨਿਯਮਾਂ ਦੇ 17 ਸਾਲ ਬੀਤ ਜਾਣ ਦੇ ਬਾਵਜੂਦ ਵੀ ਇਹ ਕੰਮ ਅਜੇ ਤੱਕ ਪੂਰਾ ਨਹੀਂ ਹੋਇਆ (ਜਨਵਰੀ 2023)। ਬਾਕੀ ਨੌਂ ਲੈਬੋਰਟਰੀਜ਼ ਦੀ ਮਾਨਤਾ ਲਈ ਸਥਿਤੀ/ਪ੍ਰਸਤਾਵ ਰਿਕਾਰਡ 'ਤੇ ਨਹੀਂ ਸੀ।

ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ ਭੇਜਿਆ ਗਿਆ ਸੀ (ਜੁਲਾਈ 2023); ਉਨਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

## 6.1.3 ਸਿੱਟਾ

**ਕੰਪਨੀ ਨੇ ਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕਰਦੇ ਹੋਏ ਨਵੇਂ ਕੁਨੈਕਸ਼ਨਾਂ ਦੀ ਮੀਟਰਿੰਗ/ ਖਰਾਬ/ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ। ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੁਆਰਾ ਸ਼ਹਿਰੀ ਫੀਡਰਾਂ ਤੋਂ ਫੀਡ ਕੀਤੇ ਗਏ ਏ ਪੀ ਖਪਤਕਾਰਾਂ ਦੇ ਸਬੰਧ ਵਿੱਚ ₹ 64.37 ਕਰੋੜ ਦੀ ਊਰਜਾ ਖਪਤ ਨੂੰ ਅਣਮੀਟਰਡ ਕੁਨੈਕਸ਼ਨਾਂ/ਅਧੂਰੇ ਅਤੇ ਗੈਰ-ਕਾਨੂੰਨੀ ਮੀਟਰ ਰੀਡਿੰਗਾਂ ਕਾਰਨ ਏ ਪੀ ਖਪਤ ਦੀ ਗਣਨਾ ਕਰਨ ਲਈ ਵਿਚਾਰਿਆ ਨਹੀਂ ਗਿਆ। ₹ 2.88 ਕਰੋੜ ਦੇ ਖਰਚੇ ਦੇ ਬਾਵਜੂਦ, ਕੰਪਨੀ ਏ ਪੀ ਫੀਡਰਾਂ ਦੇ ਵੰਡ ਘਾਟੇ ਦੀ ਗਣਨਾ ਨਹੀਂ ਕਰ ਸਕੀ। ਇਲੈਕਟ੍ਰੋ-ਮਕੈਨੀਕਲ ਮੀਟਰਾਂ ਨੂੰ ਗੈਰ-ਸਮਾਰਟ ਇਲੈਕਟ੍ਰਾਨਿਕ ਮੀਟਰਾਂ ਨਾਲ ਬਦਲਣ ਵਿੱਚ ਲੰਬੇ ਸਮੇਂ ਤੋਂ ਦੇਰੀ ਦੇ ਨਤੀਜੇ ਵਜੋਂ ₹ 13.75 ਕਰੋੜ ਦਾ ਬੇਲੋੜਾ ਖਰਚਾ ਹੋਇਆ। ਸਮਾਰਟ ਮੀਟਰਾਂ ਦੀ ਲਾਜ਼ਮੀ ਜ਼ਰੂਰਤ ਦੇ ਬਾਵਜੂਦ, ਕੰਪਨੀ ਨੇ ਰਵਾਇਤੀ ਮੀਟਰਾਂ ਦੀ ਖਰੀਦ 'ਤੇ ₹ 22.44 ਕਰੋੜ ਦਾ ਟਾਲਣਯੋਗ ਖਰਚਾ ਕੀਤਾ। ਕੰਪਨੀ ਨੇ ਊਰਜਾ ਮੀਟਰਾਂ ਦਾ ਘੱਟੋ-ਘੱਟ ਸਟਾਕ ਪੱਧਰ ਬਣਾਈ ਨਹੀਂ ਰੱਖਿਆ।**

## 6.1.4 ਸਿਫਾਰਸ਼

**ਕੰਪਨੀ ਇਹ ਕਰ ਸਕਦੀ ਹੈ:**

- **ਨਵੇਂ ਕੁਨੈਕਸ਼ਨਾਂ ਦੀ ਮੀਟਰਿੰਗ/ਖਰਾਬ/ਸੜੇ ਹੋਏ ਮੀਟਰਾਂ ਨੂੰ ਬਦਲਣ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਕਰਨਾ; ਅਤੇ**
- **ਖੇਤੀਬਾੜੀ ਪੰਪ ਸੈਟ ਖਪਤਕਾਰਾਂ ਤੇ ਮੀਟਰ ਲਗਾਉਣ ਸੰਬੰਧੀ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ।**

## 6.2 ਐਸ ਏ ਪੀ ਪ੍ਰਣਾਲੀ ਨੂੰ ਸੰਭਾਲਣ ਵਿੱਚ ਦੇਰੀ ਕਾਰਨ ਟਾਲਣਯੋਗ ਖਰਚਾ

**ਫਰਮ ਤੋਂ ਐਸ ਏ ਪੀ ਪ੍ਰਣਾਲੀ ਦੀਆਂ ਫੈਸੇਲਿਟੀ ਮੈਨੇਜਮੈਂਟ ਸਰਵਿਸਜ਼ ਦੇ ਆਊਟਸੋਰਸ ਕੀਤੇ ਕੰਮ ਨੂੰ ਸੰਭਾਲਣ ਲਈ ਲੋੜੀਂਦੀ ਅਤੇ ਸਿਖਲਾਈ ਪ੍ਰਾਪਤ ਮੈਨਪਾਵਰ ਦੀ ਦੇਰੀ ਨਾਲ ਤੈਨਾਤੀ ਅਤੇ ਵਰਕ ਆਰਡਰ ਨੂੰ ਅੱਗੇ ਵਧਾਉਣ ਦੇ ਨਤੀਜੇ ਵਜੋਂ ₹ 3.23 ਕਰੋੜ ਦਾ ਟਾਲਣਯੋਗ ਖਰਚਾ ਹੋਇਆ।**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ, ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੇ ਰੀਸਟ੍ਰਕਚਰਡ ਐਕਸੀਲਰੇਟਿਡ ਪਾਵਰ ਡਿਵੈਲਪਮੈਂਟ ਐਂਡ ਰਿਫਾਰਮ ਪ੍ਰੋਗਰਾਮ (ਆਰ-ਏ ਪੀ ਡੀ ਆਰ ਪੀ) ਦੇ ਅਧੀਨ 47 ਕਸਬਿਆਂ ਵਿੱਚ ਇੰਨਫਾਰਮੇਸ਼ਨ ਤਕਨਾਲੋਜੀ (ਆਈ ਟੀ) ਕੰਮਾਂ ਨੂੰ ਲਾਗੂ ਕਰਨ ਲਈ ਮੈਸਰਜ਼ ਸਪੈਨਕੋ ਨੂੰ ਵਰਕ ਆਰਡਰ ਦਿੱਤਾ (29 ਅਪ੍ਰੈਲ 2010)। ਕਿਉਂਕਿ ਮੈਸਰਜ਼ ਸਪੈਨਕੋ ਕੰਮ ਪੂਰਾ ਕਰਨ ਵਿੱਚ ਅਸਫਲ ਰਹੀ, ਵਰਕ ਆਰਡਰ ਨੂੰ ਖਤਮ ਕਰ ਦਿੱਤਾ ਗਿਆ ਅਤੇ ਬਾਕੀ ਰਹਿੰਦੇ ਕੰਮ ਨੂੰ ਪੂਰਾ ਕਰਨ ਲਈ ਇੱਕ ਹੋਰ ਵਰਕ ਆਰਡਰ ਜਿਵੇਂ ਕਿ ਚਾਲੂ ਮੁੱਦਿਆਂ ਦਾ ਸਮਾਧਾਨ ਕਰਨਾ ਅਤੇ ਸਾਰੇ ਆਰ-ਏ ਪੀ ਡੀ ਆਰ ਪੀ ਕਸਬਿਆਂ ਵਿੱਚ ਸਿਸਟਮ ਐਪਲੀਕੇਸ਼ਨਜ਼ ਐਂਡ ਪ੍ਰੋਡਕਟਸ (ਐਸ ਏ ਪੀ[90])/ਇੰਡਸਟਰੀਅਲ ਸਲਿਊਸ਼ਨ ਫਾਰ ਯੂਟਿਲਿਟੀਜ਼ (ਆਈ ਐਸ ਯੂ) ਦੀ ਤੈਨਾਤੀ ਮੈਸਰਜ਼ ਐਕਸੈਂਚਰ ਸਰਵਿਸਿਜ਼ ਪ੍ਰਾਈਵੇਟ ਲਿਮਟਡ (ਫਰਮ) ਨੂੰ ਦਿੱਤਾ ਗਿਆ (12 ਜੂਨ 2014)। ਆਰ-ਏ ਪੀ ਡੀ ਆਰ ਪੀ ਦੇ ਅਧੀਨ ਆਉਣ ਵਾਲੇ ਸਾਰੇ ਕਸਬਿਆਂ ਨੂੰ ਅਪ੍ਰੈਲ 2015 ਵਿੱਚ ਗੋ-ਲਾਈਵ ਘੋਸ਼ਿਤ ਕੀਤਾ ਗਿਆ।

ਫਰਮ ਨੇ ਐਸ ਏ ਪੀ-ਆਈ ਐਸ ਯੂ ਦੇ ਮੁੱਖ ਮਾਡਿਊਲ ਵਿਕਸਿਤ ਕੀਤੇ ਅਤੇ ਇਸ ਨੂੰ ਹੋਰ ਮਾਡਿਊਲਾਂ ਨਾਲ ਜੋੜਿਆਂ, ਹਾਲਾਂਕਿ ਆਈ ਟੀ ਲਾਗੂਕਰਨ ਲਈ ਅਰਜ਼ੀ ਦੀ ਨਿਗਰਾਨੀ ਅਤੇ ਰੱਖ-ਰਖਾਅ ਲਈ ਲੋੜੀਦੇ ਹੁਨਰਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲੇ ਮੈਨਪਾਵਰ ਦੀ ਅਣਹੋਂਦ ਦੇ ਮੱਦੇਨਜ਼ਰ, ਕੰਪਨੀ ਨੇ ਉਕਤ ਵਰਕ ਆਰਡਰ ਵਿੱਚ ਸੋਧ ਕੀਤੀ (22 ਜਨਵਰੀ 2016) ਅਤੇ 01 ਫਰਵਰੀ 2016 ਤੋਂ 31 ਜਨਵਰੀ 2021 ਤੱਕ ਪੰਜ ਸਾਲਾਂ ਦੀ ਮਿਆਦ ਲਈ ਐਸ ਏ ਪੀ-ਆਈ ਐਸ ਯੂ ਦੇ ਫੈਸੇਲਿਟੀ ਮੈਨੇਜਮੈਂਟ ਸਰਵਿਸਜ਼ (ਐਫ ਐਮ ਐਸ[91]) ਦਾ ਕੰਮ ਫਰਮ ਨੂੰ ਸੌਂਪਿਆਂ, ਜਿਸਦਾ ਐਫ ਐਮ ਐਸ ਖਰਚਾ ₹ 15.43 ਕਰੋੜ ਸੀ। ਸੋਧੇ ਹੋਏ ਵਰਕ ਆਰਡਰ ਦੇ ਉਪਬੰਧਾਂ ਦੇ ਅਨੁਸਾਰ, ਫਰਮ ਨੂੰ ਕੰਪਨੀ ਵਿੱਚ 9.5 ਮੈਨਪਾਵਰ ਰਿਸੋਰਸਿਜ਼ ਤੈਨਾਤ ਕਰਨੇ ਸਨ ਅਤੇ ਜਦੋਂ ਵੀ ਫਰਮ ਦੇ ਅਜਿਹੇ ਰਿਸੋਰਸਿਜ਼ ਉਪਲੱਬਧ ਹੋਣ, ਤਾਂ ਕੰਪਨੀ ਨੂੰ ਉਸ ਸਮੇਂ ਦੀ ਵਰਤੋਂ ਆਪਣੇ ਅਧਿਕਾਰੀਆਂ ਦੀ ਅੰਦਰੂਨੀ ਸਿਖਲਾਈ ਲਈ ਕਰਨੀ ਸੀ। ਇਸ ਤੋਂ ਇਲਾਵਾ, ਫਰਮ ਨੂੰ ਕੰਪਨੀ ਵਿੱਚ ਤੈਨਾਤ ਐਸ ਏ ਪੀ-ਆਈ ਐਸ ਯੂ ਐਪਲੀਕੇਸ਼ਨ ਦਾ ਗਿਆਨ ਸੰਚਾਰ ਕਰਨ ਦੀ ਵੀ ਲੋੜ ਸੀ।

ਹਾਲਾਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ ਨੇ ਦਸੰਬਰ 2020 ਵਿੱਚ *ਯਾਨੀ ਕਿ* ਇਕਰਾਰਨਾਮੇ ਦੀ ਮਿਆਦ ਖਤਮ ਹੋਣ ਤੋਂ ਦੋ ਮਹੀਨੇ ਪਹਿਲਾ, ਫਰਮ ਤੋਂ ਐਫ ਐਮ ਐਸ ਦਾ ਕੰਮ ਸੰਭਾਲਣ ਲਈ ਇਨ-ਹਾਊਸ ਆਈ ਟੀ ਟੀਮ ਬਣਾਉਣ ਲਈ ਰੋਡਮੈਪ ਤਿਆਰ ਕਰਨ ਦਾ ਫੈਸਲਾ

---

90 ਐਸ ਏ ਪੀ ਫਰਮੇਵਰਕ ਵਿੱਚ ਕਈ ਵੱਖ-ਵੱਖ ਮਾਡਿਊਲ ਸ਼ਾਮਲ ਹੁੰਦੇ ਹਨ ਜੋ ਕਾਰੋਬਾਰੀ ਪ੍ਰਸ਼ਾਸਨ ਦੇ ਹਰ ਪਹਿਲੂ ਵਿੱਚ ਸਾਰੇ ਇਰਾਦਿਆਂ ਅਤੇ ਉਦੇਸ਼ ਕਵਰ ਕਰਦੇ ਹਨ।

91 ਲੋਕਾਂ ਦੀ ਸਹਾਇਤਾ ਲਈ ਸਮਰਪਿਤ ਸੇਵਾ। ਇਹ ਬਣਾਏ ਗਏ ਵਾਤਾਵਰਣ ਦੀ ਕਾਰਜਸ਼ੀਲਤਾ, ਆਰਾਮ, ਸੁਰੱਖਿਆ, ਸਥਿਰਤਾ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣੀਆਂ ਹਨ।

ਕੀਤਾ। ਰੋਡਮੈਪ ਤਿਆਰ ਕਰਨ ਲਈ ਕੰਪਨੀ ਦੁਆਰਾ ਗਠਿਤ ਇੱਕ ਕਮੇਟੀ[92] (ਦਸੰਬਰ 2020) ਨੇ ਸਿੱਟਾ ਕੱਢਿਆ (ਜਨਵਰੀ 2021) ਕਿ ਪੂਰੀ ਤਰ੍ਹਾਂ ਕੰਮ ਸੰਭਾਲਣ ਵਿੱਚ ਘੱਟੋ-ਘੱਟ 9-10 ਮਹੀਨੇ ਲੱਗ ਸਕਦੇ ਹਨ ਅਤੇ ਇਸ ਲਈ ਛੇ ਜਾਂ ਸੱਤ ਵਾਧੂ ਸਹਾਇਕ ਮੈਨੇਜਰਾਂ, ਆਈ ਟੀ ਦੀ ਟੀਮ ਦੀ ਲੋੜ ਪਵੇਗੀ। ਇਸ ਨੇ ਅੱਗੇ ਵਰਕ ਆਰਡਰ ਨੂੰ ਇੱਕ ਸਾਲ ਵਧਾਉਣ ਅਤੇ ਫਰਮ ਦੁਆਰਾ ਤੈਨਾਤ ਸਾਲਾਨਾ ਮੈਨਪਾਵਰ ਨੂੰ 9.5 ਤੋਂ ਘਟਾ ਕੇ 7.5 ਕਰਨ ਦੀ ਸਿਫਾਰਸ਼ ਕੀਤੀ (29 ਜਨਵਰੀ 2021)। ਸਿਫਾਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ, ਕੰਪਨੀ ਨੇ ਵਰਕ ਆਰਡਰ ਨੂੰ 01 ਫਰਵਰੀ 2021 ਤੋਂ 31 ਜਨਵਰੀ 2022 ਦੀ ਮਿਆਦ ਲਈ ਵਧਾ ਦਿੱਤਾ (29 ਜਨਵਰੀ 2021) ਅਤੇ ਨਾਲ ਹੀ ਫਰਮ ਦੇ ਮੈਨਪਾਵਰ ਰਿਸੋਰਸਿਜ਼ ਨੂੰ 9.5 ਤੋਂ ਘਟਾ ਕੇ 7.5 ਕਰ ਦਿੱਤਾ।

ਕਮੇਟੀ ਦੀ ਸਿਫਾਰਸ਼ ਦੀ ਮਿਤੀ ਤੋਂ ਛੇ ਮਹੀਨਿਆਂ ਦੀ ਮਿਆਦ ਖਤਮ ਹੋਣ ਤੋਂ ਬਾਅਦ, ਨੌਂ ਮੈਂਬਰਾਂ[93] ਦੀ ਇੱਕ ਟੀਮ ਬਣਾਈ ਗਈ (ਜੁਲਾਈ 2021) ਜਿਸਨੇ ਦਸੰਬਰ 2021 ਤੱਕ ਫਰਮ ਤੋਂ ਐਸ ਏ ਪੀ ਦਾ ਕੰਮ ਸੰਭਾਲਣਾ ਸੀ। ਟੀਮ ਨੂੰ ਤਿੰਨ ਵਾਧੂ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਮਜ਼ਬੂਤ ਕੀਤਾ ਗਿਆ (ਦਸੰਬਰ 2021)। ਹਾਲਾਂਕਿ, ਕਿਉਂਕਿ ਟੀਮ ਮੈਬਰਾਂ ਦੀਆਂ ਹੜਤਾਲਾਂ/ਤਾਲਾਬੰਦੀ ਅਤੇ ਚੋਣ ਡਿਊਟੀ ਕਾਰਨ ਫਰਮ ਤੋਂ ਐਸ ਏ ਪੀ ਦੇ ਕੰਮ ਸੰਭਾਲਣ ਦਾ ਕੰਮ ਸੰਭਵ ਨਹੀਂ ਪਾਇਆ ਗਿਆ, ਇਸ ਲਈ ਕੰਪਨੀ ਨੇ ਵਰਕ ਆਰਡਰ ਨੂੰ ਹੋਰ ਛੇ ਮਹੀਨਿਆਂ *ਭਾਵ* 31 ਜੁਲਾਈ 2022 ਤੱਕ ਵਧਾ ਦਿੱਤਾ (ਮਾਰਚ 2022)। ਅਪ੍ਰੈਲ 2022 ਵਿੱਚ, ਕੰਪਨੀ ਨੇ ਚਾਰ ਵਾਧੂ ਅਧਿਕਾਰੀਆਂ ਨੂੰ ਤੈਨਾਤ ਕਰਕੇ ਐਸ ਏ ਪੀ ਟੇਕਓਵਰ ਟੀਮ ਨੂੰ ਹੋਰ ਪੂਰਕ ਬਣਾਇਆ, ਜਿਸ ਨਾਲ ਟੀਮ ਦੀ ਕੁੱਲ ਗਿਣਤੀ 16 ਮੈਬਰਾਂ (ਨੌਂ ਮੌਜੂਦਾ ਅਧਿਕਾਰੀ ਅਤੇ ਸੱਤ ਨਵੇਂ ਭਰਤੀ ਹੋਏ ਅਧਿਕਾਰੀ) ਦੀ ਹੋ ਗਈ। ਅੰਤ ਵਿੱਚ, ਕੰਪਨੀ ਦੀ ਟੀਮ ਨੇ 31 ਜੁਲਾਈ 2022 ਨੂੰ ਫਰਮ ਤੋਂ ਐਸ ਏ ਪੀ ਪ੍ਰਣਾਲੀ ਨੂੰ ਸੰਭਾਲ ਲਿਆ।

ਲੇਖਾ ਪ੍ਰੀਖਿਆ ਨੇ ਵੇਖਿਆ (ਦਸੰਬਰ 2022) ਕਿ ਹਾਲਾਂਕਿ ਕੰਪਨੀ ਕੋਲ ਲੋੜੀਂਦੀ ਮੈਨਪਾਵਰ ਦਾ ਪ੍ਰਬੰਧ ਕਰਨ ਅਤੇ ਫਰਮ ਤੋਂ ਐਸ ਏ ਪੀ ਦਾ ਕੰਮ ਸੰਭਾਲਣ ਲਈ ਉਨ੍ਹਾਂ ਨੂੰ ਸਿਖਲਾਈ ਦੇਣ ਲਈ ਪੰਜ ਸਾਲਾਂ (ਐਫ ਐਮ ਐਸ ਲਈ ਸੋਧੇ ਹੋਏ ਵਰਕ ਆਰਡਰ ਦੀ ਮਿਆਦ) ਦੀ ਲੋੜੀਂਦੀ ਸਮਾਂ ਸੀਮਾ ਸੀ, ਪਰ ਇਸ ਨੇ ਇਸ ਸਬੰਧ ਵਿੱਚ ਸਮੇਂ ਸਿਰ ਕਾਰਵਾਈ ਨਹੀਂ ਕੀਤੀ। ਫਰਮ ਤੋਂ ਐਸ ਏ ਪੀ ਨਾਲ ਸਬੰਧਤ ਕੰਮ ਸੰਭਾਲਣ ਲਈ ਟੀਮ ਨੂੰ ਤੈਨਾਤ ਕਰਨ ਵਿੱਚ ਦੇਰੀ ਦੇ ਕਾਰਨ, ਇਸ ਨੂੰ ਵਰਕ ਆਰਡਰ ਨੂੰ ਹੋਰ 18 ਮਹੀਨਿਆਂ ਲਈ ਵਧਾਉਣਾ ਪਿਆ ਜਿਸ ਦੇ ਨਤੀਜੇ ਵਜੋਂ ₹ 3.23 ਕਰੋੜ (₹ 5.03 - ₹ 1.80[94] ਕਰੋੜ *ਭਾਵ* ਫਰਵਰੀ 2021 ਤੋਂ ਜੁਲਾਈ 2022 ਦੀ ਮਿਆਦ ਲਈ ਫਰਮ ਨੂੰ ਅਦਾ ਕੀਤੇ ਗਏ ਐਫ ਐਮ ਐਸ ਖਰਚੇ *ਘਟਾਓ*: ਐਸ ਏ ਪੀ ਪ੍ਰਣਾਲੀ ਸੰਭਾਲਣ ਲਈ ਨਾਮਜ਼ਦ ਕਰਮਚਾਰੀਆਂ ਦੀ ਅਨੁਸਾਰੀ ਤਨਖਾਹ) ਦਾ ਟਾਲਣਯੋਗ ਖਰਚਾ ਹੋਇਆ।

ਰਾਜ ਸਰਕਾਰ/ਕੰਪਨੀ ਨੇ ਕਿਹਾ (ਨਵੰਬਰ 2024/ਸਤੰਬਰ 2024) ਕਿ ਸਾਲ 2016 ਵਿੱਚ ਐਸ ਏ ਪੀ ਐਫ ਐਮ ਐਸ ਕੰਮ ਦੀ ਸ਼ੁਰੂਆਤ ਤੋਂ ਬਾਅਦ ਕੰਪਨੀ ਦੁਆਰਾ ਸਟਾਫ ਦੀ ਲੋੜ ਪੂਰੀ ਨਹੀਂ ਕੀਤੀ ਜਾ ਸਕੀ ਕਿਉਂਕਿ ਆਈ ਟੀ ਮੈਨਪਾਵਰ ਦੁਆਰਾ ਵੱਖ-ਵੱਖ ਵਾਧੂ ਮਹੱਤਵਪੂਰਨ ਗਤੀਵਿਧੀਆਂ ਦੀ ਦੇਖਭਾਲ ਕੀਤੀ ਜਾ ਰਹੀ ਸੀ। ਇਸ ਤੋਂ ਇਲਾਵਾ, ਆਈ ਟੀ ਵਿੰਗ ਦੇ ਪੰਜ

92 ਕੰਪਨੀ ਦੇ ਡਾਇਰੈਕਟਰ (ਫਾਇਨਾਂਸ), ਡਾਇਰੈਕਟਰ (ਡਿਸਟ੍ਰੀਬਿਊਸ਼ਨ) ਅਤੇ ਚੀਫ ਇੰਜੀਨੀਅਰ, ਸੂਚਨਾ ਤਕਨਾਲੋਜੀ ਸ਼ਾਮਲ ਕਰਦੇ ਹੋਏ

93 ਕੰਪਨੀ ਦੇ ਪੰਜ ਪੁਰਾਣੇ ਅਤੇ ਚਾਰ ਨਵੇਂ ਭਰਤੀ ਕੀਤੇ ਗਏ ਕਰਮਚਾਰੀ

94 ਐਸ ਏ ਪੀ ਨੂੰ ਸੰਭਾਲਣ ਲਈ ਨਾਮਜ਼ਦ 16 ਕਰਮਚਾਰੀਆਂ ਦੀ ਤਨਖਾਹ

ਸਹਾਇਕ ਮੈਨੇਜਰਾਂ ਦੇ ਅਸਤੀਫੇ ਨਾਲ ਮੈਸਰਜ਼ ਐਕਸੈਂਚਰ ਤੋਂ ਐਸ ਏ ਪੀ ਦਾ ਕੰਮ ਸੰਭਾਲਣਾ ਵੀ ਪ੍ਰਭਾਵਿਤ ਹੋਇਆ। ਇਸ ਤੋਂ ਇਲਾਵਾ, ਐਸ ਏ ਪੀ ਸਿਸਟਮ ਬਹੁਤ ਗੁੰਝਲਦਾਰ ਹੈ ਅਤੇ ਯੂਨੀਵਰਸਿਟੀ ਸਿੱਖਿਆ ਦੌਰਾਨ ਸਿੱਧੇ ਤੌਰ 'ਤੇ ਨਹੀਂ ਸਿਖਾਇਆ ਜਾਂਦਾ, ਇਸ ਲਈ ਨਵੇਂ ਸਟਾਫ ਨੂੰ ਐਸ ਏ ਪੀ ਨਾਲ ਸਬੰਧਤ ਕੰਮ ਨੂੰ ਸੰਭਾਲਣ ਲਈ ਨੌਕਰੀ 'ਤੇ ਪੂਰੀ ਸਿਖਲਾਈ ਦੀ ਲੋੜ ਹੁੰਦੀ ਹੈ।

ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਕੰਪਨੀ ਨੇ ਕੰਪਨੀ ਵਿੱਚ ਤੈਨਾਤ ਐਸ ਏ ਪੀ-ਆਈ ਐਸ ਯੂ ਐਪਲੀਕੇਸ਼ਨ ਦੇ ਗਿਆਨ ਪਰਿਵਰਤਨ ਪ੍ਰਕਿਰਿਆ ਦੇ ਹਿੱਸੇ ਵਜੋਂ ਆਪਣੇ ਅਧਿਕਾਰੀਆਂ ਦੀ ਅੰਦਰੂਨੀ ਸਿਖਲਾਈ ਲਈ ਫਰਮ ਦੇ ਉਪਲਬਧ ਸਰੋਤਾਂ ਦੀ ਵਰਤੋਂ ਨਹੀਂ ਕੀਤੀ। ਇਸ ਤੋਂ ਇਲਾਵਾ, ਬਾਅਦ ਵਿੱਚ ਗਠਿਤ ਐਸ ਏ ਪੀ ਟੇਕਓਵਰ ਟੀਮ ਦੇ 16 ਵਿੱਚੋਂ ਨੌਂ ਮੈਂਬਰ ਸਾਲ 2012/2016 ਤੋਂ ਕੰਪਨੀ ਨਾਲ ਕੰਮ ਕਰ ਰਹੇ ਸਨ ਅਤੇ ਕੰਪਨੀ ਕੋਲ ਆਪਣੇ ਮੌਜੂਦਾ ਆਈ ਟੀ ਅਧਿਕਾਰੀਆਂ ਤੋਂ ਇੱਕ ਟੀਮ ਬਣਾਉਣ ਅਤੇ ਇਨ੍ਹਾਂ ਮੈਂਬਰਾਂ ਨੂੰ ਸਿਖਲਾਈ ਦੇਣ ਲਈ ਪੰਜ ਸਾਲਾਂ ਦੀ ਲੋੜੀਂਦੀ ਸਮਾਂ ਸੀਮਾ ਸੀ, ਖਾਸ ਕਰਕੇ, ਜਦੋਂ ਫਰਮ ਸਿਰਫ 9.5/7.5 ਦੀ ਮੈਨਪਾਵਰ ਨਾਲ ਐਸ ਏ ਪੀ/ਆਈ ਐਸ ਯੂ ਦੇ ਕੰਮ ਨੂੰ ਸੰਭਾਲ ਰਹੀ ਸੀ। ਇਸ ਤੋਂ ਇਲਾਵਾ, 2016 ਤੱਕ ਭਰਤੀ ਕੀਤੇ ਗਏ 28 ਆਈ ਟੀ ਕਰਮਚਾਰੀਆਂ ਵਿੱਚੋਂ ਸੱਤ[95] ਕੰਪਨੀ ਦੇ ਆਈ ਟੀ ਵਿੰਗ ਤੋਂ ਬਾਹਰ ਤੈਨਾਤ ਸਨ। ਇਸ ਤੋਂ ਇਲਾਵਾ, ਕੰਪਨੀ ਆਈ ਟੀ ਨਾਲ ਸਬੰਧਤ ਰੁਟੀਨ ਸੰਚਾਲਨ ਗਤੀਵਿਧੀਆਂ ਨੂੰ ਗੈਰ-ਆਈ ਟੀ ਸਟਾਫ ਨੂੰ ਸੌਂਪ ਸਕਦੀ ਸੀ ਜਿਵੇਂ ਕਿ ਬਾਅਦ ਵਿੱਚ ਕੀਤਾ ਗਿਆ ਸੀ (ਅਗਸਤ 2022), ਅਤੇ ਲੇਖਾ/ਕਲੈਰੀਕਲ ਕਾਡਰ ਦੇ ਸੱਤ ਅਧਿਕਾਰੀਆਂ/ਕਰਮਚਾਰੀਆਂ ਨੂੰ ਫੀਲਡ ਮੁੱਦਿਆਂ ਦੀਆਂ ਰੋਜ਼ਾਨਾ ਐਸ ਏ ਪੀ ਨਾਲ ਸਬੰਧਤ ਸੰਚਾਲਨ ਗਤੀਵਿਧੀਆਂ ਨੂੰ ਸੰਭਾਲਣ ਲਈ ਨਿਯੁਕਤ ਕਰਕੇ ਅਤੇ ਐਸ ਏ ਪੀ ਟੇਕਓਵਰ ਟੀਮ ਨੂੰ ਮਾਡਿਊਲ ਵਿਕਾਸ ਕਾਰਜਾਂ 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਬਣਾ ਸਕਦੀ ਸੀ।

**ਸਿਫਾਰਸ਼: ਕੰਪਨੀ ਆਪਣੇ ਸਮੁੱਚੇ ਵਿੱਤੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਊਟਸੋਰਸ ਕੀਤੇ ਕੰਮਾਂ ਨੂੰ ਸੰਭਾਲਣ ਵਿੱਚ ਦੇਰੀ ਤੋਂ ਬਚਣ ਲਈ ਸਬੰਧਤ ਖੇਤਰ ਵਿੱਚ ਆਪਣੇ ਕਰਮਚਾਰੀਆਂ ਦੀ ਸਿਖਲਾਈ ਦੀ ਨਿਗਰਾਨੀ ਅਤੇ ਉਸ ਨੂੰ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਪ੍ਰਸ਼ਾਸਕੀ ਢਾਂਚਾ ਬਣਾ ਸਕਦੀ ਹੈ।**

## 6.3 ਟੈਰਿਫ ਦੇ ਗਲਤ ਲਾਗੂਕਰਨ ਕਾਰਨ ਘੱਟ ਬਿਲਿੰਗ

**ਜਨਵਰੀ 2018 ਤੋਂ ਮਾਰਚ 2023 ਦੀ ਮਿਆਦ ਦੇ ਦੌਰਾਨ ਇੱਕ ਸਹਿ-ਉਤਪਾਦਨ ਪਾਵਰ ਪਲਾਂਟ ਦੇ ਊਰਜਾ ਬਿਲਾਂ ਵਿੱਚ ਸਥਿਰ ਊਰਜਾ ਚਾਰਜਿਜ਼ ਨਾ ਲਗਾਉਣ ਦੇ ਨਤੀਜੇ ਵਜੋਂ ₹ 1.68 ਕਰੋੜ ਦੀ ਘੱਟ ਬਿਲਿੰਗ ਹੋਈ ਅਤੇ ₹ 0.57 ਕਰੋੜ ਦੇ ਵਿਆਜ ਦਾ ਘਾਟਾ ਹੋਇਆ।**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਇੱਕ ਫਰਮ[96] ਨਾਲ ਪਾਵਰ ਪਰਚੇਜ਼ ਐਗਰੀਮੈਂਟ (ਪੀ ਪੀ ਏ) ਕੀਤਾ ਸੀ (ਦਸੰਬਰ 2012) ਤਾਂ ਜੋ ਉਨ੍ਹਾਂ ਦੀ ਖੰਡ ਮਿੱਲ ਵਿੱਚ ਸਥਾਪਤ 23 ਮੈਗਾਵਾਟ ਸਹਿ-ਉਤਪਾਦਨ ਪਾਵਰ ਪਲਾਂਟ ਤੋਂ 20 ਮੈਗਾਵਾਟ ਵਾਧੂ ਬਿਜਲੀ ਖਰੀਦੀ ਜਾ ਸਕੇ, ਜੋ ਕਿ ਇਸਦੇ ਚਾਲੂ ਹੋਣ ਦੀ ਮਿਤੀ (ਅਕਤੂਬਰ 2007) ਤੋਂ 20 ਸਾਲਾਂ ਦੀ ਮਿਆਦ ਲਈ ਸੀ।

---

95 ਪਟਿਆਲਾ ਵਿਖੇ ਡਾਇਰੈਕਟਰ (ਡਿਸਟ੍ਰੀਬਿਊਸ਼ਨ) ਦਾ ਦਫਤਰ: 3 ਅਤੇ ਪਟਿਆਲਾ ਤੋਂ ਬਾਹਰ: 4

96 ਮੈਸਰਜ਼ ਏ ਬੀ ਸ਼ੂਗਰਜ਼ ਲਿਮਟਡ, ਨਵੀਂ ਦਿੱਲੀ

ਬਿਜਲੀ ਉਤਪਾਦਨ ਕੰਪਨੀ ਦੁਆਰਾ ਊਰਜਾ ਦੀ ਖਰੀਦ ਨੂੰ ਨਿਯੰਤਰਿਤ ਕਰਨ ਵਾਲੇ ਪੀ ਪੀ ਏ ਦੀਆਂ ਸ਼ਰਤਾਂ ਵਿੱਚ ਇਹ ਸ਼ਰਤ ਸੀ ਕਿ ਜੇਕਰ ਬਿਜਲੀ ਉਤਪਾਦਨ ਕੰਪਨੀ *ਯਾਨੀ ਕਿ* ਫਰਮ ਵੀ ਕੰਪਨੀ ਦੀ ਇੱਕ ਖਪਤਕਾਰ ਹੈ, ਤਾਂ ਕੰਪਨੀ ਦੁਆਰਾ ਫਰਮ ਨੂੰ ਬਿਜਲੀ ਦੀ ਵਿਕਰੀ ਲਈ ਨਿਯਮ ਅਤੇ ਸ਼ਰਤਾਂ ਨੂੰ ਨਿਰਧਾਰਤ ਕਰਨ ਵਾਲਾ ਸਮਝੌਤਾ ਇਸ ਸਮਝੌਤੇ ਤੋਂ ਸਾਰੇ ਇਰਾਦੇ ਅਤੇ ਉਦੇਸ਼ਾ ਲਈ ਵੱਖਰਾ ਮੰਨਿਆ ਜਾਵੇਗਾ, *ਯਾਨੀ ਕਿ* ਸਾਰੇ ਖਰਚੇ ਜਿਵੇਂ ਕਿ ਪੇਸ਼ਗੀ ਖਪਤ ਡਿਪਾਜ਼ਿਟ, ਸਰਵਿਸ ਕੁਨੈਕਸ਼ਨ ਖਰਚੇ ਜਾਂ ਸੰਬੰਧਿਤ ਟੈਰਿਫ ਦੇ ਅਨੁਸਾਰ ਕੰਪਨੀ ਦੇ ਖਪਤਕਾਰ ਵਜੋਂ ਫਰਮ ਦੁਆਰਾ ਅਦਾ ਕੀਤੇ ਜਾਣ ਵਾਲੇ ਕੋਈ ਹੋਰ ਖਰਚੇ, ਉਸਾਰੀ ਦੀ ਮਿਆਦ ਅਤੇ ਸਹਿ-ਉਤਪਾਦਨ ਖੰਡ ਮਿੱਲ ਦੇ ਕ੍ਰਸ਼ਿੰਗ ਸੀਜ਼ਨ ਦੌਰਾਨ ਇਸ ਸਮਝੌਤੇ ਦੇ ਹਵਾਲੇ ਤੋਂ ਬਿਨਾਂ ਅਦਾ ਕੀਤੇ ਜਾਂਦੇ ਰਹਿਣਗੇ। ਇਸ ਮਿਆਦ ਦੌਰਾਨ ਕੰਪਨੀ ਦੇ ਨਿਰਯਾਤ ਮੀਟਰ (ਫਰਮ ਦਾ ਆਯਾਤ ਮੀਟਰ) 'ਤੇ ਮਾਪੀ ਗਈ ਫਰਮ ਨੂੰ ਸਪਲਾਈ ਕੀਤੀ ਗਈ ਊਰਜਾ ਕੰਪਨੀ ਦੁਆਰਾ ਵੱਡੇ ਸਪਲਾਈ ਉਦਯੋਗਿਕ ਖਪਤਕਾਰਾਂ (ਆਮ ਸ੍ਰੇਣੀ) 'ਤੇ ਲਾਗੂ ਟੈਰਿਫ ਜਾਂ ਉਸ ਮਿਆਦ ਲਈ ਲਾਗੂ ਪ੍ਰੋਜੈਕਟ ਤੋਂ ਪੈਦਾ ਹੋਣ ਵਾਲੀ ਊਰਜਾ ਦੀ ਵਿਕਰੀ ਦਰ, ਜੋ ਵੀ ਵੱਧ ਹੋਵੇ, 'ਤੇ ਬਿੱਲ ਕੀਤੀ ਜਾਵੇਗੀ।

ਪੰਜਾਬ ਸਟੇਟ ਇਲੈਕਟੀਸ੍ਰਿਟੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਨੇ ਜਨਵਰੀ 2018 ਤੋਂ ਪ੍ਰਭਾਵੀ ਸਾਰੀਆਂ ਸ਼੍ਰੇਣੀਆਂ ਦੇ ਖਪਤਕਾਰਾਂ ਲਈ ਸਥਿਰ ਊਰਜਾ ਚਾਰਜ ਅਤੇ ਵੇਰੀਏਬਲ ਊਰਜਾ ਚਾਰਜ ਸਮੇਤ ਦੋ ਭਾਗਾਂ ਦਾ ਟੈਰਿਫ ਢਾਂਚਾ ਪੇਸ਼ ਕੀਤਾ ਸੀ (ਅਕਤੂਬਰ 2017)। ਠੇਕਾ ਮੰਗ ਪ੍ਰਣਾਲੀ ਦੇ ਅਧੀਨ ਆਉਣ ਵਾਲੇ ਖਪਤਕਾਰਾਂ ਦੇ ਮਾਮਲੇ ਵਿੱਚ, ਟੈਰਿਫ ਢਾਂਚੇ ਵਿੱਚ ਵੇਰੀਏਬਲ ਊਰਜਾ ਚਾਰਜਿਜ਼ ਤੋਂ ਇਲਾਵਾ ਸਥਿਰ ਚਾਰਜ[97] ਲਗਾਉਣ ਦੀ ਵਿਵਸਥਾ ਹੈ। ਦੋ ਭਾਗਾਂ ਵਾਲੇ ਟੈਰਿਫ ਢਾਂਚੇ[98] ਨੂੰ ਪ੍ਰਵਾਨਗੀ ਦਿੰਦੇ ਹੋਏ ਕਮਿਸ਼ਨ ਨੇ ਵੇਖਿਆ ਕਿ ਕਿਉਂਕਿ ਸਹਿ-ਉਤਪਾਦਨ ਪਾਵਰ ਪਲਾਟਾਂ ਦੁਆਰਾ ਵਰਤੋਂ ਲਈ ਲੋਡ/ਇਕਰਾਰਨਾਮੇ ਦੀ ਮੰਗ ਦੀ ਜ਼ਰੂਰਤ ਕੰਪਨੀ ਦੁਆਰਾ ਪੂਰੀ ਕੀਤੀ ਜਾਣੀ ਚਾਹੀਦੀ ਹੈ, ਇਸ ਨੂੰ ਬਿਜਲੀ ਦਾ ਇੰਤਜਾਮ ਕਰਨਾ ਪੈਂਦਾ ਹੈ ਅਤੇ ਆਪਣੀ ਸਮਰੱਥਾ ਰਾਖਵੀਂ ਰੱਖਣੀ ਪੈਂਦੀ ਹੈ, ਜਿਸ ਲਈ ਇਸ ਨੂੰ ਨਿਰਧਾਰਤ ਲਾਗਤ ਦਾ ਭੁਗਤਾਨ ਕਰਨਾ ਪੈਂਦਾ ਹੈ। ਇਸ ਲਈ, ਸਹਿ-ਉਤਪਾਦਨ ਪਾਵਰ ਪਲਾਂਟ ਵੀ ਕੰਪਨੀ ਨੂੰ ਇਸ ਲਈ ਸਥਿਰ ਚਾਰਜਿਜ਼ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ (ਮਾਰਚ 2023) ਕਿ ਫਰਮ ਨੇ ਜਨਵਰੀ 2018 ਤੋਂ ਮਾਰਚ 2023 ਦੌਰਾਨ ਕੰਪਨੀ ਦੇ ਸਿਸਟਮ ਤੋਂ 47.58 ਲੱਖ ਯੂਨਿਟ ਬਿਜਲੀ ਦੀ ਖਪਤ (ਆਯਾਤ) ਕੀਤੀ ਸੀ, ਜਿਸ ਲਈ ਵੱਖਰੇ ਊਰਜਾ ਬਿੱਲ, ਜਿਸ ਵਿੱਚ ₹ 3.86 ਕਰੋੜ ਦੇ ਸਿਰਫ ਵੇਰੀਏਬਲ ਊਰਜਾ ਚਾਰਜਿਜ਼ ਸ਼ਾਮਲ ਸਨ, ਕੰਪਨੀ ਦੁਆਰਾ ਕਲੇਮ ਕੀਤੇ ਗਏ ਸਨ ਅਤੇ ਵਸੂਲੇ ਗਏ ਸਨ। ਕਿਉਂਕਿ ਕੰਪਨੀ ਨੇ ਫਰਮ ਤੋਂ ਲੋਡ/ਇਕਰਾਰਨਾਮੇ ਦੀ ਮੰਗ ਦੀ ਜ਼ਰੂਰਤ ਪ੍ਰਾਪਤ ਨਹੀਂ ਕੀਤੀ ਸੀ, ਇਸ ਲਈ ਇਸ ਨੇ ਲਾਗੂ ਸਥਿਰ ਚਾਰਜਿਜ਼ ਨਹੀਂ ਲਗਾਏ ਸਨ।

ਇਸ ਤਰ੍ਹਾਂ, ਫਰਮ ਤੋਂ ਇਕਰਾਰਨਾਮੇ ਦੀ ਮੰਗ ਪ੍ਰਾਪਤ ਨਾ ਹੋਣ ਅਤੇ ਨਤੀਜੇ ਵਜੋਂ ਜਨਵਰੀ 2018 ਤੋਂ ਮਾਰਚ 2023 ਦੌਰਾਨ ਲਾਗੂ ਸਥਿਰ ਚਾਰਜਿਜ਼ ਨਾ ਲਗਾਉਣ ਦੇ ਨਤੀਜੇ ਵਜੋਂ ਫਰਮ ਨੂੰ

---

97 ਮਨਜ਼ੂਰਸ਼ੁਦਾ ਇਕਰਾਰਨਾਮੇ ਦੀ ਮੰਗ ਜਾਂ ਬਿਲਿੰਗ ਸਾਇਕਲ/ਮਹੀਨੇ ਦੌਰਾਨ ਰਿਕਾਰਡ ਕੀਤੀ ਅਸਲ ਮੰਗ ਜੋ ਵੀ ਵੱਧ ਹੋਵੇ, ਦੇ 80 *ਪ੍ਰਤੀਸ਼ਤ* ਦੀ ਦਰ ਨਾਲ ਗਣਨਾ ਕੀਤੀ, ਜੋ ਕਿ ਪ੍ਰਵਾਨਿਤ ਮੰਗ ਤੱਕ ਸੀਮਤ ਹੈ

98 2017-18 ਤੋਂ 2019-20 ਤੱਕ ਬਹੁ-ਸਾਲਾਂ ਟੈਰਿਫ ਕੰਟਰੋਲ ਮਿਆਦ ਲਈ ਟੈਰਿਫ ਆਰਡਰ

₹ 1.68 ਕਰੋੜ[99] ਦੀ ਹੱਦ ਤੱਕ ਘੱਟ ਬਿਲਿੰਗ ਹੋਈ ਅਤੇ ਇਸ 'ਤੇ ₹ 0.57 ਕਰੋੜ (ਸਤੰਬਰ 2024 ਤੱਕ) ਦੇ ਵਿਆਜ ਦਾ ਨੁਕਸਾਨ ਹੋਇਆ।

ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ ਭੇਜਿਆ ਗਿਆ ਸੀ (ਸਤੰਬਰ 2023); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**ਸਿਫਾਰਸ਼: ਕੰਪਨੀ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਲਈ ਕਮਿਸ਼ਨ ਦੁਆਰਾ ਪ੍ਰਵਾਨਿਤ ਟੈਰਿਫ ਢਾਂਚੇ ਦੇ ਅਨੁਸਾਰ ਆਪਣੇ ਖਪਤਕਾਰਾਂ ਦੀ ਬਿਲਿੰਗ ਨੂੰ ਯਕੀਨੀ ਬਣਾ ਸਕਦੀ ਹੈ।**

## 6.4 ਭੁਗਤਾਨ ਵਿੱਚ ਅਣਉਚਿੱਤ ਦੇਰੀ ਕਾਰਨ ਟਾਲਣਯੋਗ ਵਿਆਜ ਦਾ ਨੁਕਸਾਨ

**ਟੈਰਿਫ ਨਿਯਮਾਂ ਦੀ ਉਲੰਘਣਾ ਕਰਦਿਆਂ ਅਤੇ ਬਿਨਾਂ ਕਿਸੇ ਇਤਰਾਜ਼ ਦੇ ਡੈਫੱਰਡ ਟੈਕਸ ਮਟੀਰੀਅਲਾਈਜੇਸ਼ਨ ਭੁਗਤਾਨਾਂ ਦੀ ਮੂਲ ਰਕਮ ਨੂੰ ਰੋਕਣ ਦੇ ਨਤੀਜੇ ਵਜੋਂ ₹ 6.81 ਕਰੋੜ ਦੇ ਵਿਆਜ ਦਾ ਟਾਲਣਯੋਗ ਨੁਕਸਾਨ ਹੋਇਆ।**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਭਾਰਤ ਸਰਕਾਰ ਦੇ ਪਾਵਰ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਐਲੋਕੇਸ਼ਨਾਂ ਅਨੁਸਾਰ ਲੰਬੀ ਮਿਆਦ ਦੇ ਪਾਵਰ ਪਰਚੇਜ਼ ਐਗਰੀਮੈਂਟਜ਼ (ਪੀ ਪੀ ਏ) ਅਧੀਨ ਐਨ ਐਚ ਪੀ ਸੀ ਲਿਮਟਡ (ਐਨ ਐਚ ਪੀ ਸੀ) ਤੋਂ ਬਿਜਲੀ ਪ੍ਰਾਪਤ ਕਰਦੀ ਹੈ। ਐਨ ਐਚ ਪੀ ਸੀ ਪਣ-ਬਿਜਲੀ ਪਾਵਰ ਸਟੇਸ਼ਨਾਂ ਦਾ ਟੈਰਿਫ ਸੈਂਟਰਲ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (ਸੀ ਈ ਆਰ ਸੀ) ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਟੈਰਿਫ ਨਿਯਮਾਂ ਦੇ ਅਧਾਰ ਤੇ ਨਿਰਧਾਰਤ ਕੀਤਾ ਜਾਂਦਾ ਹੈ। ਸੀ ਈ ਆਰ ਸੀ ਵੱਲੋਂ 2009-14[100], 2014-19[101] ਅਤੇ 2019-24[102] ਦੀ ਨਿਯੰਤਰਣ ਮਿਆਦ ਲਈ ਜਾਰੀ ਕੀਤੇ ਗਏ ਟੈਰਿਫ ਨਿਯਮਾਂ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ 31 ਮਾਰਚ 2009 ਤੱਕ ਦੀ ਮਿਆਦ ਲਈ ਮੁਲਤਵੀ ਕਰ ਦੇਣਦਾਰੀਆਂ, ਜਦੋਂ ਵੀ ਲਾਗੂ ਹੁੰਦੀਆਂ ਹਨ, ਤਾਂ ਉਤਪਾਦਕ ਕੰਪਨੀਆਂ ਦੁਆਰਾ ਲਾਭਪਾਤਰੀਆਂ ਅਤੇ ਲੰਬੀ ਮਿਆਦ ਦੇ ਗਾਹਕਾਂ ਤੋਂ ਸਿੱਧੇ ਤੌਰ 'ਤੇ ਵਸੂਲ ਕੀਤੀਆਂ ਜਾਣਗੀਆਂ। ਨਿਯੰਤਰਣ ਮਿਆਦ 2009-14[103], 2014-19[104] ਅਤੇ 2019-24[105] ਲਈ ਟੈਰਿਫ ਨਿਯਮਾਂ ਵਿੱਚ ਬਿਲਿੰਗ ਦੀ ਮਿਤੀ ਤੋਂ 45 ਤੋਂ 60 ਦਿਨਾਂ ਦੀ ਮਿਆਦ ਤੋਂ ਵੱਧ ਦੀ ਦੇਰੀ ਨਾਲ ਇਨ੍ਹਾਂ ਨਿਯਮਾਂ ਅਧੀਨ ਭੁਗਤਾਨਯੋਗ ਖਰਚਿਆਂ ਲਈ ਕਿਸੇ ਵੀ ਬਿੱਲ ਦੇ ਭੁਗਤਾਨ ਲਈ 1.25 *ਪ੍ਰਤੀਸ਼ਤ* ਤੋਂ 1.50 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਦੇਰੀ ਨਾਲ ਭੁਗਤਾਨ ਸਰਚਾਰਜ (ਐਲ ਪੀ ਐਸ) ਲਗਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ।

ਐਨ ਐਚ ਪੀ ਸੀ ਨੇ ₹ 31.88 ਕਰੋੜ ਦਾ ਪੂਰਕ ਬਿੱਲ ਪੇਸ਼ ਕੀਤਾ ਸੀ (ਜੂਨ 2018) ਜਿਸ ਵਿੱਚ 31 ਮਾਰਚ 2009 ਤੱਕ ਮੁਲਤਵੀ ਕਰ ਦੇ ਰੂਪ ਵਿੱਚ ₹ 29.59 ਕਰੋੜ ਦੀ ਰਾਸ਼ੀ ਸ਼ਾਮਲ ਸੀ ਜੋ 2017-18 ਦੌਰਾਨ ਲਾਗੂ ਹੋਈ ਸੀ। ₹ 29.59 ਕਰੋੜ ਦੀ ਇਸ ਰਾਸ਼ੀ ਵਿੱਚ ₹ 19.35 ਕਰੋੜ ਦਾ

99 ਮੰਗ ਸਰਚਾਰਜ ਛੱਡ ਕੇ।
100 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2009 ਦਾ ਨਿਯਮ 39
101 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2014 ਦਾ ਨਿਯਮ 49
102 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2019 ਦਾ ਨਿਯਮ 67
103 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2009 ਦਾ ਨਿਯਮ 35
104 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2014 ਦਾ ਨਿਯਮ 45
105 ਸੀ ਈ ਆਰ ਸੀ (ਟਰਮਜ਼ ਐਂਡ ਕੰਡਿਸ਼ਨਜ਼ ਆਫ਼ ਟੈਰਿਫ) ਰੈਗੂਲੇਸ਼ਨਜ਼, 2019 ਦਾ ਨਿਯਮ 59

ਡੈਫੱਰਡ ਟੈਕਸ ਮਟੀਰੀਅਲਾਈਜੇਸ਼ਨ (ਡੀ ਟੀ ਐਮ) ਅਤੇ ₹ 10.24 ਕਰੋੜ ਦੀ ਵੱਧ ਰਾਸ਼ੀ ਸ਼ਾਮਲ ਸੀ। ਕੰਪਨੀ ਨੇ ਡੀ ਟੀ ਐਮ ਦੀ ਵੱਧ ਰਾਸ਼ੀ 'ਤੇ ਇਤਰਾਜ਼ ਜਤਾਇਆ (ਜੁਲਾਈ/ਅਗਸਤ 2018) ਅਤੇ ਕਿਹਾ ਕਿ ਇਹ ਟੈਰਿਫ ਨਿਯਮਾਂ ਅਧੀਨ ਪ੍ਰਦਾਨ ਨਹੀਂ ਕੀਤਾ ਗਿਆ ਸੀ ਅਤੇ ਨਤੀਜੇ ਵਜੋਂ ਪੂਰੇ ਬਿੱਲ ਦਾ ਭੁਗਤਾਨ ਰੋਕ ਦਿੱਤਾ ਭਾਵੇਂ ਕਿ ਸਿਰਫ ₹ 10.24 ਕਰੋੜ ਦੀ ਵੱਧ ਰਾਸ਼ੀ ਤੇ ਹੀ ਰਾਖਵਾਂਕਰਨ ਸੀ। ਨਤੀਜੇ ਵਜੋਂ, ਐਨ ਐਚ ਪੀ ਸੀ ਨੇ 2017-18 ਦੌਰਾਨ ਕੀਤੇ ਗਏ ਮੁਲਤਵੀ ਕਰ ਦੇ ਭੁਗਤਾਨ ਸੰਬੰਧੀ ਵਿਵਾਦ ਦੇ ਨਿਪਟਾਰੇ ਲਈ ਸੀ ਈ ਆਰ ਸੀ ਕੋਲ ਇੱਕ ਪਟੀਸ਼ਨ[106] ਦਾਇਰ ਕੀਤੀ (ਸਤੰਬਰ 2019) ਜਿਸ ਵਿੱਚ ਕੰਪਨੀ ਨੇ ਸਿਰਫ ਡੀ ਟੀ ਐਮ ਦੀ ਵੱਧ ਰਾਸ਼ੀ ਦੇ ਮੁੱਦੇ 'ਤੇ ਹੀ ਇਤਰਾਜ਼ ਜਤਾਇਆ ਸੀ। ਦੋਵਾਂ ਧਿਰਾਂ ਨੂੰ ਸੁਣਨ ਤੋਂ ਬਾਅਦ, ਸੀ ਈ ਆਰ ਸੀ ਨੇ ਮਾਮਲੇ ਦਾ ਫੈਸਲਾ ਐਨ ਐਚ ਪੀ ਸੀ ਦੇ ਹੱਕ ਵਿੱਚ ਕੀਤਾ ਅਤੇ ਡੀ ਟੀ ਐਮ ਦੇ ਕਲੇਮ ਨੂੰ ਵੱਧ ਰਾਸ਼ੀ ਦੇ ਨਾਲ ਮਨਜ਼ੂਰੀ ਦੇ ਦਿੱਤੀ (ਫਰਵਰੀ 2021)। ਇਸ ਦੌਰਾਨ, ਐਨ ਐਚ ਪੀ ਸੀ ਦੁਆਰਾ 31 ਮਾਰਚ 2009 ਤੱਕ ਦੇ ਮੁਲਤਵੀ ਕਰ ਦੇ ਸੰਬੰਧ ਵਿੱਚ ਕ੍ਰਮਵਾਰ ₹ 23.20 ਕਰੋੜ ਅਤੇ ₹ 17.73 ਕਰੋੜ ਦੇ ਪੂਰਕ ਬਿੱਲ (ਜੂਨ 2019/ਜੁਲਾਈ 2020) ਵੀ ਕਲੇਮ ਕੀਤੇ ਗਏ ਸਨ ਜੋ ਕਿ 2018-19 ਅਤੇ 2019-20 ਦੌਰਾਨ ਲਾਗੂ ਹੋਏ ਸਨ। ਉਕਤ ਮਾਮਲੇ ਵਿੱਚ ਸੀ ਈ ਆਰ ਸੀ ਦੇ ਫੈਸਲੇ ਤੱਕ, ਇਨ੍ਹਾਂ ਬਿੱਲਾਂ ਨੂੰ ਜਿਸ ਵਿੱਚ ₹ 26.62 ਕਰੋੜ ਦੇ ਮੂਲ ਡੀ ਟੀ ਐਮ ਅਤੇ ₹ 14.31 ਕਰੋੜ ਦੀ ਵੱਧ ਰਾਸ਼ੀ ਸ਼ਾਮਲ ਸੀ, ਨੂੰ ਵੀ ਕੰਪਨੀ ਦੁਆਰਾ ਪੂਰੀ ਤਰ੍ਹਾਂ ਰੋਕ ਦਿੱਤਾ ਗਿਆ ਸੀ।

ਕਾਨੂੰਨੀ ਰਾਏ ਦੇ ਅਧਾਰ 'ਤੇ, ਕੰਪਨੀ ਨੇ ਅਪੀਲੇਟ ਟ੍ਰੀਬਿਊਨਲ ਫਾਰ ਇਲੈਕਟ੍ਰਿਸਿਟੀ (ਐਪਟੈਲ) ਵਿੱਚ ਅਪੀਲ ਦਾਇਰ ਕਰਨ ਅਤੇ ਬਿਨ੍ਹਾਂ ਵੱਧ ਰਾਸ਼ੀ ਦੇ ਡੀ ਟੀ ਐਮ ਦੀ ਮੂਲ ਰਾਸ਼ੀ, ਜਿਸ ਦਾ ਵਿਰੋਧ ਨਹੀਂ ਕੀਤਾ ਗਿਆ ਸੀ ਜਾਰੀ ਕਰਨ ਦਾ ਫੈਸਲਾ ਕੀਤਾ (ਮਾਰਚ 2021), ਤਾਂ ਜੋ ਐਲ ਪੀ ਐਸ ਦੀ ਹੋਰ ਵਸੂਲੀ ਤੋਂ ਬਚਿਆ ਜਾ ਸਕੇ। ਇਸ ਦੇ ਅਨੁਸਾਰ, 2017-18 ਤੋਂ 2019-20 ਦੌਰਾਨ ਕੀਤੇ ਗਏ ਮੁਲਤਵੀ ਕਰ ਦੀ ਮੂਲ ਰਾਸ਼ੀ ਨੂੰ ਦਰਸਾਉਂਦੀ ₹ 45.97 ਕਰੋੜ ਦੀ ਰਾਸ਼ੀ, ਬਿਨ੍ਹਾਂ ਕੁੱਲ ਵੱਧ ਰਾਸ਼ੀ ਵਧਾਏ ਅਸਥਾਈ ਤੌਰ 'ਤੇ ਐਨ ਐਚ ਪੀ ਸੀ ਨੂੰ ਅਦਾ ਕੀਤੀ ਗਈ (ਅਪ੍ਰੈਲ 2021)। ਇਸ ਤੋਂ ਬਾਅਦ, ਐਪਟੈਲ ਦੁਆਰਾ ਫੈਸਲੇ ਵਿੱਚ ਦੇਰੀ ਕਾਰਨ ਹੋਰ ਐਲ ਪੀ ਐਸ ਇਕੱਠਾ ਹੋਣ ਦਾ ਖਦਸ਼ਾ ਜ਼ਾਹਰ ਕਰਦਿਆਂ, ਕੰਪਨੀ ਨੇ ਅਸਥਾਈ ਤੌਰ 'ਤੇ ₹ 24.54 ਕਰੋੜ ਦੀ ਬਕਾਇਆ ਰਾਸ਼ੀ ਦਾ ਵੀ ਭੁਗਤਾਨ ਕੀਤਾ (ਸਤੰਬਰ 2021) ਜੋ 2017-18 ਤੋਂ 2019-20 ਦੌਰਾਨ ਕੀਤੇ ਗਏ ਮੁਲਤਵੀ ਕਰ ਦੀ ਵੱਧ ਰਾਸ਼ੀ ਨੂੰ ਦਰਸਾਉਂਦੀ ਸੀ ਅਤੇ ਐਪਟੈਲ ਵਿੱਚ ਦਾਇਰ ਕੀਤੀ ਗਈ ਅਪੀਲ (ਜੂਨ 2021) ਦੇ ਨਤੀਜੇ ਦੇ ਅਧੀਨ ਸੀ। ਡੀ ਟੀ ਐਮ ਨਾਲ ਸਬੰਧਤ ਮੂਲ ਬਕਾਏ, ਜਿਸ ਵਿੱਚ ਇਸ ਦੀ ਵੱਧ ਰਾਸ਼ੀ ਸ਼ਾਮਲ ਸੀ, ਦੇ ਭੁਗਤਾਨ ਤੋਂ ਬਾਅਦ, ਐਨ ਐਚ ਪੀ ਸੀ ਨੇ ਕੰਪਨੀ ਨੂੰ ਐਲ ਪੀ ਐਸ ਦੇ ਭੁਗਤਾਨ ਲਈ ਬੇਨਤੀ ਕੀਤੀ (ਅਕਤੂਬਰ 2021)। ਕਾਨੂੰਨੀ ਰਾਏ ਲੈਣ ਤੋਂ ਬਾਅਦ (ਨਵੰਬਰ 2021), ਸਾਲ 2017-18 ਤੋਂ 2019-20 ਲਈ ₹ 70.51 ਕਰੋੜ (ਵੱਧ ਰਾਸ਼ੀ ਸਮੇਤ) ਦੇ ਡੀ ਟੀ ਐਮ ਬਿਲਾਂ ਦੇ ਦੇਰੀ ਨਾਲ ਭੁਗਤਾਨ ਕਰਨ 'ਤੇ ₹ 24.50 ਕਰੋੜ ਦੇ ਐਲ ਪੀ ਐਸ ਦਾ ਭੁਗਤਾਨ ਵੀ ਕੰਪਨੀ ਦੁਆਰਾ 1.25 *ਪ੍ਰਤੀਸ਼ਤ* ਤੋਂ 1.50 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਕੀਤਾ ਗਿਆ (ਨਵੰਬਰ/ਦਸੰਬਰ 2021)।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2022) ਕਿ ਕੰਪਨੀ ਦਾ ਡੀ ਟੀ ਐਮ ਬਿਲਾਂ ਦੀ ਮੂਲ ਰਾਸ਼ੀ ਨੂੰ ਤਿੰਨ ਸਾਲ ਤੱਕ ਦੀ ਮਿਆਦ ਲਈ ਰੋਕਣ ਦਾ ਫੈਸਲਾ, ਜਦੋਂਕਿ ਉਸਨੂੰ ਸਿਰਫ ਡੀ ਟੀ ਐਮ ਦੀ ਵੱਧ ਰਾਸ਼ੀ ਦੇ ਮੁੱਦੇ ਤੇ ਇਤਰਾਜ਼ ਸੀ, ਦੰਡਕਾਰੀ ਐਲ ਪੀ ਐਸ ਜ਼ਿੰਮੇਵਾਰੀਆਂ ਦੇ ਮੱਦੇਨਜ਼ਰ ਇਹ

[106] ਪਟੀਸ਼ਨ ਨੰ. 294/ਐਮ ਪੀ/2019

ਨਾ ਤਾਂ ਜਾਇਜ਼ ਸੀ ਅਤੇ ਨਾ ਹੀ ਵਿੱਤੀ ਤੌਰ 'ਤੇ ਸਮਝਦਾਰੀ ਸੀ। ਨਤੀਜੇ ਵਜੋਂ, ਕੰਪਨੀ ਨੂੰ 2018-21 ਦੌਰਾਨ 15 *ਪ੍ਰਤੀਸ਼ਤ* ਤੋਂ 18 *ਪ੍ਰਤੀਸ਼ਤ* ਸਾਲਾਨਾ ਵਿਆਜ ਦਰਾਂ 'ਤੇ ਡੀ ਟੀ ਐਮ ਦੀ ਮੂਲ ਰਾਸ਼ੀ 'ਤੇ ਐਲ ਪੀ ਐਸ ਵਜੋਂ ₹ 14.94 ਕਰੋੜ ਦਾ ਖਰਚਾ ਚੁੱਕਣਾ ਪਿਆ, ਜਦੋਂ ਕਿ ਕੰਪਨੀ ਦੀ ਕਾਰਜਸ਼ੀਲ ਪੂੰਜੀ ਤੇ ਵਿਆਜ ਦੀ ਪ੍ਰਭਾਵੀ ਦਰ ਸਿਰਫ 8.01 *ਪ੍ਰਤੀਸ਼ਤ* ਤੋਂ 10.13 *ਪ੍ਰਤੀਸ਼ਤ* ਤੱਕ ਸੀ, ਜਿਸ ਦੇ ਨਤੀਜੇ ਵਜੋਂ ₹ 6.81 ਕਰੋੜ ਦਾ ਵਿਆਜ ਦਾ ਟਾਲਣਯੋਗ ਨੁਕਸਾਨ ਹੋਇਆ।

ਰਾਜ ਸਰਕਾਰ/ਕੰਪਨੀ ਨੇ ਆਪਣੇ ਜਵਾਬਾਂ ਵਿੱਚ ਕਿਹਾ (ਮਈ 2024/ਅਪ੍ਰੈਲ 2024) ਕਿ ਬਿਲਾਂ ਨੂੰ ਲੰਬਿਤ ਰੱਖਿਆ ਗਿਆ ਸੀ ਕਿਉਂਕਿ ਮਾਮਲਾ ਸੀ ਈ ਆਰ ਸੀ ਦੇ ਸਾਹਮਣੇ ਵਿਚਾਰ ਅਧੀਨ ਸੀ ਅਤੇ ਮੁਲਤਵੀ ਕਰ ਦੇਣਦਾਰੀ ਨੂੰ ਨਿਰਧਾਰਤ ਦੇਣਦਾਰੀ ਨਹੀਂ ਮੰਨਿਆ ਜਾ ਸਕਦਾ। ਰਾਜ ਸਰਕਾਰ/ਕੰਪਨੀ ਨੇ ਅੱਗੇ ਜਵਾਬ ਦਿੱਤਾ (ਜਨਵਰੀ 2025/ਅਕਤੂਬਰ 2024) ਕਿ 2022 ਤੋਂ ਬਾਅਦ, ਵਿਰੋਧ ਦੇ ਅਧੀਨ, ਡੈਫੱਰਡ ਟੈਕਸ ਮਟੀਰੀਅਲਾਈਜੇਸ਼ਨ ਬਿਲਾਂ ਦੇ ਪੂਰਕ ਬਿਲਾਂ ਦਾ ਸਮੇਂ ਸਿਰ ਭੁਗਤਾਨ ਕੀਤਾ ਜਾ ਰਿਹਾ ਸੀ।

ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੂੰ ਸਿਰਫ ਵੱਧ ਰਾਸ਼ੀ 'ਤੇ ਇਤਰਾਜ਼ ਸੀ ਨਾ ਕਿ ਡੀ ਟੀ ਐਮ ਦੀ ਮੂਲ ਰਾਸ਼ੀ 'ਤੇ, ਇਸ ਲਈ, ਡੀ ਟੀ ਐਮ ਦੇ ਪੂਰੇ ਬਿੱਲ ਨੂੰ ਰੋਕਣਾ ਜਾਇਜ਼ ਨਹੀਂ ਸੀ ਅਤੇ ਅੰਤ ਵਿੱਚ ਕੰਪਨੀ ਨੂੰ ਐਲ ਪੀ ਐਸ ਦੇ ਨਾਲ ਬਿਲ ਦੀ ਰਾਸ਼ੀ ਦਾ ਭੁਗਤਾਨ ਕਰਨਾ ਪਿਆ।

**ਸਿਫਾਰਸ਼: ਕੰਪਨੀ ਦੇ ਸਮੁੱਚੇ ਵਿੱਤੀ ਹਿੱਤ ਵਿੱਚ, ਕੰਪਨੀ ਆਪਣੇ ਨਿਰਵਿਵਾਦ ਬਕਾਏ ਦਾ ਸਮੇਂ ਸਿਰ ਭੁਗਤਾਨ ਯਕੀਨੀ ਬਣਾ ਸਕਦੀ ਹੈ ਤਾਂ ਜੋ ਇਸਦੇ ਵਿਰੁੱਧ ਦੰਡਾਤਮਕ ਖਰਚਿਆਂ ਦੇ ਭੁਗਤਾਨ ਤੋਂ ਬਚਿਆ ਜਾ ਸਕੇ।**

## ਉਦਯੋਗ ਅਤੇ ਵਣਜ ਵਿਭਾਗ

## ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ

### 6.5 ਸਹਿਯੋਗੀ ਨੂੰ ਅਣਉਚਿੱਤ ਲਾਭ

**ਬਾਜ਼ਾਰ ਵਿੱਚ ਸ਼ੇਅਰਾਂ ਦੀ ਵਿਕਰੀ ਲਈ ਕਾਰਵਾਈ ਸ਼ੁਰੂ ਨਾ ਕਰਨ ਅਤੇ ਵਨ ਟਾਈਮ ਸੈਟਲਮੈਂਟ ਅਧੀਨ ਸਹਿਯੋਗੀ ਦੇ ਬਕਾਇਆ ਬਕਾਏ ਦਾ ਨਿਪਟਾਰਾ ਕਰਨ ਵਜੋਂ ₹ 4.21 ਕਰੋੜ ਦਾ ਨੁਕਸਾਨ ਹੋਇਆ।**

ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਡਰੱਗ ਇੰਟਰਮੀਡੀਏਟਸ ਦੇ ਨਿਰਮਾਣ ਲਈ ਇੱਕ ਯੂਨਿਟ[107] ਸਥਾਪਤ ਕਰਨ ਲਈ ਇੱਕ ਸਹਿਯੋਗੀ ਨਾਲ ਵਿੱਤੀ ਸਹਿਯੋਗ ਸਮਝੌਤਾ (ਐਫ ਸੀ ਏ) ਕੀਤਾ (ਅਗਸਤ 1986)। ਐਫ ਸੀ ਏ ਦੀਆਂ ਸ਼ਰਤਾਂ ਅਨੁਸਾਰ, ਸਹਿਯੋਗੀ ਵਪਾਰਕ ਉਤਪਾਦਨ ਸ਼ੁਰੂ ਹੋਣ ਦੀ ਮਿਤੀ ਤੋਂ ਪੰਜ ਸਾਲ ਦੀ ਮਿਆਦ ਖਤਮ ਹੋਣ ਤੋਂ ਬਾਅਦ ਯੂਨਿਟ ਵਿੱਚ ਕੰਪਨੀ ਦੀ ਇਕਵਟੀ ਹਿੱਸੇਦਾਰੀ ਵਾਪਸ ਖਰੀਦਣ ਲਈ ਪਾਬੰਦ ਸੀ।

[107] ਮੈਸਰਜ਼ ਅਲਫਾ ਡਰੱਗਜ਼ ਇੰਡੀਆ ਲਿਮਟਡ ਨਾਲ ਮੈਸਰਜ਼ ਪੰਜਾਬ ਕੈਮੀਕਲਜ਼ ਐਂਡ ਕ੍ਰਾਪ ਪ੍ਰੋਟੈਕਸ਼ਨ ਲਿਮਟਡ ਨਾਲ ਰੱਲ ਗਿਆ।

ਸ਼ੇਅਰਾਂ ਨੂੰ ਵਾਪਸ ਖਰੀਦਣ ਵਿੱਚ ਸਹਿਯੋਗੀ ਦੀ ਅਸਫਲਤਾ ਦੇ ਮਾਮਲੇ ਵਿੱਚ, ਕੰਪਨੀ ਸਹਿਯੋਗੀ ਦੇ ਜੋਖਮ ਅਤੇ ਲਾਗਤ 'ਤੇ ਬਾਜ਼ਾਰ ਵਿੱਚ ਆਪਣੀ ਹਿੱਸੇਦਾਰੀ ਵੇਚਣ ਦੀ ਹੱਕਦਾਰ ਸੀ।

ਇਸ ਤੋਂ ਇਲਾਵਾ, ਸਹਿਯੋਗੀ ਨਾਲ ਸਮਝੌਤੇ ਦੀ ਧਾਰਾ 35 ਦੇ ਅਨੁਸਾਰ, ਜੇ ਕੰਪਨੀ ਦੀ ਹਿੱਸੇਦਾਰੀ ਕਿਸੇ ਵੀ ਸਮੇਂ 10 *ਪ੍ਰਤੀਸ਼ਤ* ਤੋਂ ਘੱਟ ਹੋ ਜਾਂਦੀ ਹੈ ਤਾਂ ਸਮਝੌਤਾ ਰੱਦ ਹੋ ਜਾਂਦਾ ਹੈ। ਕੰਪਨੀ ਨੇ ਯੂਨਿਟ ਦੀ ਇਕਵਟੀ ਵਿੱਚ ₹ 3.29 ਕਰੋੜ ਦਾ ਨਿਵੇਸ਼ (ਜਨਵਰੀ 1987 ਤੋਂ ਫਰਵਰੀ 1991) ਕੀਤਾ। ਯੂਨਿਟ ਨੇ ਜੁਲਾਈ 1992 ਵਿੱਚ ਵਪਾਰਕ ਉਤਪਾਦਨ ਸ਼ੁਰੂ ਕੀਤਾ। ਇਸ ਤਰ੍ਹਾਂ, ਸਹਿਯੋਗੀ ਨੇ ਜੂਨ 1997 ਵਿੱਚ ਆਪਣਾ ਹਿੱਸਾ ਵਾਪਸ ਖਰੀਦਣਾ ਸੀ। ਯੂਨਿਟ ਦਾ ਨਿਯੰਤਰਣ ਅਧਿਕਾਰ ਸਹਿਯੋਗੀ ਤੋਂ ਮੈਸਰਜ਼ ਡੀ ਐਸ ਐਮ ਐਡੀਨੋ ਬੀ ਵੀ ਨੂੰ ਕੰਪਨੀ ਦੀ ਜਾਣਕਾਰੀ ਨਾਲ ਟਰਾਂਸਫਰ ਕਰ ਦਿੱਤਾ ਗਿਆ (ਜੁਲਾਈ 1997) ਅਤੇ ਕੰਪਨੀ ਅਤੇ ਸਹਿਯੋਗੀ ਦੀ ਹਿੱਸੇਦਾਰੀ ਕ੍ਰਮਵਾਰ 8.69 *ਪ੍ਰਤੀਸ਼ਤ* ਅਤੇ 6.34 *ਪ੍ਰਤੀਸ਼ਤ* ਹੋ ਗਈ।

ਕੰਪਨੀ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਨਹੀਂ ਕਰ ਸਕੀ ਕਿਉਂਕਿ ਇਸਦੀ ਹਿੱਸੇਦਾਰੀ 10 *ਪ੍ਰਤੀਸ਼ਤ* ਤੋਂ ਹੇਠਾਂ ਆ ਗਈ ਜਿਸ ਨੇ ਧਾਰਾ 35 ਦੇ ਅਨੁਸਾਰ ਐਫ ਸੀ ਏ ਨੂੰ ਰੱਦ ਕਰ ਦਿੱਤਾ। ਕੰਪਨੀ ਨੇ ਸ਼ੇਅਰਾਂ ਦੀ ਵਾਪਸੀ ਲਈ ਸਹਿਯੋਗੀ ਕੋਲ ਮਾਮਲਾ (ਫਰਵਰੀ 1999, ਜਨਵਰੀ 2000, ਸਤੰਬਰ 2001 ਅਤੇ ਅਪ੍ਰੈਲ 2003) ਉਠਾਇਆ। ਬਾਅਦ ਵਿੱਚ ਯੂਨਿਟ ਨੂੰ ਇੱਕ ਹੋਰ ਯੂਨਿਟ[108] ਵਿੱਚ ਮਿਲਾ ਦਿੱਤਾ ਗਿਆ (ਮਾਰਚ 2006) ਅਤੇ ਕੰਪਨੀ ਨੂੰ ਉਸ ਰਲੇਵੇਂ ਵਾਲੀ ਇਕਾਈ ਵਿੱਚ 1,22,027 ਸ਼ੇਅਰ ਮਿਲੇ। ਕਿਉਂਕਿ ਸਹਿਯੋਗੀ ਨੇ ਸ਼ੇਅਰ ਵਾਪਸ ਨਹੀਂ ਖਰੀਦੇ, ਇਸ ਲਈ ਕੰਪਨੀ ਨੇ ਐਫ ਸੀ ਏ ਦੇ ਅਨੁਸਾਰ ਆਰਬਿਟਰੇਸ਼ਨ ਦੀ ਧਾਰਾ ਲਾਗੂ ਕੀਤੀ (ਦਸੰਬਰ 2007)। ਆਰਬਿਟਰੇਟਰ ਨੇ ਕੰਪਨੀ ਦੇ ਹੱਕ ਵਿੱਚ ਫੈਸਲਾ ਕੀਤਾ (ਸਤੰਬਰ 2011) ਪਰ ਸਹਿਯੋਗੀ ਨੇ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਿਸ ਨੇ ਆਰਬਿਟਰੇਟਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ (ਦਸੰਬਰ 2016)। ਇਸ ਦੇ ਵਿਰੁੱਧ, ਕੰਪਨੀ ਨੇ ਸੁਪਰੀਮ ਕੋਰਟ ਦੇ ਸਾਹਮਣੇ ਇੱਕ ਵਿਸ਼ੇਸ਼ ਛੁੱਟੀ ਪਟੀਸ਼ਨ ਦਾਇਰ ਕੀਤੀ (ਅਪ੍ਰੈਲ 2017) ਜੋ ਅੰਤਿਮ ਨਿਪਟਾਰੇ ਲਈ ਵਿਚਾਰ ਅਧੀਨ ਸੀ। ਇਸ ਦੌਰਾਨ, ਰਾਜ ਸਰਕਾਰ ਨੇ ਇਕਵਟੀ ਲਈ ਵਨ ਟਾਈਮ ਸੈਟਲਮੈਂਟ ਸਕੀਮ 2021 (ਓ ਟੀ ਐਸ) ਦਾ ਐਲਾਨ ਕੀਤਾ (ਦਸੰਬਰ 2021)। ਸਹਿਯੋਗੀ ਨੇ ਕੰਪਨੀ ਦੁਆਰਾ ਪੇਸ਼ ਕੀਤੇ ਗਏ ਓ ਟੀ ਐਸ (ਦਸੰਬਰ 2021) ਦੀ ਚੋਣ ਕੀਤੀ (18 ਜਨਵਰੀ 2022) ਅਤੇ ਕੰਪਨੀ ਨੇ ₹ 14.70[109] ਕਰੋੜ ਦੀ ਓ ਟੀ ਐਸ ਰਾਸ਼ੀ ਸਵੀਕਾਰ ਕਰ ਲਈ (19 ਜਨਵਰੀ 2022)। ਓ ਟੀ ਐਸ ਰਾਸ਼ੀ ਪ੍ਰਾਪਤ ਹੋਣ 'ਤੇ (ਅਪ੍ਰੈਲ 2022) ਕੰਪਨੀ ਨੇ ਸ਼ੇਅਰ ਸਹਿਯੋਗੀ ਨੂੰ ਟਰਾਂਸਫਰ ਕਰ ਦਿੱਤੇ (ਜੂਨ 2022)।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2022) ਕਿ ਰਲੇਵੇਂ ਵਾਲੀ ਯੂਨਿਟ ਦੇ ਸ਼ੇਅਰ ਨੈਸ਼ਨਲ ਸਟਾਕ ਐਕਸਚੇਂਜ ਵਿੱਚ 31 ਅਗਸਤ 2021 ਤੋਂ 15 ਸਤੰਬਰ 2021 ਦੌਰਾਨ ₹ 1,745 ਤੋਂ ਉੱਪਰ ਦੀ ਦਰ ਸਨ। ਖੁੱਲ੍ਹੇ ਬਾਜ਼ਾਰ ਵਿੱਚ ਆਪਣੀ ਹਿੱਸੇਦਾਰੀ ਵੇਚਣ ਦੀ ਬਜਾਏ, ਕੰਪਨੀ ਨੇ ₹ 45.10 ਕਰੋੜ ਦੇ ਵਸੂਲੀਯੋਗ ਬਕਾਏ (ਐਫ ਸੀ ਏ ਦੇ ਅਨੁਸਾਰ) ਦੇ ਮੁਕਾਬਲੇ ₹ 14.70 ਕਰੋੜ ਦੀ ਓ ਟੀ ਐਸ

108 ਮੈਸਰਜ਼ ਪੰਜਾਬ ਕੈਮੀਕਲਜ਼ ਐਂਡ ਕ੍ਰਾਪ ਪ੍ਰੋਟੈਕਸ਼ਨ ਲਿਮਟਡ।

109 11 *ਪ੍ਰਤੀਸ਼ਤ* ਪ੍ਰਤੀ ਸਾਲ ਸਧਾਰਣ ਵਿਆਜ ਦਰ ਤੇ ਗਣਨਾ ਕੀਤੀ ਗਈ ਅਤੇ ਓ ਟੀ ਐਸ ਨੀਤੀ ਦੀਆਂ ਸ਼ਰਤਾਂ ਅਨੁਸਾਰ ਸਤੰਬਰ 2007 ਤੋਂ ਅਗਸਤ 2021 ਦੌਰਾਨ ਯੂਨਿਟ ਤੋਂ ਪ੍ਰਾਪਤ ਲਾਭਅੰਸ਼ ਦੇ ਰੂਪ ਵਿੱਚ ₹ 0.16 ਕਰੋੜ ਦੀ ਕਟੌਤੀ ਕੀਤੀ ਗਈ।

ਰਾਸ਼ੀ 'ਤੇ ਖਾਤੇ ਦਾ ਨਿਪਟਾਰਾ ਕੀਤਾ। ਓ ਟੀ ਐਸ ਨੂੰ ਸਵੀਕਾਰ ਕਰਨ ਦੀ ਮਿਤੀ ਤੱਕ ਪ੍ਰਤੀ ਸ਼ੇਅਰ ਦੀ ਦਰ ₹ 1,550[110] ਸੀ, ਜਿਸ ਨਾਲ ਕੰਪਨੀ ਦੀ ਹਿੱਸੇਦਾਰੀ ਦਾ ਮੁੱਲ ₹ 18.91 ਕਰੋੜ ਸੀ।

ਇਸ ਤਰ੍ਹਾਂ, ਕੰਪਨੀ ਨੇ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਨਹੀਂ ਕੀਤੀ ਅਤੇ ਓ ਟੀ ਐਸ ਵਿੱਚ ਨਿਪਟਾਰੇ ਨੂੰ ਬਾਜ਼ਾਰ ਮੁੱਲ ਤੋਂ ਹੇਠਾਂ ਸਵੀਕਾਰ ਕਰਕੇ ਸਹਿਯੋਗੀ ਨੂੰ ₹ 4.21 ਕਰੋੜ[111] ਦਾ ਅਣਉਚਿਤ ਲਾਭ ਦਿੱਤਾ।

ਰਾਜ ਸਰਕਾਰ/ਕੰਪਨੀ ਨੇ ਜਵਾਬ (ਜਨਵਰੀ 2025/ਨਵੰਬਰ 2023) ਦਿੱਤਾ ਕਿ ਓ ਟੀ ਐਸ ਉਚਿੱਤ ਹੈ ਅਤੇ ਇਸ ਦੇ ਵਿੱਤੀ ਹਿੱਤਾਂ ਦੀ ਰੱਖਿਆ ਕੀਤੀ ਜਾਵੇਗੀ। ਕੰਪਨੀ ਦਾ ਜਵਾਬ ਸੰਤੋਸ਼ਜਨਕ ਨਹੀਂ ਹੈ ਕਿਉਂਕਿ ਲੇਖਾ ਪ੍ਰੀਖਿਆ ਨੇ ਓ ਟੀ ਐਸ ਤੇ ਸਵਾਲ ਨਹੀਂ ਚੁੱਕੇ ਹਨ ਪਰ ਇਹ ਦੱਸਿਆ ਕਿ ਕੰਪਨੀ ਨੇ ਬਾਜ਼ਾਰ ਵਿੱਚ ਸ਼ੇਅਰ ਵੇਚਣ ਦੀ ਬਜਾਏ ਸਹਿਯੋਗੀ ਨੂੰ ਓ ਟੀ ਐਸ ਦੀ ਪੇਸ਼ਕਸ਼ ਕਰਕੇ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਨਹੀਂ ਕੀਤੀ ਹੈ ਜਿਸ ਨਾਲ ਓ ਟੀ ਐਸ ਵਿੱਚ ਪ੍ਰਾਪਤ ਰਾਸ਼ੀ ਨਾਲੋਂ ਵਧੇਰੇ ਰਾਸ਼ੀ ਪ੍ਰਾਪਤ ਹੋ ਸਕਦੀ ਸੀ।

**ਸਿਫਾਰਸ਼: ਕੰਪਨੀ ਆਪਣੇ ਬਕਾਏ ਨੂੰ ਵਸੂਲਦੇ ਹੋਏ ਆਪਣੇ ਵਿੱਤੀ ਹਿੱਤਾਂ ਦੀ ਸਮਝਦਾਰੀ ਨਾਲ ਰੱਖਿਆ ਕਰ ਸਕਦੀ ਹੈ।**

## ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ

## 6.6 ਅਲਾਟੀ ਨੂੰ ਅਣਉਚਿੱਤ ਲਾਭ

**ਅਲਾਟਮੈਂਟ ਪੱਤਰ ਦੇ ਨਿਯਮਾਂ ਅਤੇ ਸ਼ਰਤਾਂ ਦੀ ਅਣਦੇਖੀ ਦੇ ਨਤੀਜੇ ਵਜੋਂ ਅਲਾਟੀ ਨੂੰ ਅਣਉਚਿੱਤ ਲਾਭ ਹੋਇਆ ਅਤੇ ਨਤੀਜੇ ਵਜੋਂ ₹ 71.63 ਲੱਖ ਦਾ ਮਾਲੀਆ ਨੁਕਸਾਨ ਹੋਇਆ।**

ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਕੰਪਨੀ) ਪੰਜਾਬ ਸਰਕਾਰ ਦੀ ਜ਼ਮੀਨ ਅਲਾਟਮੈਂਟ ਨੀਤੀ ਅਨੁਸਾਰ ਉਦਯੋਗ ਸਥਾਪਤ ਕਰਨ ਲਈ ਆਪਣੀ ਉਦਯੋਗਿਕ ਸੰਪਤੀਆਂ ਵਿੱਚ ਲੀਜ਼ ਹੋਲਡ ਅਧਾਰ ਤੇ ਉਦਯੋਗਿਕ ਪਲਾਟ ਅਲਾਟ ਕਰਦੀ ਹੈ। ਜ਼ਮੀਨ ਅਲਾਟਮੈਂਟ ਨੀਤੀ, 2013 ਦੇ ਉਪਬੰਧਾਂ ਅਨੁਸਾਰ, ਜਿਸ ਨੂੰ ਜਨਵਰੀ 2019 ਵਿੱਚ ਅੰਸ਼ਕ ਤੌਰ ‘ਤੇ ਸੋਧਿਆ ਗਿਆ ਸੀ, ਕਿਸੇ ਬਿਨੈਕਾਰ ਨੂੰ ਬੋਲੀ ਪ੍ਰਕਿਰਿਆ ਵਿੱਚ ਸਫਲ ਐਲਾਨੇ ਜਾਣ ਤੋਂ ਬਾਅਦ, ਸਬੰਧਤ ਵਿਕਾਸਸ਼ੀਲ ਏਜੰਸੀ ਵਿਸਥਾਰਤ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਨਿਯਮਤ ਅਲਾਟਮੈਂਟ ਪੱਤਰ ਜਾਰੀ ਕਰੇਗੀ।

ਕੰਪਨੀ ਨੇ ਸੂਚਨਾ ਤਕਨਾਲੋਜੀ ਸੇਵਾਵਾਂ ਲਈ ਐਸ ਏ ਐਸ ਨਗਰ ਵਿੱਚ ਸਥਿਤ 4,333.33 ਵਰਗ ਗਜ ਦਾ ਉਦਯੋਗਿਕ ਪਲਾਟ ਇੱਕ ਅਲਾਟੀ[112] ਨੂੰ ₹ 9.50 ਕਰੋੜ ਦੀ ਕੁੱਲ ਲਾਗਤ ਨਾਲ ਅਲਾਟ ਕੀਤਾ ਸੀ (28 ਜਨਵਰੀ 2021), ਜਿਸ ਨੂੰ ਵੇਚੇ[113] ਗਏ ਪਲਾਟ ਦੇ ਅਸਲ ਮਾਪ ਦੇ ਅਧਾਰ 'ਤੇ ਸੋਧ ਕੇ ₹ 9.55 ਕਰੋੜ ਕਰ ਦਿੱਤਾ ਗਿਆ ਸੀ। ਅਲਾਟੀ ਨੂੰ ਅਰਜ਼ੀ ਦੇ ਨਾਲ ਪਲਾਟ ਦੀ

110 19 ਜਨਵਰੀ 2022 ਤੱਕ।

111 ₹ 18.91 ਕਰੋੜ (ਇਕਵਟੀ ਸ਼ੇਅਰ 1,22,027 * ₹ 1,550 ਪ੍ਰਤੀ ਸ਼ੇਅਰ) ਘਟਾਓ ₹ 14.70 ਕਰੋੜ।

112 ਮੈਸਰਜ਼ ਮੋਹਾਲੀ ਟੈਕਸਪੇਸ ਬਾਅਦ ਵਿੱਚ ਮੈਸਰਜ਼ ਏ ਐਸ ਐਂਟਰਪ੍ਰਾਈਜ਼ਜ਼।

113 ਪਲਾਟ ਦਾ ਅਸਲ ਮਾਪ 4,355 ਵਰਗ ਗਜ ਸੀ।

ਲਾਗਤ ਦਾ 10 *ਪ੍ਰਤੀਸ਼ਤ* ਅਰਨੈਸਟ ਮਨੀ, ਅਲਾਟਮੈਂਟ ਦੇ 30 ਦਿਨਾਂ ਦੇ ਅੰਦਰ ਭੁਗਤਾਨਯੋਗ ਪਲਾਟ ਦੀ ਲਾਗਤ ਦਾ 15 *ਪ੍ਰਤੀਸ਼ਤ* ਡਾਊਨ ਪੇਮੈਂਟ ਅਤੇ ਬਾਕੀ 75 *ਪ੍ਰਤੀਸ਼ਤ* ਪੰਜ ਸਾਲਾਨਾ ਬਰਾਬਰ ਕਿਸ਼ਤਾਂ ਵਿੱਚ 9.5 *ਪ੍ਰਤੀਸ਼ਤ* ਸਾਲਾਨਾ ਵਿਆਜ ਦੇ ਦਰ ਤੇ ਅਦਾ ਕਰਨਾ ਜ਼ਰੂਰੀ ਸੀ। ਜੇ ਬਾਕੀ 75 *ਪ੍ਰਤੀਸ਼ਤ* ਦੀ ਇਕਮੁਸ਼ਤ ਅਦਾਇਗੀ ਅਲਾਟਮੈਂਟ ਦੇ 60 ਦਿਨਾਂ ਦੇ ਅੰਦਰ ਕੀਤੀ ਜਾਂਦੀ ਹੈ, ਤਾਂ ਅਲਾਟੀ 10 *ਪ੍ਰਤੀਸ਼ਤ* ਛੋਟ ਦਾ ਹੱਕਦਾਰ ਸੀ। ਅਲਾਟਮੈਂਟ ਪੱਤਰ ਵਿੱਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ ਕਿ ਸਾਈਟ ਨੂੰ "ਜਿਵੇਂ ਹੈ, ਜਿੱਥੇ ਹੈ ਅਧਾਰ ਤੇ" ਅਲਾਟ ਕੀਤਾ ਜਾਣਾ ਸੀ ਅਤੇ ਕੰਪਨੀ ਅਸਮਾਨ ਸਾਈਟ ਨੂੰ ਪੱਧਰਾ ਕਰਨ ਜਾਂ ਢਾਂਚੇ ਨੂੰ ਹਟਾਉਣ ਲਈ ਜ਼ਿੰਮੇਵਾਰ ਨਹੀਂ ਸੀ। ਅਲਾਟਮੈਂਟ ਦੀ ਮਿਤੀ ਵਿੱਚ ਤਬਦੀਲੀ ਦਾ ਇੱਕੋ ਇੱਕ ਅਧਾਰ ਇਹ ਸੀ ਕਿ ਅਲਾਟ ਕੀਤੇ ਪਲਾਟ ਨਾਲ ਸਬੰਧਤ ਬੁਨਿਆਦੀ ਵਿਕਾਸ ਕਾਰਜ ਬਾਅਦ ਦੇ ਪੜਾਅ ਤੇ ਪੂਰੇ ਕੀਤੇ ਗਏ ਸਨ।

ਅਲਾਟੀ ਨੇ ਜਨਵਰੀ 2021 ਅਤੇ ਫਰਵਰੀ 2021 ਵਿੱਚ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਕ੍ਰਮਵਾਰ ₹ 95.43 ਲੱਖ ਅਰਨੈਸਟ ਮਨੀ ਅਤੇ ₹ 1.43 ਕਰੋੜ ਡਾਊਨ ਪੇਮੈਂਟ ਵਜੋਂ ਜਮ੍ਹਾਂ ਕਰਵਾਏ। ਹਾਲਾਂਕਿ, ਬਾਕੀ ਭੁਗਤਾਨ ਦੇ 10 *ਪ੍ਰਤੀਸ਼ਤ* ਦੀ ਛੋਟ ਦਾ ਕਲੇਮ ਕਰਨ ਲਈ ਅਲਾਟੀ ਨੂੰ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ 60 ਦਿਨਾਂ ਦੇ ਅੰਦਰ (29 ਮਾਰਚ 2021 ਤੱਕ) ₹ 7.16 ਕਰੋੜ ਦੀ ਪੂਰੀ ਬਕਾਇਆ ਅਦਾਇਗੀ ਕਰਨ ਦੀ ਲੋੜ ਸੀ। ਅਲਾਟਮੈਂਟ ਦੀ ਮਿਤੀ ਤੋਂ 42 ਦਿਨ ਬੀਤ ਜਾਣ ਤੋਂ ਬਾਅਦ ਅਲਾਟੀ ਨੇ ਕੰਪਨੀ ਨੂੰ ਸਾਈਟ ਤੋਂ ਵੱਡੇ ਰੁੱਖਾਂ ਨੂੰ ਹਟਾਉਣ ਦੀ ਬੇਨਤੀ ਕੀਤੀ (12 ਮਾਰਚ 2021)। ਇਹ ਵੀ ਦੱਸਿਆ ਗਿਆ ਕਿ ਪਲਾਟ ਦੀ ਬਕਾਇਆ ਅਦਾਇਗੀ ਤੇ ਵਿਆਜ ਜਾਂ ਦੰਡਾਤਮਕ ਵਿਆਜ ਦਾ ਭੁਗਤਾਨ ਉਦੋਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਸਾਈਟ ਹਰ ਕਿਸਮ ਦੇ ਜੁਰਮਾਨੇ ਤੋਂ ਮੁਕਤ ਨਹੀਂ ਹੋ ਜਾਂਦੀ। ਇਸ ਦੌਰਾਨ, ਅਲਾਟੀ ਨੇ 27 ਅਪ੍ਰੈਲ 2021 ਨੂੰ ਕਬਜ਼ਾ ਸਰਟੀਫਿਕੇਟ ਤੇ ਦਸਤਖਤ ਕਰਕੇ ਪਲਾਟ ਦਾ ਕਬਜਾ ਲੈ ਲਿਆ, ਜਿਸ ਵਿੱਚ ਲਿਖਿਆ ਸੀ ਕਿ ਪਲਾਟ ਤੇ ਕੋਈ ਕਬਜ਼ਾ ਨਹੀਂ ਸੀ ਅਤੇ ਪਲਾਟ ਦੇ ਸਾਹਮਣੇ ਵਾਲੇ ਪਾਸੇ ਚਾਰ ਰੁੱਖ ਖੜ੍ਹੇ ਸਨ।

ਕੰਪਨੀ ਨੇ ਅੰਦਰੂਨੀ ਦਿਸ਼ਾ ਨਿਰਦੇਸ਼ਾਂ[114] (ਅਗਸਤ 2003) ਦਾ ਹਵਾਲਾ ਦਿੰਦੇ ਹੋਏ ਅਲਾਟੀ ਦੀ ਬੇਨਤੀ ਤੇ ਵਿਚਾਰ ਕੀਤਾ (ਮਈ 2021) ਅਤੇ ਆਪਣੇ ਬਾਗਬਾਨੀ ਵਿੰਗ ਨੂੰ 30 ਮਈ 2021 ਤੱਕ ਰੁੱਖਾਂ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ। ਕੰਪਨੀ ਨੇ ਅਲਾਟੀ ਨੂੰ ਸੂਚਿਤ ਕੀਤਾ (11 ਮਈ 2021) ਕਿ 28 ਜਨਵਰੀ 2021 ਤੋਂ 30 ਮਈ 2021 ਤੱਕ ਦੀ ਮਿਆਦ ਨੂੰ ਸਾਰੇ ਇਰਾਦਿਆਂ ਅਤੇ ਉਦੇਸ਼ਾਂ ਲਈ ਜ਼ੀਰੋ ਮਿਆਦ ਮੰਨਿਆ ਜਾਣਾ ਹੈ *ਜਿਵੇਂ ਕਿ* ਕੋਈ ਵਿਆਜ, ਦੰਡਾਤਮਕ ਵਿਆਜ *ਆਦਿ* ਨਹੀਂ ਵਸੂਲਿਆ ਜਾਵੇਗਾ। ਇਸ ਤੋਂ ਇਲਾਵਾ, ਅਲਾਟੀ ਨੂੰ ਪਲਾਟ ਦੀ ਲਾਗਤ ਦਾ ਬਾਕੀ 75 *ਪ੍ਰਤੀਸ਼ਤ* 30 ਮਈ 2021 ਨੂੰ ਜਾਂ ਇਸ ਤੋਂ ਪਹਿਲਾਂ ਇਕਮੁਸ਼ਤ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਗਈ ਸੀ। ਅਲਾਟੀ ਨੇ 28 ਮਈ 2021 ਨੂੰ ₹ 71.63 ਲੱਖ[115] ਦੀ ਛੋਟ ਦਾ ਲਾਭ ਲੈਣ ਤੋਂ ਬਾਅਦ ₹ 6.46 ਕਰੋੜ ਦੀ ਅਦਾਇਗੀ ਕੀਤੀ।

---

114 ਉਸ ਸਮੇਂ ਦੇ ਦੁਆਰਾ ਪ੍ਰਵਾਨਿਤ ਮੈਨੇਜਿੰਗ ਡਾਇਰੈਕਟਰ ਨੇ ਦੱਸਿਆ ਕਿ ਅਜਿਹੇ ਮਾਮਲਿਆਂ ਵਿੱਚ ਜਿੱਥੇ ਕੰਪਨੀ ਅਦਾਲਤ ਦੁਆਰਾ ਸਟੇਅ ਕਬਜ਼ਾ/ਜ਼ਮਾਨਤ/ਵਿਵਾਦ ਆਦਿ, ਵਿਵਾਦਪੂਰਨ ਮਿਆਦ ਨੂੰ ਸਾਰੇ ਇਰਾਦੇ ਅਤੇ ਉਦੇਸ਼ਾਂ ਲਈ ਜ਼ੀਰੋ ਮਿਆਦ ਮੰਨਿਆ ਜਾਂਦਾ ਸੀ।

115 ਰਕਬੇ ਵਿੱਚ ਵਾਧੇ ਤੋਂ ਬਾਅਦ ਪਲਾਟ ਦਾ ਕੁੱਲ ਮੁੱਲ = ₹ 9,55,13,860
ਕੁੱਲ ਰਕਬੇ ਦਾ 75 *ਪ੍ਰਤੀਸ਼ਤ* (10 *ਪ੍ਰਤੀਸ਼ਤ* ਈ ਐਮ ਡੀ ਅਤੇ 15 *ਪ੍ਰਤੀਸ਼ਤ* ਡਾਊਨ ਪੇਮੈਂਟ ਜਮ੍ਹਾਂ ਕਰਨ ਤੋਂ ਬਾਅਦ) = 7,16,35,395। ਇਸ ਲਈ, 10 *ਪ੍ਰਤੀਸ਼ਤ* ਦੀ ਛੋਟ = 71,63,539.50

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਅਲਾਟਮੈਂਟ ਪੱਤਰ ਦੀ "ਜਿਵੇਂ ਹੈ, ਜਿੱਥੇ ਹੈ ਅਧਾਰ ਤੇ" ਸਪੱਸ਼ਟ ਤੌਰ 'ਤੇ ਦੱਸੀ ਸ਼ਰਤ ਵਿੱਚ ਢਿੱਲ ਉਸ ਸਮੇਂ ਦੇ ਮੈਨੇਜਿੰਗ ਡਾਇਰੈਕਟਰ ਦੁਆਰਾ ਵੀਹ ਸਾਲ ਪਹਿਲਾਂ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਅਧਾਰ ਤੇ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਨਾ ਤਾਂ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਅਤੇ ਨਾ ਹੀ ਰਾਜ ਸਰਕਾਰ ਤੋਂ ਮਨਜ਼ੂਰੀ ਦਿੱਤੀ ਸੀ। ਇਸ ਤੋਂ ਇਲਾਵਾ, ਉਕਤ ਦਿਸ਼ਾ-ਨਿਰਦੇਸ਼ਾਂ ਵਿੱਚ ਰੁੱਖਾਂ ਦੀ ਹੋਂਦ ਦਾ ਕੋਈ ਜ਼ਿਕਰ ਨਹੀਂ ਹੈ ਜਿਸ ਨੂੰ ਜ਼ਮਾਨਤ ਮੁਕਤ ਜ਼ਮੀਨ ਦੀ ਘਾਟ ਮੰਨਿਆ ਜਾਵੇ। ਲੇਖਾ ਪ੍ਰੀਖਿਆ ਵਿੱਚ ਅੱਗੇ ਵੇਖਿਆ ਗਿਆ (ਨਵੰਬਰ 2024) ਕਿ ਬਾਗਬਾਨੀ ਵਿੰਗ ਨੇ ਰੁੱਖਾਂ ਨੂੰ ਕੱਟਣ ਲਈ ਕੋਈ ਕਾਰਵਾਈ ਨਹੀਂ ਕੀਤੀ ਹੈ ਜੋ ਭੁਗਤਾਨ ਦੀਆਂ ਸ਼ਰਤਾਂ ਵਿੱਚ ਢਿੱਲ ਦੇਣ ਅਤੇ ਛੋਟ ਦੀ ਆਗਿਆ ਦੇਣ ਦਾ ਅਧਾਰ ਸੀ।

ਇਸ ਤਰ੍ਹਾਂ, ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਦੀ ਅਣਦੇਖੀ ਕਰਕੇ 28 ਜਨਵਰੀ 2021 ਤੋਂ 30 ਮਈ 2021 ਤੱਕ ਦੀ ਮਿਆਦ ਨੂੰ ਸਾਰੇ ਇਰਾਦਿਆਂ ਅਤੇ ਉਦੇਸ਼ਾਂ ਲਈ ਜ਼ੀਰੋ ਮਿਆਦ ਮੰਨਣ ਦੇ ਨਤੀਜੇ ਵਜੋਂ ਅਲਾਟੀ ਨੂੰ ਅਣਉਚਿਤ ਲਾਭ ਹੋਇਆ ਅਤੇ ਕੰਪਨੀ ਨੂੰ ₹ 71.63 ਲੱਖ ਦੇ ਮਾਲੀਆ ਦਾ ਨੁਕਸਾਨ ਹੋਇਆ।

ਇਹ ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ (ਮਾਰਚ 2024) ਭੇਜਿਆ ਗਿਆ ਸੀ; ਉਨ੍ਹਾਂ ਦੇ ਜਵਾਬ ਦੀ ਉਡੀਕ (ਜਨਵਰੀ 2025) ਕੀਤੀ ਜਾ ਰਹੀ ਸੀ।

**ਸਿਫਾਰਸ਼: ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕੰਪਨੀ ਅਲਾਟਮੈਂਟ ਪੱਤਰ ਦੇ ਸਾਰੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਨੂੰ ਯਕੀਨੀ ਬਣਾ ਸਕਦੀ ਹੈ ਤਾਂ ਜੋ ਕੰਪਨੀ ਦੇ ਵਿੱਤੀ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।**

## ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ

## ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ

### 6.7 ਸਬਸਿਡੀ ਕਲੇਮਾਂ ਤੋਂ ਟਾਲਣਯੋਗ ਕਟੌਤੀਆਂ ਕਾਰਨ ਵਿਆਜ ਦਾ ਘਾਟਾ

**ਕੰਪਨੀ ਸਾਲ 2018-19 ਤੋਂ 2022-23 ਲਈ ਸਾਲਾਨਾ ਲੇਖਿਆਂ ਨੂੰ ਸਹਾਇਕ ਦਸਤਾਵੇਜ਼ਾਂ ਦੇ ਨਾਲ ਤਿਆਰ ਕਰਕੇ ਭਾਰਤ ਸਰਕਾਰ ਤੋਂ ਆਰਜ਼ੀ ਸਬਸਿਡੀ ਕਲੇਮ ਕਰਨ ਲਈ ਜਮ੍ਹਾਂ ਨਹੀਂ ਕਰ ਸਕੀ। ਜਿਸ ਦੇ ਨਤੀਜੇ ਵਜੋਂ ਭਾਰਤ ਸਰਕਾਰ ਦੁਆਰਾ ਆਰਜ਼ੀ ਸਬਸਿਡੀ ਕਲੇਮਾਂ ਤੋਂ ₹ 94.79 ਕਰੋੜ ਦੀ ਟਾਲਣਯੋਗ ਕਟੌਤੀ ਹੋਈ ਅਤੇ ਕੰਪਨੀ ਨੂੰ ਨਤੀਜੇ ਵਜੋਂ ₹ 8.05 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।**

ਭਾਰਤ ਸਰਕਾਰ (ਜੀ ਓ ਆਈ) ਨੇ ਕਿਫਾਇਤੀ ਕੀਮਤਾਂ 'ਤੇ ਮਿਆਰੀ ਭੋਜਨ ਦੀ ਢੁਕਵੀਂ ਮਾਤਰਾ ਦੀ ਪਹੁੰਚ ਨੂੰ ਯਕੀਨੀ ਬਣਾ ਕੇ ਪਛਾਣੇ ਗਏ ਪਰਿਵਾਰਾਂ ਨੂੰ ਭੋਜਨ ਅਤੇ ਪੋਸ਼ਣ ਸੁਰੱਖਿਆ ਪ੍ਰਦਾਨ ਕਰਨ ਲਈ ਨੈਸ਼ਨਲ ਫੂਡ ਸਿਕਓਰਿਟੀ ਐਕਟ (ਐਨ ਐਫ ਐਸ ਏ), 2013 ਲਾਗੂ ਕੀਤਾ ਹੈ। ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ (ਕੰਪਨੀ), ਪੰਜਾਬ ਰਾਜ ਵਿੱਚ ਐਨ ਐਫ ਐਸ ਏ ਲਈ ਅਨਾਜ ਦੀ ਖਰੀਦ ਕਰਨ ਅਤੇ ਇਸ ਨੂੰ ਵਿਕੇਂਦਰੀਕ੍ਰਿਤ ਖਰੀਦ (ਡੀ ਸੀ ਪੀ) ਅਧੀਨ ਲਾਭਪਾਤਰੀਆਂ ਨੂੰ ₹ ਦੋ ਪ੍ਰਤੀ ਕਿਲੋ ਦੀ ਦਰ ਨਾਲ ਵਾਜਬ ਕੀਮਤ ਦੀਆਂ ਦੁਕਾਨਾਂ ਰਾਹੀਂ ਵੰਡਣ ਲਈ ਨੋਡਲ ਏਜੰਸੀ ਸੀ। ਭਾਰਤ ਸਰਕਾਰ ਹਰੇਕ ਫਸਲੀ ਸਾਲ ਦੇ ਡੀ ਸੀ ਪੀ ਲਈ ਕਣਕ ਨਾਲ

ਸਬੰਧਿਤ ਹੋਰ ਖਰਚੇ[116] ਭਾਵ ਹਾੜ੍ਹੀ ਦੇ ਮੰਡੀਕਰਨ ਸੀਜ਼ਨ (ਆਰ ਐਮ ਐਸ) ਦੀਆਂ ਆਰਜ਼ੀ ਦਰਾਂ ਵੱਖਰੇ ਤੌਰ 'ਤੇ ਨਿਰਧਾਰਤ ਕਰਦੀ ਹੈ। ਇਨ੍ਹਾਂ ਆਰਜ਼ੀ ਦਰਾਂ ਦੇ ਅਧਾਰ 'ਤੇ, ਕੰਪਨੀ ਭਾਰਤ ਸਰਕਾਰ ਤੋਂ ਤਿਮਾਹੀ ਆਧਾਰ 'ਤੇ ਕਣਕ ਦੀ ਡਿਲਿਵਰੀ ਦੇ ਅਧਾਰ 'ਤੇ ਅੰਤਰੀਵ ਰਾਸ਼ੀ ਦੇ ਕਾਰਨ *ਭਾਵ* ਭਾਰਤ ਸਰਕਾਰ ਦੁਆਰਾ ਤੈਅ ਕੀਤੇ ਸਬੰਧਤ ਹੋਰ ਖਰਚੇ ਦੀ ਲਾਗਤ ਘਟਾਓ ਲਾਭਪਾਤਰੀਆਂ ਤੋਂ ਪ੍ਰਾਪਤ ₹ ਦੋ ਪ੍ਰਤੀ ਕਿਲੋ ਦੀ ਆਰਜ਼ੀ ਸਬਸਿਡੀ ਦਾ ਕਲੇਮ ਕਰਦੀ ਹੈ।

ਭਾਰਤ ਸਰਕਾਰ ਨੇ ਸਾਲਾਨਾ ਲੇਖਾ ਪ੍ਰੀਖਿਆ ਕੀਤੇ ਲੇਖਿਆਂ (ਸਹਾਇਕ ਦਸਤਾਵੇਜ਼ਾਂ ਸਮੇਤ) ਜਮ੍ਹਾਂ ਕਰਨ ਵਿੱਚ ਲੰਬੀ ਦੇਰੀ ਅਤੇ ਕੁਝ ਰਾਜ ਸਰਕਾਰਾਂ ਦੁਆਰਾ ਸਮਾਂਬੱਧਤਾ ਦੀ ਪਾਲਣਾ ਨਾ ਕਰਨ ਤੇ ਵਿਚਾਰ (24 ਫਰਵਰੀ 2020) ਕਰਦਿਆਂ 31 ਮਾਰਚ 2021 ਤੋਂ ਲੰਬੇ ਸਮੇਂ ਤੋਂ ਡਿਫਾਲਟਰ ਰਾਜਾਂ ਲਈ ਆਰਜ਼ੀ ਸਬਸਿਡੀ ਦਾ ਇੱਕ ਹਿੱਸਾ ਰੋਕ ਦਿੱਤਾ ਅਤੇ ਕਿਹਾ ਕਿ ਜਿਹੜੇ ਰਾਜ ਪੰਜ ਸਾਲਾਂ ਤੋਂ ਵੱਧ ਸਾਲਾਨਾ ਲੇਖੇ ਜਮ੍ਹਾਂ ਕਰਨ ਵਿੱਚ ਅਸਫਲ ਰਹੇ, ਛੇਵੇਂ ਸਾਲ ਵਿੱਚ ਸਵੀਕਾਰਯੋਗ ਆਰਜ਼ੀ ਸਬਸਿਡੀ ਦਾ ਪੰਜ *ਪ੍ਰਤੀਸ਼ਤ* ਅਤੇ ਅੱਗੇ ਦੋ *ਪ੍ਰਤੀਸ਼ਤ* ਪ੍ਰਤੀ ਸਾਲ ਕੱਟਿਆ ਜਾਵੇਗਾ। ਰੋਕੀ ਗਈ ਸਬਸਿਡੀ ਸਿਰਫ ਸਬੰਧਤ ਸਾਲ ਦੀ ਅੰਤਿਮ ਸਬਸਿਡੀ ਦੇ ਨਿਪਟਾਰੇ ਸਮੇਂ ਜਾਰੀ ਕੀਤੀ ਜਾਵੇਗੀ। ਭਾਰਤ ਸਰਕਾਰ ਨੇ ਅੱਗੇ ਕਿਹਾ (ਦਸੰਬਰ 2021 ਅਤੇ ਮਈ 2022) ਕਿ ਰਾਜ ਸਰਕਾਰ ਨੂੰ ਭਾਰਤ ਦੇ ਲੇਖਾ ਪਰੀਖਕ ਅਤੇ ਮਹਾਂ ਲੇਖਾ ਨਿਰੀਖਕ (ਸੀ ਏ ਜੀ) ਦੁਆਰਾ ਨਿਯੁਕਤ ਲੇਖਾ ਪਰੀਖਕਾਂ ਦੁਆਰਾ ਲੇਖਾ ਪ੍ਰੀਖਿਆ ਕੀਤੇ ਗਏ ਲੇਖਿਆਂ ਅਤੇ ਦਸਤਾਵੇਜ਼ੀ ਸਬੂਤਾਂ ਦੇ ਨਾਲ-ਨਾਲ ਹਰੇਕ ਵਸਤੂ ਲਈ ਵਿਸਥਾਰਤ ਜਾਇਜ਼ਤਾਂ ਦੇ ਨਾਲ ਸੀਜ਼ਨ ਦੀ ਸਮਾਪਤੀ ਤੋਂ ਬਾਅਦ ਅਤੇ ਕਿਸੇ ਵੀ ਸਥਿਤੀ ਵਿੱਚ ਵਿੱਤੀ ਸਾਲ ਦੇ ਅੰਤ ਤੋਂ 12 ਮਹੀਨਿਆਂ ਦੇ ਅੰਦਰ ਜਿਸ ਵਿੱਚ ਸੀਜ਼ਨ ਖਤਮ ਹੋ ਗਿਆ ਸੀ, ਇਨਸੀਡੈਂਅਲ ਦੀ ਅੰਤਿਮ ਦਰਾਂ ਲਈ ਆਪਣੇ ਕਲੇਮਾਂ ਨੂੰ ਭੇਜਣਾ ਚਾਹੀਦਾ ਹੈ।

ਕੰਪਨੀ ਨੇ ਸਿਰਫ ਸਾਲ 2017-18 ਤੱਕ ਲੇਖਿਆਂ ਨੂੰ ਅੰਤਿਮ ਰੂਪ (ਜਨਵਰੀ 2020) ਦਿੱਤਾ ਹੈ ਅਤੇ ਸੀ ਏ ਜੀ ਦੁਆਰਾ ਸਾਲ 2018-19 ਤੋਂ 2022-23 ਲਈ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ (ਅਕਤੂਬਰ 2018 ਤੋਂ ਸਤੰਬਰ 2022) ਦੇ ਬਾਵਜੂਦ ਸਾਲ 2018-19 ਤੋਂ 2022-23 ਲਈ ਸਾਲਾਨਾ ਲੇਖਿਆ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਅਪ੍ਰੈਲ 2021 ਤੋਂ ਦਸੰਬਰ 2021 ਅਤੇ ਅਪ੍ਰੈਲ 2022 ਤੋਂ ਦਸੰਬਰ 2022 ਦੀ ਮਿਆਦ ਲਈ ਆਰਜ਼ੀ ਸਬਸਿਡੀ ਦਾ ਭੁਗਤਾਨ ਕਰਦੇ ਸਮੇਂ, ਭਾਰਤ ਸਰਕਾਰ ਨੇ ਉਪਰੋਕਤ ਹਦਾਇਤਾਂ ਦੇ ਅਨੁਸਾਰ ਸਾਲਾਨਾ ਲੇਖੇ/ਸਹਾਇਕ ਦਸਤਾਵੇਜ਼ ਜਮ੍ਹਾਂ ਨਾ ਕਰਨ ਕਾਰਨ ਕੰਪਨੀ ਦੁਆਰਾ ਉਠਾਏ ਗਏ ਸਬਸਿਡੀ ਦੇ ਕਲੇਮ ਦੀ ਕੁੱਲ ਰਾਸ਼ੀ 'ਤੇ ਪੰਜ *ਪ੍ਰਤੀਸ਼ਤ* ਦੀ ਦਰ 'ਤੇ ਕ੍ਰਮਵਾਰ ₹ 47.39 ਕਰੋੜ (ਮਾਰਚ 2022) ਅਤੇ ₹ 47.40 ਕਰੋੜ (ਮਾਰਚ 2023) ਦੀ ਕਟੌਤੀ ਕੀਤੀ। ਲੇਖਾ ਪ੍ਰੀਖਿਆ ਨੂੰ ਪੇਸ਼ ਕੀਤੇ ਗਏ ਰਿਕਾਰਡਾਂ ਤੋਂ ਪਤਾ ਲੱਗਦਾ ਹੈ ਕਿ ਕੰਪਨੀ ਨੇ ਫਸਲੀ ਸਾਲ 2014-15 ਅਤੇ 2015-16 ਨਾਲ ਸਬੰਧਤ ਬੈਲੇਂਸ ਸ਼ੀਟ ਅਤੇ ਸਹਾਇਕ ਦਸਤਾਵੇਜ਼ ਦੇਰੀ ਨਾਲ ਅਪ੍ਰੈਲ 2020 ਵਿੱਚ ਜਮ੍ਹਾਂ ਕਰਵਾਏ ਸਨ ਅਤੇ ਫਸਲੀ ਸਾਲ 2016-17 ਲਈ ਲੋੜੀਂਦੇ ਸਾਲਾਨਾ ਲੇਖਾ ਪ੍ਰੀਖਿਆ ਕੀਤੇ ਲੇਖੇ/ਦਸਤਾਵੇਜ਼ ਭਾਰਤ ਸਰਕਾਰ ਨੂੰ ਨਹੀਂ ਭੇਜੇ ਸਨ।

---

116 ਖਰੀਦ/ਵੰਡ ਤੇ ਖਰਚ ਦੀਆਂ ਕਈ ਚੀਜ਼ਾਂ ਨੂੰ ਖਰੀਦ ਇਨਸੀਡੈਂਟਲ ਕਿਹਾ ਜਾਂਦਾ ਹੈ ਜਿਵੇਂ ਕਿ ਕਾਨੂੰਨੀ ਖਰਚੇ, ਦਾਮੀ/ਆੜ੍ਹਤੀਆਂ ਕਮਿਸ਼ਨ, ਮੰਡੀ ਲੇਬਰ ਚਾਰਜਿਜ਼, ਨਵੇਂ ਬਾਰਦਾਨੇ/ਐਚ ਡੀ ਪੀ ਈ ਬੈਗਾਂ ਦੀ ਕੀਮਤ, ਆਵਾਜਾਈ ਖਰਚੇ, ਰਖਵਾਲੀ ਅਤੇ ਰੱਖ-ਰਖਾਅ ਦੇ ਖਰਚੇ, ਵਿਆਜ ਖਰਚੇ ਅਤੇ ਹੈਂਡਲਿੰਗ/ਫਾਰਵਰਡਿੰਗ ਖਰਚੇ।

ਇਸ ਤਰ੍ਹਾਂ, ਕੰਪਨੀ ਵੱਲੋਂ ਸਾਲਾਨਾ ਲੇਖਾ ਪ੍ਰੀਖਿਆ ਕੀਤੇ ਲੇਖੇ/ਸਹਾਇਕ ਦਸਤਾਵੇਜ਼ ਜਮ੍ਹਾਂ ਕਰਨ ਵਿੱਚ ਲਾਪਰਵਾਹੀ ਦੇ ਨਤੀਜੇ ਵਜੋਂ ਭਾਰਤ ਸਰਕਾਰ ਤੋਂ ₹ 94.79[117] ਕਰੋੜ ਦੀ ਆਰਜ਼ੀ ਸਬਸਿਡੀ ਦੇ ਕਲੇਮਾਂ ਦੀ ਟਾਲਣਯੋਗ ਕਟੌਤੀ ਹੋਈ ਅਤੇ ਨਤੀਜੇ ਵਜੋਂ ਕੰਪਨੀ ਨੂੰ ₹ 8.05 ਕਰੋੜ[118] ਦੇ ਵਿਆਜ ਦਾ ਨੁਕਸਾਨ ਹੋਇਆ।

ਇਹ ਮਾਮਲਾ ਰਾਜ ਸਰਕਾਰ ਅਤੇ ਕੰਪਨੀ ਨੂੰ (ਅਕਤੂਬਰ 2023) ਭੇਜਿਆ ਗਿਆ ਸੀ; ਉਨ੍ਹਾਂ ਦੇ ਜਵਾਬ ਦੀ ਉਡੀਕ (ਜਨਵਰੀ 2025) ਕੀਤੀ ਜਾ ਰਹੀ ਸੀ।

**ਸਿਫਾਰਸ਼: ਕੰਪਨੀ ਭਾਰਤ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸਾਲਾਨਾ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਅਤੇ ਸਹਾਇਕ ਦਸਤਾਵੇਜ਼ਾਂ ਨੂੰ ਸਮੇਂ ਸਿਰ ਅੰਤਿਮ ਰੂਪ ਦੇਣਾ ਅਤੇ ਜਮ੍ਹਾਂ ਕਰਵਾਉਣਾ ਯਕੀਨੀ ਬਣਾ ਸਕਦੀ ਹੈ ਤਾਂ ਜੋ ਭਾਰਤ ਸਰਕਾਰ ਦੁਆਰਾ ਸਬਸਿਡੀ ਦੇ ਕਲੇਮਾਂ ਤੋਂ ਕਿਸੇ ਵੀ ਕਟੌਤੀ ਤੋਂ ਬਚਿਆ ਜਾ ਸਕੇ।**

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ

## 6.8 ਮੈਗਾ ਫੂਡ ਪਾਰਕ ਸਕੀਮ ਨੂੰ ਲਾਗੂ ਕਰਨਾ

**ਕੰਪਨੀ ਦੁਆਰਾ ਤਿਆਰ ਕੀਤੀ ਗਈ ਵਿਸਥਾਰਤ ਪ੍ਰੋਜੈਕਟ ਰਿਪੋਰਟ ਵਿੱਚ ਕਮੀ ਸੀ ਕਿਉਂਕਿ ਇਸ ਵਿੱਚ ਕਾਨੂੰਨ ਦੁਆਰਾ ਲਾਜ਼ਮੀ ਕੁਝ ਸਹੂਲਤਾਂ/ਸੇਵਾਵਾਂ ਸ਼ਾਮਲ ਨਹੀਂ ਸਨ ਅਤੇ ਲੋੜੀਂਦੀਆਂ ਸਮਰੱਥਾਵਾਂ ਦੀ ਯੋਜਨਾ ਨਹੀਂ ਸੀ। ਪ੍ਰਾਇਮਰੀ ਪ੍ਰੋਸੈਸਿੰਗ ਸੈਂਟਰ, ਅੰਮ੍ਰਿਤਸਰ ਲਈ ਚੁਣੀ ਗਈ ਜ਼ਮੀਨ ਅਣਉਚਿੱਤ ਸੀ ਜਿਸ ਨਾਲ ਲਾਗਤ ਵਧ ਗਈ। ਮੈਗਾ ਫੂਡ ਪਾਰਕ ਦੇ ਅਲਾਟੀਆਂ ਤੋਂ ₹ 0.90 ਕਰੋੜ ਦਾ ਐਕਸਟੈਂਸ਼ਨ ਫ਼ੀਸ ਅਜੇ ਵੀ ਬਕਾਇਆ ਸੀ ਅਤੇ ਸਾਈਲੋਜ਼ ਉਧਾਰ ਨਹੀਂ ਦਿੱਤੇ ਗਏ ਸਨ। ਪ੍ਰੋਜੈਕਟ ਦੇ ਦੇਰੀ ਨਾਲ ਲਾਗੂ ਹੋਣ ਕਾਰਨ, ਕੰਪਨੀ ਨਾ ਸਿਰਫ ਭਾਰਤ ਸਰਕਾਰ ਤੋਂ ਵੱਧ ਤੋਂ ਵੱਧ ਸਹਾਇਤਾ ਗ੍ਰਾਂਟ ਪ੍ਰਾਪਤ ਨਹੀਂ ਕਰ ਸਕੀ ਅਤੇ ਉਸ ਨੂੰ ਜੁਰਮਾਨਾ ਵੀ ਲਗਾਇਆ ਗਿਆ।**

### 6.8.1 ਭੂਮਿਕਾ

ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਭਾਰਤ ਸਰਕਾਰ (ਜੀ ਓ ਆਈ) ਦੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲੇ (ਐਮ ਓ ਐਫ ਪੀ ਆਈ) ਦੀ ਐਮ ਐਫ ਪੀ ਸਕੀਮ (ਫਰਵਰੀ 2014) ਅਧੀਨ ਮੈਗਾ ਫੂਡ ਪਾਰਕ (ਐਮ ਐਫ ਪੀ) ਸਥਾਪਤ ਕਰਨ ਲਈ ਦਿਲਚਸਪੀ ਦਾ ਪ੍ਰਗਟਾਵਾ (ਜੁਲਾਈ 2014) ਪੇਸ਼ ਕੀਤਾ। ਐਮ ਓ ਐਫ ਪੀ ਆਈ ਨੇ ਮਾਰਚ 2015 ਵਿੱਚ ਐਮ ਐਫ ਪੀ ਦੀ ਸਥਾਪਨਾ ਲਈ ਸਿਧਾਂਤਕ ਪ੍ਰਵਾਨਗੀ ਦਿੱਤੀ ਸੀ। ਇਸ ਸਕੀਮ ਦਾ ਉਦੇਸ਼ ਇੱਕ ਕੁਸ਼ਲ ਸਪਲਾਈ ਚੇਨ ਦੁਆਰਾ ਸਮਰਥਿਤ ਇੱਕ ਮਜ਼ਬੂਤ ਫੂਡ ਪ੍ਰੋਸੈਸਿੰਗ ਉਦਯੋਗ ਦੀ ਸਥਾਪਨਾ ਨੂੰ ਸੁਵਿਧਾਜਨਕ

---

117 ₹ 94.79 ਕਰੋੜ (ਭਾਰਤ ਸਰਕਾਰ ਦੇ ਕ੍ਰਮਵਾਰ 21 ਮਾਰਚ 2022 ਅਤੇ 28 ਮਾਰਚ 2023 ਦੇ ਸਬਸਿਡੀ ਰਿਲੀਜ਼ ਆਰਡਰ ਅਨੁਸਾਰ ₹ 47.39 ਕਰੋੜ ਅਤੇ ₹ 47.40 ਕਰੋੜ ਦੀ ਕਟੌਤੀ ਕੀਤੀ ਗਈ)।

118 ₹ 8.05 ਕਰੋੜ (₹ 5.75 ਕਰੋੜ ਦੀ ਗਣਨਾ ਸਧਾਰਣ ਵਿਆਜ ਦਰ ਤੇ ਕੀਤੀ ਗਈ 20 ਮਹੀਨਿਆਂ ਲਈ ₹ 47.39 ਕਰੋੜ ਯਾਨੀ ਅਪ੍ਰੈਲ 2022 ਤੋਂ ਨਵੰਬਰ 2023 ਲਈ 7.28 *ਪ੍ਰਤੀਸ਼ਤ* ਅਤੇ ₹ 2.30 ਕਰੋੜ ਦੀ ਗਣਨਾ ਅੱਠ ਮਹੀਨਿਆਂ ਲਈ ₹ 47.40 ਕਰੋੜ *ਭਾਵ* ਅਪ੍ਰੈਲ 2023 ਤੋਂ ਨਵੰਬਰ 2023 ਤੱਕ ਕੈਸ਼ ਕ੍ਰੈਡਿਟ ਸੀਮਾ 'ਤੇ ਦਿੱਤੀ ਗਈ)।

ਬਣਾਉਣਾ ਸੀ, ਜਿਸ ਵਿੱਚ ਕੇਂਦਰੀ ਪ੍ਰੋਸੈਸਿੰਗ ਸੈਂਟਰ (ਸੀ ਪੀ ਸੀਜ਼), ਪ੍ਰਾਇਮਰੀ ਪ੍ਰੋਸੈਸਿੰਗ ਸੈਂਟਰ (ਪੀ ਪੀ ਸੀ) ਅਤੇ ਕੁਲੈਕਸ਼ਨ ਸੈਂਟਰ (ਸੀ ਸੀਜ਼) ਸ਼ਾਮਲ ਸਨ। ਸੀ ਪੀ ਸੀ ਨੂੰ ਫੂਡ ਪ੍ਰੋਸੈਸਿੰਗ ਯੂਨਿਟਾਂ ਦੀ ਸਥਾਪਨਾ ਲਈ ਅਤਿ ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾਣਾ ਸੀ ਅਤੇ ਪੀ ਪੀ ਸੀ ਨੂੰ ਸੀ ਪੀ ਸੀ ਵਿੱਚ ਸਥਿਤ ਉਦਯੋਗਿਕ ਇਕਾਈਆਂ ਦੀਆਂ ਕੱਚੇ ਮਾਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸੀ। ਯੋਜਨਾਬੰਦੀ ਅਤੇ ਲਾਗੂ ਕਰਨ ਵਾਲੀ ਕਮੇਟੀ[119] ਨੇ ਪ੍ਰੋਜੈਕਟ ਦੀ ਸੰਭਾਲ ਅਤੇ ਨਿਗਰਾਨੀ ਕਰਨੀ ਸੀ।

ਕੰਪਨੀ ਨੇ ਇਸ ਸਕੀਮ ਅਧੀਨ ਇੱਕ ਸੀ ਪੀ ਸੀ (ਲਾਡੋਵਾਲ, ਲੁਧਿਆਣਾ ਵਿਖੇ) ਅਤੇ ਚਾਰ ਪੀ ਪੀ ਸੀਜ਼ (ਅੰਮ੍ਰਿਤਸਰ, ਹੁਸ਼ਿਆਰਪੁਰ, ਤਲਵੰਡੀ ਸਾਬੋ ਅਤੇ ਅਬੋਹਰ ਵਿਖੇ) ਇੱਕ ਐਮ ਐਫ ਪੀ ਸਥਾਪਤ ਕਰਨ ਲਈ ਵਿਸਥਾਰਤ ਪ੍ਰੋਜੈਕਟ ਰਿਪੋਰਟ (ਡੀ ਪੀ ਆਰ) ਪੇਸ਼ ਕੀਤੀ (ਜੁਲਾਈ 2015)। ਭਾਰਤ ਸਰਕਾਰ ਨੇ ਨਵੰਬਰ 2015 ਵਿੱਚ ₹ 117.61 ਕਰੋੜ ਦੀ ਪ੍ਰਵਾਨਿਤ ਪ੍ਰੋਜੈਕਟ ਲਾਗਤ ਨਾਲ ਸਕੀਮ ਨੂੰ ਅੰਤਿਮ ਪ੍ਰਵਾਨਗੀ ਦਿੱਤੀ ਸੀ। ਇਹ ਸਕੀਮ ਆਮ ਖੇਤਰਾਂ ਵਿੱਚ ਯੋਗ ਪ੍ਰੋਜੈਕਟ ਲਾਗਤ (ਈ ਪੀ ਸੀ) ਦੇ 50 *ਪ੍ਰਤੀਸ਼ਤ* ਦੀ ਦਰ ਤੇ ਅਤੇ ਮੁਸ਼ਕਲ ਅਤੇ ਪਹਾੜੀ ਖੇਤਰਾਂ[120] ਵਿੱਚ ਈ ਪੀ ਸੀ ਦੀ 75 *ਪ੍ਰਤੀਸ਼ਤ* ਦੀ ਦਰ ਤੇ ਐਮ ਓ ਐਫ ਪੀ ਆਈ ਦੁਆਰਾ ਪੂੰਜੀਗਤ ਗ੍ਰਾਂਟ ਪ੍ਰਦਾਨ ਕਰਨ ਲਈ ਸੀ ਜੋ ਵੱਧ ਤੋਂ ਵੱਧ ₹ 50 ਕਰੋੜ ਪ੍ਰਤੀ ਪ੍ਰੋਜੈਕਟ ਦੇ ਅਧੀਨ ਸੀ। ਈ ਪੀ ਸੀ ਵਿੱਚ ਜ਼ਮੀਨ ਦੀ ਲਾਗਤ, ਪ੍ਰੀ-ਓਪਰੇਟਿਵ ਖਰਚੇ ਅਤੇ ਕਾਰਜਸ਼ੀਲ ਪੂੰਜੀ ਲਈ ਮਾਰਜਨ ਮਨੀ ਨੂੰ ਛੱਡ ਦੇ ਕੁੱਲ ਪ੍ਰੋਜੈਕਟ ਲਾਗਤ ਸ਼ਾਮਲ ਸੀ। ਹਾਲਾਂਕਿ, ਉਸਾਰੀ ਦੌਰਾਨ ਪ੍ਰੀ-ਓਪਰੇਟਿਵ ਖਰਚਿਆਂ ਦੇ ਹਿੱਸੇ ਵਜੋਂ ਵਿਆਜ ਅਤੇ ਪ੍ਰਵਾਨਿਤ ਗ੍ਰਾਂਟ ਦੇ ਦੋ *ਪ੍ਰਤੀਸ਼ਤ* ਤੱਕ ਪ੍ਰੋਜੈਕਟ ਮੈਨੇਜਮੈਂਟ ਕੰਸਲਟੈਂਟ (ਪੀ ਐਮ ਸੀ) ਨੂੰ ਫੀਸ ਯੋਗ ਪ੍ਰੋਜੈਕਟ ਲਾਗਤ ਦੇ ਅਧੀਨ ਵਿਚਾਰਿਆ ਜਾਣਾ ਸੀ।

ਐਮ ਓ ਐਫ ਪੀ ਆਈ ਦੁਆਰਾ ਸੂਚਿਤ ਕੀਤੇ ਅਨੁਸਾਰ ਪ੍ਰੋਜੈਕਟ ਨੂੰ ਪੂਰਾ ਕਰਨ ਅਤੇ ਚਲਾਉਣ ਦੀ ਸਮਾਂ ਸਾਰਣੀ ਪ੍ਰੋਜੈਕਟ ਦੀ ਅੰਤਿਮ ਪ੍ਰਵਾਨਗੀ ਦੀ ਮਿਤੀ ਤੋਂ 30 ਮਹੀਨੇ ਸੀ। ਕਿਉਂਕਿ 27 ਨਵੰਬਰ 2015 ਨੂੰ ਐਮ ਓ ਐਫ ਪੀ ਆਈ ਤੋਂ ਅੰਤਿਮ ਪ੍ਰਵਾਨਗੀ ਪ੍ਰਾਪਤ ਹੋਈ ਸੀ, ਪ੍ਰੋਜੈਕਟ ਨੂੰ ਪੂਰਾ ਕਰਨ ਦੀ ਨਿਰਧਾਰਤ ਮਿਤੀ ਮਈ 2018 ਸੀ। ਹਾਲਾਂਕਿ, ਪ੍ਰੋਜੈਕਟ ਦੇ ਵਿੱਤੀ ਬੰਦ ਹੋਣ ਦੀ ਅਜੇ ਉਡੀਕ (ਨਵੰਬਰ 2024) ਕੀਤੀ ਜਾ ਰਹੀ ਸੀ। ਇਸ ਪ੍ਰੋਜੈਕਟ 'ਤੇ ₹ 129.46 ਕਰੋੜ[121] ਖਰਚ ਕੀਤੇ ਗਏ ਸਨ (ਮਾਰਚ 2023)।

## 6.8.2 ਲੇਖਾ ਪ੍ਰੀਖਿਆ ਦੀ ਲੱਭਤਾਂ

ਕੰਪਨੀ ਦੁਆਰਾ ਲਾਗੂ ਕੀਤੀ ਗਈ ਸਕੀਮ ਦੀ ਸਮੀਖਿਆ ਕੀਤੀ ਗਈ (ਜੂਨ 2023 ਤੋਂ ਅਗਸਤ 2023)। ਲੇਖਾ ਪ੍ਰੀਖਿਆ ਦੀ ਲੱਭਤਾਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ:

119 ਸਤੰਬਰ 2014 ਵਿੱਚ ਸਥਾਪਿਤ ਕੀਤਾ ਗਿਆ ਇਸ ਵਿੱਚ ਵਿੱਤ ਕਮਿਸ਼ਨਰ (ਵਿਕਾਸ), ਸਕੱਤਰ ਫੂਡ ਪ੍ਰੋਸੈਸਿੰਗ, ਕੰਪਨੀ ਦੇ ਮੈਨੇਜਿੰਗ ਡਾਇਰੈਕਟਰ, ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ (ਬਿਲਡਿੰਗ ਐਂਡ ਰੋਡਜ਼), ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ *ਆਦਿ* ਸ਼ਾਮਲ ਹਨ।

120 ਉੱਤਰ ਪੂਰਬੀ ਖੇਤਰ ਜਿਸ ਵਿੱਚ ਸਿੱਕਮ, ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ, ਉਤਰਾਖੰਡ ਅਤੇ ਰਾਜਾਂ ਦੇ ਆਈ ਟੀ ਡੀ ਪੀ ਨੋਟੀਫਾਈਡ ਖੇਤਰ ਸ਼ਾਮਲ ਹਨ।

121 ਜਿਸ ਵਿੱਚ ਐਮ ਐਫ ਪੀ ਦੇ ਸੰਚਾਲਨ ਅਤੇ ਰੱਖ-ਰਖਾਅ ਤੇ ਖਰਚ ਵੀ ਸ਼ਾਮਲ ਹਨ।

### *6.8.2.1 ਯੋਜਨਾਬੰਦੀ*

ਵਿਸਤ੍ਰਿਤ ਸੰਭਾਵਨਾ ਦਾ ਅਧਿਐਨ ਅਤੇ ਪ੍ਰਸਤਾਵਿਤ ਪ੍ਰੋਜੈਕਟ ਸਾਈਟਾਂ ਦਾ ਸਰਵੇਖਣ ਕਰਨ ਤੋਂ ਬਾਅਦ, ਇੱਕ ਸਹੀ ਅਤੇ ਯਥਾਰਥਵਾਦੀ ਡੀ ਪੀ ਆਰ ਤਿਆਰ ਕਰਨਾ ਪ੍ਰੋਜੈਕਟਾਂ ਦੇ ਸਫਲਤਾਪੂਰਵਕ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਯੋਜਨਾਬੰਦੀ ਪੜਾਅ ਦੀ ਮਹੱਤਵਪੂਰਣ ਲੋੜ ਹੈ। ਕਿਸੇ ਉਸਾਰੀ ਪ੍ਰੋਜੈਕਟ ਲਈ ਭੂ-ਤਕਨੀਕੀ ਜਾਂਚ ਸਥਾਨਕ ਅਤੇ ਖੇਤਰੀ ਵਾਤਾਵਰਣ ਦੀ ਢੁਕਵੀ ਸਮਝ ਨਾਲ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਪ੍ਰੋਜੈਕਟ ਦੇ ਡਿਜ਼ਾਈਨ, ਨਿਰਮਾਣ ਅਤੇ ਸੰਚਾਲਨ ਨੂੰ ਮਹੱਤਵਪੂਰਣ ਤੌਰ ਤੇ ਪ੍ਰਭਾਵਤ ਕਰਦੀ ਹੈ।

### *6.8.2.2 ਐਮ ਐਫ ਪੀ ਸਕੀਮ ਅਧੀਨ ਕਲੇਮ ਅਤੇ ਸਹਾਇਤਾ ਗ੍ਰਾਂਟ ਪ੍ਰਾਪਤ ਕਰਨਾ*

ਐਮ ਐਫ ਪੀ ਸਥਾਪਤ ਕਰਨ ਲਈ ਕੰਪਨੀ ਦੁਆਰਾ "ਇਨ ਪ੍ਰਿੰਸੀਪਲ ਪ੍ਰਵਾਨਗੀ" ਦੀਆਂ ਸ਼ਰਤਾਂ ਅਨੁਸਾਰ, ਇੱਕ ਪੀ ਐਮ ਸੀ ਨਿਯੁਕਤ ਕੀਤੀ ਜਾਣੀ ਸੀ ਅਤੇ ਪ੍ਰੋਜੈਕਟ ਲਈ ਡੀ ਪੀ ਆਰ ਨੂੰ ਅੰਤਿਮ ਪ੍ਰਵਾਨਗੀ ਲਈ ਐਮ ਓ ਐਫ ਪੀ ਆਈ ਨੂੰ ਸੌਂਪਿਆ ਜਾਣਾ ਸੀ। ਡੀ ਪੀ ਆਰ ਵਿੱਚ ਕੰਟੋਰ ਸਰਵੇਖਣ ਰਿਪੋਰਟਾਂ ਅਤੇ ਪ੍ਰਸਤਾਵਿਤ ਜ਼ਮੀਨ ਦੀ ਯੋਜਨਾ/ਨਕਸ਼ਾ ਮਿੱਟੀ ਵਿਸ਼ਲੇਸ਼ਣ, ਹੜ੍ਹਾਂ ਦੇ ਇਤਿਹਾਸ ਅਤੇ ਪ੍ਰੋਜੈਕਟ ਦੇ ਯਥਾਰਥਵਾਦੀ ਲਾਗਤ ਅਨੁਮਾਨਾਂ ਲਈ ਸਾਈਟ ਵਿਸ਼ੇਸ਼ਤਾਵਾਂ ਵਰਗੇ ਤੱਤਾਂ ਲਈ ਸਾਈਟ ਵਿਸ਼ਲੇਸ਼ਣ ਵੀ ਸ਼ਾਮਲ ਕਰਨਾ ਸੀ।

ਇਸ ਅਨੁਸਾਰ, ਕੰਪਨੀ ਨੇ ਇੱਕ ਪੀ ਐਮ ਸੀ[122] ਨਿਯੁਕਤ ਕੀਤੀ ਅਤੇ ਐਮ ਐਫ ਪੀ ਦੀ ਸਥਾਪਨਾ ਲਈ ਇੱਕ ਡੀ ਪੀ ਆਰ ਪੇਸ਼ ਕੀਤੀ (ਜੁਲਾਈ 2015)। ਡੀ ਪੀ ਆਰ ਨੂੰ ₹ 117.61 ਕਰੋੜ ਦੀ ਪ੍ਰੋਜੈਕਟ ਲਾਗਤ ਲਈ ਪ੍ਰਵਾਨਗੀ ਦਿੱਤੀ ਗਈ ਸੀ ਜਿਸ ਦੀ ਯੋਗ ਪ੍ਰੋਜੈਕਟ ਲਾਗਤ ₹ 101.90 ਕਰੋੜ ਸੀ। ਇਸ ਡੀ ਪੀ ਆਰ ਦੇ ਆਧਾਰ ਤੇ, ਐਮ ਓ ਐਫ ਪੀ ਆਈ ਦੁਆਰਾ ਅੰਤਿਮ ਪ੍ਰਵਾਨਗੀ (ਨਵੰਬਰ 2015) ਨੂੰ ਦਿੱਤੀ ਗਈ ਸੀ। ਪਰ, ਪ੍ਰੋਜੈਕਟ ਨੂੰ ਲਾਗੂ ਕਰਨ ਦੌਰਾਨ ਕੀਤੀਆਂ ਗਈਆਂ ਵੱਖ-ਵੱਖ ਤਬਦੀਲੀਆਂ ਦੇ ਕਾਰਨ ₹ 112.80 ਕਰੋੜ ਦੀ ਸੋਧੀ ਹੋਈ ਡੀ ਪੀ ਆਰ ਪ੍ਰਵਾਨਗੀ ਲਈ ਐਮ ਓ ਐਫ ਪੀ ਆਈ ਨੂੰ (ਅਪ੍ਰੈਲ 2022) ਭੇਜੀ ਗਈ ਸੀ। ਐਮ ਓ ਐਫ ਪੀ ਆਈ ਨੇ ਸੋਧੇ ਹੋਏ ਡੀ ਪੀ ਆਰ ਨੂੰ ਮਨਜ਼ੂਰੀ ਦਿੱਤੀ (ਅਗਸਤ 2022)। ਜਿਸ ਦੀ ਯੋਗ ਪ੍ਰੋਜੈਕਟ ਲਾਗਤ ₹ 75.46 ਕਰੋੜ ਸੀ। ਇਸ ਲਈ ₹ 37.73 ਕਰੋੜ (ਯੋਗ ਪ੍ਰੋਜੈਕਟ ਲਾਗਤ ਦਾ 50 *ਪ੍ਰਤੀਸ਼ਤ*) ਦਾ ਗ੍ਰਾਂਟ-ਇਨ-ਏਡ (ਜੀ ਆਈ ਏ) ਸਵੀਕਾਰਯੋਗ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਕਈ ਭਾਗ, ਜੋ ਕਾਨੂੰਨੀ ਜ਼ਰੂਰਤਾਂ ਅਨੁਸਾਰ ਲਾਜ਼ਮੀ ਸਨ, ਜਾਂ ਤਾਂ ਡੀ ਪੀ ਆਰ ਤੋਂ ਬਾਹਰ ਰੱਖੇ ਗਏ ਸਨ ਜਾਂ ਅਸਲ ਡੀ ਪੀ ਆਰ ਵਿੱਚ ਸਹੀ ਢੰਗ ਨਾਲ ਯੋਜਨਾਬੱਧ ਨਹੀਂ ਸਨ। ਡੀ ਪੀ ਆਰ ਵਿੱਚ ਇਨ੍ਹਾਂ ਕਮੀਆ ਦੇ ਕਾਰਨ, ਐਮ ਓ ਐਫ ਪੀ ਆਈ ਨੇ ਸੋਧੇ ਹੋਏ ਡੀ ਪੀ ਆਰ ਵਿੱਚ ਇਨ੍ਹਾਂ ਭਾਗਾਂ/ਸੋਧੀਆਂ ਸਮਰੱਥਾਵਾਂ ਦੇ ਕਲੇਮਾਂ ਨੂੰ ਰੱਦ ਕਰ ਦਿੱਤਾ ਅਤੇ ਕੰਪਨੀ ਭਾਰਤ ਸਰਕਾਰ ਤੋਂ ਜੀ ਆਈ ਏ ਦਾ ਵੱਧ ਤੋਂ ਵੱਧ ਲਾਭ ਨਹੀਂ ਲੈ ਸਕੀ। ਹਾਲਾਂਕਿ, ਪੀ ਐਮ ਸੀ ਦੇ ਬਿੱਲਾਂ ਵਿੱਚੋਂ ਇਸ ਦੇ ਵਿਰੁੱਧ ਕੋਈ ਜੁਰਮਾਨਾ ਨਹੀਂ ਕੱਟਿਆ ਗਿਆ ਹੈ। ਬਾਅਦ ਵਿੱਚ, ਇਨ੍ਹਾਂ ਭਾਗਾਂ ਨੂੰ ਕੰਪਨੀ ਦੁਆਰਾ ਆਪਣੇ ਖਰਚੇ 'ਤੇ ਜੋੜਿਆ/ਸਮਰੱਥਾਵਾਂ ਵਿੱਚ ਵਾਧਾ ਕੀਤਾ ਗਿਆ। ਮੂਲ ਡੀ ਪੀ ਆਰ ਵਿੱਚ ਛੱਡੇ ਗਏ ਕੰਮਾਂ ਦੀ ਸੂਚੀ ਜਾਂ ਜਿਨ੍ਹਾਂ ਵਿੱਚ ਸਮਰੱਥਾਵਾਂ ਦਾ ਸਹੀ ਮੁਲਾਂਕਣ ਨਹੀਂ ਕੀਤਾ ਗਿਆ ਸੀ, ***ਅੰਤਿਕਾਂ 6.3*** ਵਿੱਚ ਦਿੱਤੀ ਗਈ ਹੈ।

[122] ਮੈਸਰਜ਼ ਗ੍ਰਾਂਟ ਥੌਰਨਟਨ ਇੰਡੀਆਂ ਐਲ ਐਲ ਪੀ (ਜੀ ਟੀ)।

ਇਸ ਤਰ੍ਹਾਂ, ਡੀ ਪੀ ਆਰ ਵਿੱਚ ਕਮੀ ਕਾਰਨ ਕੰਪਨੀ ਐਮ ਓ ਐਫ ਪੀ ਆਈ ਤੋਂ ₹ 4.46 ਕਰੋੜ ਤੱਕ ਵਾਧੂ ਗ੍ਰਾਂਟ-ਇੰਨ-ਏਡ ਦਾ ਲਾਭ ਪ੍ਰਾਪਤ ਨਹੀਂ ਕਰ ਸਕੀ।

ਰਾਜ ਸਰਕਾਰ/ਮੈਨੇਜਮੈਂਟ ਨੇ ਕਿਹਾ (ਫਰਵਰੀ/ਅਗਸਤ 2024) ਕਿ ਗ੍ਰਾਂਟ ਵਿੱਚ ਕਟੌਤੀ ਘੱਟ ਟੈਂਡਰ ਦਰਾਂ ਪ੍ਰਾਪਤ ਕਰਨ ਅਤੇ ਕੁਝ ਭਾਗਾਂ ਨੂੰ ਹਟਾਉਣ ਕਾਰਨ ਹੋਈ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੂੰ ਵਾਧੂ ਗ੍ਰਾਂਟ ਪ੍ਰਾਪਤ ਹੁੰਦੀ ਜੇ ਇਸ ਨੇ ਅਸਲ ਡੀ ਪੀ ਆਰ ਵਿੱਚ ਕਾਨੂੰਨੀ ਲੋੜੀਂਦੇ ਭਾਗਾਂ/ਸਹੀ ਸਮਰੱਥਾਵਾਂ ਨੂੰ ਸ਼ਾਮਲ ਕੀਤਾ ਹੁੰਦਾ।

### *6.8.2.3 ਪ੍ਰਾਇਮਰੀ ਪ੍ਰੋਸੈਸਿੰਗ ਸੈਂਟਰ, ਅੰਮ੍ਰਿਤਸਰ ਲਈ ਅਣਉਚਿਤ ਜ਼ਮੀਨ ਦੀ ਚੋਣ*

ਸਕੀਮ ਦੇ ਅਨੁਸਾਰ, ਲਾਗੂ ਕਰਨ ਵਾਲੀ ਏਜੰਸੀ ਜ਼ਮੀਨ ਪ੍ਰਾਪਤ/ਖਰੀਦਣ ਅਤੇ ਪ੍ਰੋਜੈਕਟ ਲਈ ਬਾਹਰੀ ਬੁਨਿਆਦੀ ਢਾਂਚੇ ਦੇ ਲਿੰਕੇਜ਼ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਸੀ। ਕੰਪਨੀ ਨੇ ਰਾਜ ਸਰਕਾਰ ਕੋਲ ਅੰਮ੍ਰਿਤਸਰ ਵਿਖੇ ਪੀ ਪੀ ਸੀ ਸਥਾਪਤ ਕਰਨ ਲਈ ਵੇਰਕਾ ਰੋਡ ਵਿਖੇ ਪਈ ਚਾਰ ਏਕੜ ਜ਼ਮੀਨ ਦੀ ਅਲਾਟਮੈਂਟ ਲਈ ਪਹੁੰਚ ਕੀਤੀ (ਨਵੰਬਰ 2016) ਅਤੇ ਜੁਲਾਈ 2017 ਵਿੱਚ ਕਬਜ਼ਾ ਲੈ ਲਿਆ। ਪੀ ਐਮ ਸੀ ਨੇ ਆਪਣੀ ਰਿਪੋਰਟ (ਮਈ 2018) ਵਿੱਚ ਕਿਹਾ ਕਿ ਇਹ ਜ਼ਮੀਨ ਨੈਸ਼ਨਲ ਹਾਈਵੇ ਦੀ ਸਰਵਿਸ ਰੋਡ ਤੋਂ ਲਗਭਗ 15 ਫੁੱਟ ਹੇਠਾਂ ਸੀ ਜਿਸ ਕਾਰਨ ਸਾਈਟ ਦੇ ਪਿਛਲੇ ਪਾਸੇ ਪਾਣੀ ਇੱਕਠਾ ਹੋ ਜਾਂਦਾ ਸੀ। ਸਾਈਟ ਦੇ ਇੱਕ ਹਿੱਸੇ ਵਿੱਚ ਫਲਾਈ ਐਸ਼, ਕੂੜਾ ਅਤੇ *ਮਲਬਾ* ਵੀ ਜਮ੍ਹਾਂ ਸੀ। ਜ਼ਮੀਨ ਦੀ ਮਿੱਟੀ ਸਹਿਣ ਦੀ ਸਮਰੱਥਾ ਬਹੁਤ ਘੱਟ ਸੀ ਕਿਉਂਕਿ ਇਸ ਵਿੱਚ ਫਲਾਈ ਐਸ਼, ਗਾਰ *ਆਦਿ* ਜਮ੍ਹਾਂ ਹੋ ਜਾਂਦੇ ਸਨ। ਇਸ ਨੇ ਇੱਕ ਵਿਕਲਪਕ ਜਗ੍ਹਾਂ ਦੀ ਸਿਫਾਰਸ਼ ਕੀਤੀ ਅਤੇ ਜੇ ਇਹ ਸੰਭਵ ਨਹੀਂ ਸੀ, ਤਾਂ ਇਸ ਨੇ ₹ ਚਾਰ ਕਰੋੜ ਤੱਕ ਦੇ ਵਾਧੂ ਖਰਚੇ ਨਾਲ ਚੰਗੀ ਧਰਤੀ ਨਾਲ ਮਿੱਟੀ ਨੂੰ ਜੋੜਨ ਦੀ ਸਲਾਹ ਦਿੱਤੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਕੰਪਨੀ ਨੇ ਰਾਜ ਸਰਕਾਰ ਕੋਲ ਜਾਣ ਤੋਂ ਪਹਿਲਾਂ ਪੀ ਪੀ ਸੀ ਦੀ ਸਥਾਪਨਾ ਲਈ ਪ੍ਰਸਤਾਵਿਤ ਜ਼ਮੀਨ ਦਾ ਕੋਈ ਸਰਵੇਖਣ ਨਹੀਂ ਕੀਤਾ। ਪ੍ਰੋਜੈਕਟ ਨੂੰ ਛੱਡਣ ਅਤੇ ਯੋਜਨਾ ਬੰਦੀ ਅਤੇ ਲਾਗੂ ਕਰਨ ਵਾਲੀ ਕਮੇਟੀ ਦੇ ਸਾਹਮਣੇ ਆਪਣੀ ਅਗਲੀ ਮੀਟਿੰਗ ਵਿੱਚ ਤੱਥਾਂ ਦਾ ਮੁਲਾਂਕਣ ਕਰਨ ਦਾ ਪ੍ਰਸਤਾਵ (ਜੂਨ 2018) ਦਿੱਤਾ ਗਿਆ ਸੀ। ਰਾਜ ਸਰਕਾਰ ਨੇ ਕੰਪਨੀ ਨੂੰ ਅਣਉਚਿਤ ਜਗ੍ਹਾਂ ਦੀ ਚੋਣ ਲਈ ਜ਼ਿੰਮੇਵਾਰੀ ਤੈਅ ਕਰਨ ਲਈ ਕਿਹਾ (ਜੂਨ 2018)। ਹਾਲਾਂਕਿ, ਇਹ ਮਾਮਲਾ ਨਾ ਤਾਂ ਯੋਜਨਾ ਬੰਦੀ ਅਤੇ ਲਾਗੂ ਕਰਨ ਵਾਲੀ ਕਮੇਟੀ ਦੇ ਸਾਹਮਣੇ ਲਿਆਂਦਾ ਗਿਆ ਸੀ ਅਤੇ ਨਾ ਹੀ ਕੰਪਨੀ ਦੁਆਰਾ ਕੋਈ ਜਾਂਚ ਕੀਤੀ ਗਈ ਸੀ। ਹਾਲਾਂਕਿ, ਕੰਪਨੀ ਨੇ ਪ੍ਰੋਜੈਕਟ ਨੂੰ ਅੱਗੇ ਵਧਾਇਆ ਅਤੇ ਪੀ ਪੀ ਸੀ ਲਈ ਜ਼ਮੀਨ ਦਾ ਕਬਜ਼ਾ ਲੈ ਲਿਆ (ਜੁਲਾਈ 2017) ਅਤੇ ਪੀ ਪੀ ਸੀ ਦਾ ਨਿਰਮਾਣ ਅਪ੍ਰੈਲ 2021 ਵਿੱਚ ਪੂਰਾ ਹੋ ਗਿਆ। ਪੀ ਪੀ ਸੀ ਅੰਮ੍ਰਿਤਸਰ 'ਤੇ ₹ 8.26 ਕਰੋੜ ਖਰਚ ਕੀਤੇ ਗਏ ਸਨ (ਅਗਸਤ 2023) ਅਤੇ ਅਣਉਚਿੱਤ ਜ਼ਮੀਨ ਦੀ ਚੋਣ ਪੀ ਪੀ ਸੀ ਦੀ ਲਾਗਤ ਵਿੱਚ ₹ 4.88[123] ਕਰੋੜ ਦੇ ਭਾਰੀ ਵਾਧੇ ਲਈ ਇੱਕ ਮੁੱਖ ਕਾਰਨ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ (ਅਗਸਤ 2023) ਕਿ ਪੀ ਪੀ ਸੀ ਅਤੇ ਨੇੜਲੇ ਰਾਸ਼ਟਰੀ ਰਾਜਮਾਰਗ ਦੇ ਵਿਚਕਾਰ ਕੋਈ ਮੈਟੱਲਡ/ਪੱਕੀ ਸੜਕ ਉਪਲੱਬਧ ਨਹੀਂ ਸੀ। ਕੰਪਨੀ ਨੇ ਰਾਸ਼ਟਰੀ ਰਾਜਮਾਰਗ ਅਥਾਰਟੀ (ਐਨ ਐਚ ਏ ਆਈ) ਨੂੰ ਰਾਸ਼ਟਰੀ ਰਾਜਮਾਰਗ ਤੱਕ ਪਹੁੰਚ ਪ੍ਰਾਪਤ ਕਰਨ

[123] ਜਿਵੇਂ ਕਿ ₹ 3.38 ਕਰੋੜ ਦੀ ਅਨੁਮਾਨਿਤ ਲਾਗਤ ਦੇ ਵਿਰੁੱਧ ਅਸਲ ਲਾਗਤ ₹ 8.26 ਕਰੋੜ ਪਹੁੰਚੀ।

ਲਈ ਸਰਵਿਸ ਰੋਡ ਬਣਾਉਣ ਲਈ "ਨੋ ਔਬਜੈਕਸ਼ਨ ਸਰਟੀਫਿਕੇਟ" (ਐਨ ਓ ਸੀ) ਜਾਰੀ ਕਰਨ ਲਈ ਕਈ ਵਾਰ ਅਰਜ਼ੀ ਦਿੱਤੀ ਸੀ (ਜੂਨ 2021, ਅਪ੍ਰੈਲ 2022)। ਹਾਲਾਂਕਿ, ਐਨ ਐਚ ਏ ਆਈ ਨੇ ਬੇਨਤੀਆਂ ਨੂੰ ਇਸ ਅਧਾਰ ਤੇ ਰੱਦ ਕਰ ਦਿੱਤਾ ਸੀ ਕਿ ਪੀ ਪੀ ਸੀ ਦੀ ਪ੍ਰਸਤਾਵਿਤ ਐਂਟਰੀ/ ਐਗਜ਼ਿਟ ਪਹੁੰਚ ਸੜਕ, ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਹੀਂ ਸੀ (ਜੂਨ 2022, ਨਵੰਬਰ 2022)। ਇਸ ਨਾਲ ਪਹੁੰਚ ਸੜਕ ਦੀ ਉਪਲੱਬਧਤਾ ਨਾ ਹੋਣ ਕਾਰਨ ਅਸੁਵਿਧਾ ਹੋਈ।





*(ਤਸਵੀਰ-1: ਐਨ ਐਚ ਅਤੇ ਪੀ ਪੀ ਸੀ, ਅੰਮ੍ਰਿਤਸਰ ਵਿਚਕਾਰ ਪੱਕੀ ਸੜਕ ਦੀ ਉਪਲਬਧਤਾ ਨਾ ਹੋਣਾ (25 ਜੁਲਾਈ 2023))*

ਮੈਨੇਜਮੈਂਟ/ਰਾਜ ਸਰਕਾਰ ਨੇ ਕਿਹਾ (ਫਰਵਰੀ/ਅਗਸਤ 2024) ਕਿ ਜ਼ਮੀਨ ਰਾਜ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਸੀ ਅਤੇ ਜ਼ਮੀਨ ਦੀ ਵੰਡ ਵਿੱਚ ਕੰਪਨੀ ਦੀ ਕੋਈ ਭੂਮਿਕਾ ਨਹੀਂ ਸੀ ਅਤੇ ਇਹ ਫੂਡ ਪਾਰਕ ਦੇ ਸਾਰੇ ਪੀ ਪੀ ਸੀਜ਼ ਨਾਲੋਂ ਸਭ ਤੋਂ ਵੱਧ ਮੰਗ ਵਾਲੀ ਪੀ ਪੀ ਸੀ ਸੀ। ਇਸ ਤੋਂ ਇਲਾਵਾ, ਰਾਜ ਸਰਕਾਰ ਦੁਆਰਾ ਦਿੱਤੀ ਗਈ ਜ਼ਮੀਨ ਦੇ ਕਬਜ਼ੇ ਤੋਂ ਬਾਅਦ ਹੀ ਸਰਵੇਖਣ ਕੀਤਾ ਜਾ ਸਕਦਾ ਹੈ।

ਇਹ ਜਵਾਬ ਸੰਤੋਸ਼ਜਨਕ ਨਹੀਂ ਸੀ ਕਿਉਂਕਿ ਇਹ ਰਾਜ ਸਰਕਾਰ ਦੇ ਪਹਿਲੇ ਰੁਖ ਦੇ ਉਲਟ ਸੀ ਜਿੱਥੇ ਇਹ ਮੰਨਿਆ ਗਿਆ ਸੀ ਕਿ ਜ਼ਮੀਨ ਅਣਉਚਿੱਤ ਸੀ ਅਤੇ ਇਸ ਲਈ ਕੰਪਨੀ ਨੂੰ ਅਣਉਚਿਤ ਜ਼ਮੀਨ ਦੀ ਚੋਣ ਕਰਨ ਲਈ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

## 6.8.3 ਕੰਮਾਂ ਨੂੰ ਲਾਗੂ ਕਰਨਾ

### *6.8.3.1 ਕੰਮਾ ਨੂੰ ਪੂਰਾ ਕਰਨ ਵਿੱਚ ਦੇਰੀ*

ਕੰਪਨੀ ਨੇ ਲੋਕ ਨਿਰਮਾਣ ਵਿਭਾਗ (ਬਿਲਡਿੰਗ ਐਂਡ ਰੋਡਜ਼) (ਪੀ ਡਬਲਯੂ ਡੀ-ਬੀ ਐਂਡ ਆਰ) ਰਾਹੀਂ ਐਮ ਐਫ ਪੀ ਦੇ ਸਿਵਲ ਕੰਮਾਂ ਨੂੰ "ਡਿਪਾਜ਼ਿਟ ਵਰਕ" ਦੇ ਅਧਾਰ ਤੇ ਕਰਨ ਦਾ ਫੈਸਲਾ (ਫਰਵਰੀ 2016) ਕੀਤਾ। ਹਾਲਾਂਕਿ, ਕੰਪਨੀ ਨੇ ਪੀ ਡਬਲਯੂ ਡੀ-ਬੀ ਐਂਡ ਆਰ ਨਾਲ ਵੱਖ-ਵੱਖ

ਕੰਮਾਂ ਨੂੰ ਪੂਰਾ ਕਰਨ ਲਈ ਸਮਾਂ ਸੀਮਾ ਨੂੰ ਪਰਿਭਾਸ਼ਿਤ ਕਰਨ ਲਈ ਰਸਮੀ ਸਮਝੌਤਾ ਨਹੀਂ ਕੀਤਾ ਅਤੇ ਇਸ ਦੀ ਬਜਾਏ ਪੀ ਡਬਲਯੂ ਡੀ-ਬੀ ਐਂਡ ਆਰ ਦੁਆਰਾ ਦੱਸੇ ਗਏ ਕੰਮਾਂ ਦੀ ਸਮਾਂ-ਸੀਮਾ ਨੂੰ ਅਪਣਾਇਆ। ਲੋਕ ਨਿਰਮਾਣ ਵਿਭਾਗ-ਬੀ ਐਂਡ ਆਰ ਵੱਲੋਂ ਠੇਕੇਦਾਰਾਂ ਨੂੰ ਕੰਮਾਂ ਲਈ ਟੈਂਡਰ ਮੰਗਣ ਅਤੇ ਵਰਕ ਆਰਡਰ ਜਾਰੀ ਕਰਨ ਦੇ ਵਿਸਤ੍ਰਿਤ ਨੋਟਿਸ ਦੀਆਂ ਕਾਪੀਆਂ ਲੇਖਾ ਪ੍ਰੀਖਿਆ ਨੂੰ ਉਪਲਬਧ ਨਹੀਂ ਕਰਵਾਈਆਂ ਗਈਆਂ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਕਾਰਜਕਾਰੀ ਏਜੰਸੀ ਦੁਆਰਾ ਕੰਮਾਂ ਨੂੰ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਦੇ ਮੁਕਾਬਲੇ, ਕੰਮਾਂ ਨੂੰ ਪੂਰਾ ਕਰਨ ਵਿੱਚ ਸੱਤ ਤੋਂ 26 ਮਹੀਨਿਆਂ ਤੱਕ ਦੀ ਦੇਰੀ ਹੋਈ ਸੀ। ਦੇਰੀ ਦੇ ਕਾਰਨ ਮਿੱਟੀ ਦੀ ਮਾੜੀ ਸਮਰੱਥਾ ਕਾਰਨ ਢੇਰਾਂ ਦੇ ਨੀਂਹ ਡਿਜ਼ਾਈਨ ਵਿੱਚ ਤਬਦੀਲੀ, ਸਾਈਟ ਦੀ ਯੋਜਨਾ ਦੀ ਪ੍ਰਵਾਨਗੀ ਵਿੱਚ ਦੇਰੀ, ਕੰਮਾਂ ਦੇ ਦਾਇਰੇ ਵਿੱਚ ਵਾਧਾ, ਸਾਈਟ ਦਾ ਦੇਰੀ ਨਾਲ ਕਬਜ਼ਾ ਅਤੇ ਬਾਅਦ ਦੇ ਪੜਾਅ 'ਤੇ ਪ੍ਰਵਾਨਿਤ ਯੋਜਨਾ ਵਿੱਚ ਤਬਦੀਲੀ ਆਦਿ ਸਨ। ਇਸ ਤੋਂ ਇਲਾਵਾ, ਕੰਮ ਸ਼ੁਰੂ ਕਰਨ ਤੋਂ ਪਹਿਲਾਂ ਜ਼ਮੀਨ ਦੇ ਕਿਸੇ ਵੀ ਚਾਰਜ ਅਤੇ ਕਬਜ਼ੇ ਤੋਂ ਮੁਕਤ ਹੋਣ ਦੇ ਮੁੱਦਿਆਂ ਨੂੰ ਸਹੀ ਢੰਗ ਨਾਲ ਹੱਲ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ, ਅਣਉਚਿੱਤ ਯੋਜਨਾਬੰਦੀ ਕਾਰਨ ਕੰਮਾਂ ਨੂੰ ਲਾਗੂ ਕਰਨ ਵਿੱਚ ਦੇਰੀ ਹੋਈ ਜਿਸ ਨਾਲ ਪ੍ਰੋਜੈਕਟ ਤੋਂ ਅਨੁਮਾਨਿਤ ਲਾਭਾਂ ਦੀ ਪ੍ਰਾਪਤੀ ਵਿੱਚ ਦੇਰੀ ਹੋਈ।

ਰਾਜ ਸਰਕਾਰ/ਮੈਨੇਜਮੈਂਟ ਨੇ ਕਿਹਾ (ਫਰਵਰੀ/ਅਗਸਤ 2024) ਕਿ ਐਮ ਓ ਐਫ ਪੀ ਆਈ ਨੇ ਐਮ ਐਫ ਪੀ ਨੂੰ ਪੂਰਾ ਕਰਨ ਲਈ ਨਵੰਬਰ 2019 ਤੱਕ ਦਾ ਸਮਾਂ ਦਿੱਤਾ ਸੀ ਅਤੇ ਉਦੋਂ ਤੱਕ ਸਾਰੇ ਕੰਮ (ਕੁਝ ਨੂੰ ਛੱਡ ਕੇ) ਪੂਰੇ ਹੋ ਚੁੱਕੇ ਸਨ। ਇਸ ਲਈ ਕੰਮ 'ਚ ਕੋਈ ਦੇਰੀ ਨਹੀਂ ਹੋਈ ਸੀ। ਅੱਗੇ, ਜੋ ਕੰਪਨੀ ਨੇ ਮੰਗ ਨੂੰ ਵੇਖੇ ਬਿਨਾਂ ਇਹ ਕੰਪੋਨੈਂਟ ਸਥਾਪਤ ਕੀਤੇ ਹੁੰਦੇ ਤਾਂ ਫੰਡ ਬਲਾਕ ਹੋਣ ਤੋਂ ਇਲਾਵਾ ਮਸ਼ੀਨਰੀ ਵੀ ਖਰਾਬ ਹੋ ਜਾਂਦੀ।

ਇਹ ਜਵਾਬ ਸਹੀ ਨਹੀਂ ਹੈ ਕਿਉਂਕਿ ਐਮ ਓ ਐਫ ਪੀ ਆਈ ਨੇ ਨਵੰਬਰ 2019 ਤੱਕ ਦਾ ਸਮਾਂ ਦਿੱਤਾ ਸੀ ਪਰ ਐਮ ਐਫ ਪੀ ਮਾਰਚ 2024 ਤੱਕ ਵੀ ਪੂਰਾ ਨਹੀਂ ਹੋਇਆ ਸੀ।

### *6.8.3.2 ਐਮ ਐਫ ਪੀ ਵਿੱਚ ਅਲਾਟੀਆਂ ਤੋਂ ਐਕਸਟੈਂਸ਼ਨ ਫੀਸ ਦੀ ਵਸੂਲੀ*

ਸੀ ਪੀ ਸੀ, ਲਾਡੋਵਾਲ ਵਿੱਚ ਉਦਯੋਗਿਕ ਪਲਾਟਾਂ ਦੇ ਅਲਾਟੀਆਂ ਨਾਲ ਸਬੰਧਤ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਅਲਾਟ ਕੀਤੀਆਂ ਗਈਆਂ 19 ਯੂਨਿਟਾਂ ਵਿੱਚੋਂ ਸਿਰਫ 7 ਯੂਨਿਟ ਚਾਲੂ ਕੀਤੀਆਂ ਗਈਆਂ ਸਨ (ਦਸੰਬਰ 2023)। ਜਿਸ ਨੇ ਐਮ ਐਫ ਪੀ ਸਥਾਪਤ ਕਰਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਧੀਮੀ ਪ੍ਰਗਤੀ ਦਿਖਾਈ। ਲੈਟਰ ਆਫ਼ ਇੰਟੈਂਟ (ਐਲ ਓ ਆਈ) ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਪ੍ਰਭਾਵਸ਼ਾਲੀ ਕਦਮ ਨਾ ਚੁੱਕਣ ਅਤੇ ਤਿੰਨ ਸਾਲਾਂ ਦੀ ਮਿਆਦ ਦੇ ਅੰਦਰ ਵਪਾਰਕ ਉਤਪਾਦਨ ਨਾ ਸ਼ੁਰੂ ਕਰਨ ਕਾਰਨ ਐਲ ਓ ਆਈ ਦੀਆਂ ਸ਼ਰਤਾਂ ਅਨੁਸਾਰ ਐਮ ਐਫ ਪੀ ਦੇ ਨੌਂ ਅਲਾਟੀਆਂ ਤੋਂ ₹ 1.92 ਕਰੋੜ ਦੀ ਐਕਸਟੈਂਸ਼ਨ ਫੀਸ ਵਸੂਲਣਯੋਗ ਸੀ। ਹਾਲਾਂਕਿ, ਐਕਸਟੈਂਸ਼ਨ ਫੀਸ ਜਮ੍ਹਾਂ ਕਰਵਾਉਣ ਲਈ ਨੋਟਿਸ ਐਕਸਟੈਂਸ਼ਨ ਫੀਸ ਜਮ੍ਹਾਂ ਕਰਨ ਦੀ ਨਿਰਧਾਰਤ ਮਿਤੀ ਤੋਂ 10 ਤੋਂ 67 ਮਹੀਨਿਆਂ ਦੀ ਦੇਰੀ ਦੇ ਨਾਲ ਜਾਰੀ ਕੀਤੇ ਗਏ ਸਨ ਜੋ ਕੰਪਨੀ ਦੀ ਢਿੱਲੀ ਪਹੁੰਚ ਨੂੰ ਦਰਸਾਉਂਦਾ ਹੈ।

ਰਾਜ ਸਰਕਾਰ/ਮੈਨੇਜਮੈਂਟ ਨੇ ਕਿਹਾ (ਫਰਵਰੀ/ਅਗਸਤ 2024) ਕਿ ਅਲਾਟੀਆਂ ਦੀ ਬੇਨਤੀ ਦੇ ਅਧਾਰ 'ਤੇ **ਕੋਵਿਡ-19** ਕਾਰਨ ਢਿੱਲ ਦੇਣ ਅਤੇ ਸੰਪਦਾ[124] ਸਕੀਮ ਅਧੀਨ ਸਬਸਿਡੀ ਲਈ ਉਨ੍ਹਾਂ ਦੇ ਮਾਮਲਿਆਂ ਦੀ ਪ੍ਰਵਾਨਗੀ ਲਈ ਐਮ ਓ ਐਫ ਪੀ ਆਈ, ਭਾਰਤ ਦੁਆਰਾ ਦੇਰੀ ਕਾਰਨ ਮਾਮਲਾ ਨੋਟੀਫਿਕੇਸ਼ਨ ਜਾਰੀ ਕਰਨ ਲਈ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ।

ਰਾਜ ਸਰਕਾਰ ਨੇ ਅਲਾਟਮੈਂਟ ਨੀਤੀ ਦੀ ਧਾਰਾ ਨੂੰ ਬਦਲਣ ਲਈ ਨੋਟੀਫਿਕੇਸ਼ਨ ਜਾਰੀ (ਮਾਰਚ 2024) ਕੀਤਾ ਸੀ ਜੋ ਅਲਾਟੀਆਂ ਨੂੰ ਰਾਹਤ ਦੇਵੇਗੀ ਅਤੇ ਕੋਵਿਡ-19 ਦੇ ਕਾਰਨ 01 ਮਾਰਚ 2020 ਤੋਂ 31 ਅਗਸਤ 2020 ਦੀ ਮਿਆਦ ਲਈ ਵਿਆਜ ਮੁਆਫ ਕੀਤਾ ਜਿਸ ਦੇ ਨਤੀਜੇ ਵਜੋਂ ₹ 0.90 ਕਰੋੜ ਦੀ ਵਸੂਲੀਯੋਗ ਰਾਸ਼ੀ ਬਣ ਗਈ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਹੁਣ ਤੱਕ ₹ 0.90 ਕਰੋੜ ਦੀ ਐਕਸਟੈਂਸ਼ਨ ਫੀਸ ਦੀ ਵਸੂਲੀ ਨਹੀਂ ਕੀਤੀ ਗਈ ਸੀ।

#### *6.8.3.3 ਸਾਈਲੋਜ਼ ਦੀ ਵਰਤੋਂ ਨਾ ਕਰਨਾ*

ਕੰਪਨੀ ਨੇ ਸੀ ਪੀ ਸੀ, ਲੁਧਿਆਣਾ ਵਿਖੇ ਬਣਾਏ ਗਏ ਦੋ ਸਾਈਲੋਜ਼ ਨੂੰ ਲੀਜ਼ ਤੇ ਦੇਣ ਲਈ ਈ-ਟੈਂਡਰ (ਜਨਵਰੀ 2021) ਜਾਰੀ ਕੀਤਾ। ਟੈਂਡਰ (03 ਜਨਵਰੀ 2021) ਨੂੰ ਖੋਲ੍ਹੇ ਗਏ ਸਨ ਅਤੇ ਪੰਜ ਸਾਲਾਂ ਦੀ ਇਕਰਾਰਨਾਮੇ ਦੀ ਮਿਆਦ ਲਈ ਸਭ ਤੋਂ ਵੱਧ ਬੋਲੀ (ਐਚ-1) ₹ 1.80 ਲੱਖ ਪ੍ਰਤੀ ਮਹੀਨਾ (ਜੀ ਐਸ ਟੀ ਅਤੇ ਹੋਰ ਕਰਾਂ ਨੂੰ ਛੱਡ ਕੇ) ਪ੍ਰਾਪਤ[125] ਕੀਤੀ ਗਈ ਸੀ। ਪਰ ਐਚ-1 ਬੋਲੀਦਾਤਾ ਨੂੰ ਪ੍ਰਵਾਨਗੀ ਪੱਤਰ ਜਾਰੀ ਕਰਨ ਦੀ ਬਜਾਏ, ਇੱਕ ਸਰਕਾਰੀ ਏਜੰਸੀ ਹੋਣ ਕਰਕੇ ਇਨ੍ਹਾਂ ਸਾਈਲੋਜ਼ ਨੂੰ ਮਾਰਕਫੈਡ ਨੂੰ ਲੀਜ਼ ਤੇ ਦੇਣ ਦਾ ਫੈਸਲਾ ਕੀਤਾ। ਹਾਲਾਂਕਿ, ਬਾਅਦ ਵਿੱਚ ਮਾਰਕਫੈਡ ਨੇ ਸਾਈਲੋਜ਼ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਕੰਪਨੀ ਨੇ ਐਚ-1 ਬੋਲੀਦਾਤਾ ਨੂੰ ਸਾਈਲੋਜ਼ ਦਾ ਕਬਜ਼ਾ ਲੈਣ ਨੂੰ ਕਿਹਾ ਪਰ ਐਚ-1 ਬੋਲੀਦਾਤਾ ਨੇ ਵੀ ਇਨਕਾਰ ਕਰ ਦਿੱਤਾ (ਅਗਸਤ 2021) ਕਿਉਂਕਿ ਹਾੜ੍ਹੀ ਦਾ ਮੰਡੀਕਰਨ ਸੀਜ਼ਨ ਖਤਮ ਹੋ ਗਿਆ ਸੀ। ਇਸ ਕਾਰਨ ਪਿਛਲੇ 39 ਮਹੀਨਿਆਂ ਤੋਂ ਸਾਈਲੋਜ਼ ਦੀ ਵਰਤੋਂ ਨਹੀਂ ਕੀਤੀ ਗਈ ਅਤੇ ₹ 70.20[126] ਲੱਖ ਦੀ ਕਿਰਾਏ ਦੀ ਆਮਦਨ ਕਮਾਉਣ ਦਾ ਮੌਕਾ ਗੁਆ ਦਿੱਤਾ ਗਿਆ।

ਰਾਜ ਸਰਕਾਰ/ਮੈਨੇਜਮੈਂਟ ਨੇ ਕਿਹਾ (ਫਰਵਰੀ/ਅਗਸਤ 2024) ਕਿ ਸਾਈਲੋਜ਼ ਵਿੱਚ ਅਨਾਜ ਦਾ ਵਿਸ਼ਵ ਵਿਆਪੀ ਭੰਡਾਰਨ ਨਵੀਨਤਮ ਅਤੇ ਸਭ ਤੋਂ ਵਿਗਿਆਨਕ ਤਕਨਾਲੋਜੀ ਹੈ ਅਤੇ ਭਾਰਤੀ ਖੁਰਾਕ ਨਿਗਮ ਨੇ 66 ਥਾਵਾਂ ਤੇ ਸਾਈਲੋਜ਼ ਸਥਾਪਤ ਕਰਨ ਲਈ ਟੈਂਡਰ ਜਾਰੀ ਕੀਤੇ ਸਨ। ਉਪਰੋਕਤ ਸਾਈਲੋਜ਼ ਕੰਪਨੀ ਦੁਆਰਾ ਇੱਕ ਨਿੱਜੀ ਪਾਰਟੀ ਨੂੰ ਕਿਰਾਏ 'ਤੇ (ਜੂਨ 2024) ਦਿੱਤੇ ਗਏ ਸਨ।

ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਨੇ ਸਾਈਲੋਜ਼ ਦੀ ਉਪਯੋਗਤਾ ਦਾ ਮੁੱਦਾ ਨਹੀਂ ਉਠਾਇਆ ਹੈ ਪਰ ਇਨ੍ਹਾਂ ਸਾਈਲੋਜ਼ ਨੂੰ ਲੀਜ਼ ਤੇ ਦੇਣ ਵਿੱਚ ਕੰਪਨੀ ਵੱਲੋਂ ਦੇਰੀ ਨੂੰ ਰੇਖਾਂਕਿਤ ਕੀਤਾ ਹੈ।

---

[124] ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯੋਜਨਾ।

[125] ਮੈਸਰਜ਼ ਟੋਟਲ ਸ਼ਿਪਿੰਗ ਗਰੁੱਪ।

[126] ₹ 1.80 ਲੱਖ ਭਾਵ 39 ਮਹੀਨੇ ਲਈ ਮਾਰਚ 2021 ਤੋਂ ਮਈ 2024 ਤੱਕ।

### *6.8.3.4 ਪੂਰਵ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਜੁਰਮਾਨੇ*

ਪ੍ਰੋਜੈਕਟ ਨੂੰ ਪੂਰਾ ਕਰਨ ਅਤੇ ਚਾਲੂ ਕਰਨ ਦੀ ਸਮਾਂ-ਸਾਰਣੀ, ਪ੍ਰੋਜੈਕਟ ਦੀ ਅੰਤਿਮ ਪ੍ਰਵਾਨਗੀ ਦੀ ਮਿਤੀ (ਨਵੰਬਰ 2015) ਤੋਂ 30 ਮਹੀਨੇ ਸੀ। ਐਮ ਓ ਐਫ ਪੀ ਆਈ ਨੇ ਜੀ ਆਈ ਏ ਨੂੰ ਚਾਰ ਕਿਸ਼ਤਾਂ ਵਿੱਚ ਜਾਰੀ ਕਰਨ ਲਈ ਸਮਾਂ ਸੀਮਾ ਨਿਰਧਾਰਤ ਕੀਤੀ ਅਤੇ ਜੀ ਆਈ ਏ ਦੀ ਹਰੇਕ ਕਿਸ਼ਤ ਐਮ ਐਫ ਪੀ ਦਿਸ਼ਾ ਨਿਰਦੇਸ਼ਾਂ ਵਿੱਚ ਨਿਰਧਾਰਤ ਪੂਰਵ ਸ਼ਰਤਾਂ ਦੀ ਪੂਰਤੀ 'ਤੇ ਜਾਰੀ ਕੀਤੀ ਜਾਣੀ ਸੀ।

ਹੇਠਾਂ ਦਿੱਤੀ **ਸਾਰਣੀ** 6.1 ਯੋਗ ਗ੍ਰਾਂਟਾਂ, ਭਾਰਤ ਸਰਕਾਰ ਦੁਆਰਾ ਜਾਰੀ ਕੀਤੀਆਂ ਗ੍ਰਾਂਟਾਂ, ਗ੍ਰਾਂਟਾਂ ਜਾਰੀ ਕਰਨ ਦੀ ਮਿਤੀ ਅਤੇ ਜੁਰਮਾਨੇ ਦੀ ਕਟੌਤੀ/ਨਾ ਜਾਰੀ ਕੀਤੇ ਗ੍ਰਾਂਟਾਂ ਨੂੰ ਦਰਸਾਉਂਦੀ ਹੈ।

**ਸਾਰਣੀ 6.1: ਗ੍ਰਾਂਟਾਂ ਦਾ ਵੇਰਵਾ**

*(₹ ਕਰੋੜ ਵਿੱਚ)*

| ਗ੍ਰਾਂਟਾਂ ਦੀ ਕਿਸ਼ਤਾਂ | ਗ੍ਰਾਂਟਾਂ ਦਾ ਵੇਰਵਾ | | | | ਜੁਰਮਾਨਾ | |
|---|---|---|---|---|---|---|
| | ਰਿਲੀਜ਼ ਦੀ ਨਿਰਧਾਰਤ ਮਿਤੀ | ਰਿਲੀਜ਼ ਦੀ ਮਿਤੀ | ਯੋਗ | ਭਾਰਤ ਸਰਕਾਰ ਵੱਲੋਂ ਜਾਰੀ | ਕਟੌਤੀ ਕੀਤੀ ਗਈ | ਕਟੌਤੀ/ਗ੍ਰਾਂਟ ਜਾਰੀ ਨਾ ਕਰਨ ਦੇ ਕਾਰਨ |
| ਪਹਿਲੀ ਕਿਸ਼ਤ (30 *ਪ੍ਰਤੀਸ਼ਤ*) | 27 ਮਈ 2016 | 23 ਅਗਸਤ 2016 | 15.00 | 15.00 | ਨਿੱਲ | ਲਾਗੂ ਨਹੀਂ ਹੈ। |
| ਦੂਜੀ ਕਿਸ਼ਤ (30 *ਪ੍ਰਤੀਸ਼ਤ*) | 27 ਜਨਵਰੀ 2017 | 27 ਸਤੰਬਰ 2017 | 15.00 | 14.23 | 0.77 | ਕੰਪਨੀ ਪੀ ਪੀ ਸੀ ਅੰਮ੍ਰਿਤਸਰ ਅਤੇ ਪੀ ਪੀ ਸੀ ਤਲਵੰਡੀ ਸਾਬੋ ਲਈ ਜ਼ਮੀਨ ਦੇ ਮਾਲਕੀ ਹੱਕ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾ ਸਕੀ। |
| ਤੀਜੀ ਕਿਸ਼ਤ (20 *ਪ੍ਰਤੀਸ਼ਤ*) | 27 ਸਤੰਬਰ 2017 | 30 ਸਤੰਬਰ 2019 | 10.00 | 8.39[127] | 1.00 | ਕੰਪਨੀ ਕੁੱਲ ਅਲਾਟ ਯੋਗ ਪਲਾਟਾਂ ਦਾ ਖਰਚ/ ਘੱਟੋਂ ਘੱਟ 25 *ਪ੍ਰਤੀਸ਼ਤ* ਅਲਾਟਮੈਂਟ ਦਾ ਸਬੂਤ ਪੇਸ਼ ਨਹੀਂ ਕਰ ਸਕੀ। |
| ਚੌਥੀ ਕਿਸ਼ਤ (20 *ਪ੍ਰਤੀਸ਼ਤ*) | 27 ਮਈ 2018 | ਜਾਰੀ ਨਹੀਂ ਕੀਤੀ ਗਈ | 10.00 | 0.00 | ਐਨ ਏ | ਕੰਪਨੀ ਖਰਚੇ ਦੇ ਸਬੂਤ/ਕੁੱਲ ਅਲਾਟ ਯੋਗ ਪਲਾਟਾਂ ਦੀ ਘੱਟੋਂ ਘੱਟ 75 *ਪ੍ਰਤੀਸ਼ਤ* ਅਲਾਟਮੈਂਟ ਦਾ ਸਬੂਤ ਪੇਸ਼ ਨਹੀਂ ਕਰ ਸਕੀ। |
| **ਜੋੜ** | | | **50.00** | **37.62** | **1.77** | |

*ਸ੍ਰੋਤ: ਕੰਪਨੀ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ*

ਐਮ ਓ ਐਫ ਪੀ ਆਈ ਨੇ ਹਰ ਮਹੀਨੇ ਦੀ ਦੇਰੀ ਲਈ ਜੀ ਆਈ ਏ ਦੀ ਕਿਸ਼ਤ ਦੀ ਮਾਤਰਾ ਦਾ ਇੱਕ *ਪ੍ਰਤੀਸ਼ਤ* ਜੁਰਮਾਨਾ ਨਿਰਧਾਰਤ ਕੀਤਾ ਸੀ ਅਤੇ ਸਮਾਂ ਸੀਮਾ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਵੱਧ ਤੋਂ ਵੱਧ ਦਸ *ਪ੍ਰਤੀਸ਼ਤ* ਦੀ ਸੀਮਾ ਨਿਰਧਾਰਤ ਕੀਤੀ ਗਈ ਸੀ। ਐਮ ਓ ਐਫ ਪੀ ਆਈ ਵੱਲੋਂ ₹ 15 ਕਰੋੜ ਦੀ ਪਹਿਲੀ ਕਿਸ਼ਤ 23 ਅਗਸਤ 2016 ਨੂੰ ਜਾਰੀ ਕੀਤੀ ਗਈ ਸੀ ਅਤੇ ਅਗਲੀਆਂ ਤਿੰਨ ਕਿਸ਼ਤਾਂ ਐਮ ਐਫ ਪੀ ਸਕੀਮ ਵਿੱਚ ਨਿਰਧਾਰਤ ਸਮਾਂ ਸਾਰਣੀ ਅਤੇ ਸ਼ਰਤਾਂ ਅਨੁਸਾਰ ਜਾਰੀ ਕੀਤੀਆਂ ਜਾਣੀਆਂ ਸਨ।

ਲੇਖਾ ਪ੍ਰੀਖਿਆ ਨੇ ਹੇਠ ਲਿਖਿਆਂ ਨੂੰ ਵੇਖਿਆ:

---

[127] ਗ੍ਰਾਂਟ ਦੇ ਅਣਖਰਚੇ ਬਕਾਏ ਤੇ ਵਿਆਜ ਵਜੋਂ ₹ 61 ਲੱਖ ਦੀ ਕਟੌਤੀ ਕੀਤੀ ਗਈ।

- ਜੀ ਆਈ ਏ ਦੀ ਦੂਜੀ ਕਿਸ਼ਤ 27 ਜਨਵਰੀ 2017 ਨੂੰ ਬਕਾਇਆ ਸੀ ਅਤੇ ਦੂਜੀ ਕਿਸ਼ਤ ਜਾਰੀ ਕਰਨ ਲਈ ਇੱਕ ਪੂਰਵ ਸ਼ਰਤ ਸਾਰੇ ਪੀ ਪੀ ਸੀਜ਼ ਦੇ ਸਬੰਧ ਵਿੱਚ ਜ਼ਮੀਨ ਦੇ ਕਬਜ਼ੇ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣਾ ਸੀ। ਹਾਲਾਂਕਿ, ਕੰਪਨੀ ਦੂਜੀ ਕਿਸ਼ਤ ਜਾਰੀ ਹੋਣ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਤਲਵੰਡੀ ਸਾਬੋ ਵਿਖੇ ਪੀ ਪੀ ਸੀ ਲਈ ਜ਼ਮੀਨ ਦੇ ਮਾਲਕੀ ਹੱਕ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾ ਸਕੀ। ਇਸ ਦੇ ਕਾਰਨ, ਐਮ ਓ ਐਫ ਪੀ ਆਈ ਨੇ ₹ 15 ਕਰੋੜ ਦੀ ਬਕਾਇਆ ਰਾਸ਼ੀ ਦੇ ਮੁਕਾਬਲੇ ₹ 14.23 ਕਰੋੜ ਦੀ ਜੀ ਆਈ ਏ ਦੀ ਦੂਜੀ ਕਿਸ਼ਤ (ਸਤੰਬਰ 2017) ਜਾਰੀ ਕੀਤੀ। ਜਿਸ ਦੇ ਨਤੀਜੇ ਵਜੋਂ ₹ 0.77 ਕਰੋੜ ਦੇ ਜੁਰਮਾਨੇ ਦੀ ਕਟੌਤੀ ਕੀਤੀ ਗਈ।

- ਜੀ ਆਈ ਏ ਦੀ ਤੀਜੀ ਕਿਸ਼ਤ 27 ਸਤੰਬਰ 2017 ਨੂੰ ਬਕਾਇਆ ਸੀ। ਹਾਲਾਂਕਿ, ਤੀਜੀ ਕਿਸ਼ਤ ਜਾਰੀ ਕਰਨ ਲਈ ਐਮ ਐਫ ਪੀ ਦਿਸ਼ਾ ਨਿਰਦੇਸ਼ 2014 ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨ ਕਾਰਨ ਜਿਵੇਂ ਕਿ ਪ੍ਰਵਾਨਿਤ ਡੀ ਪੀ ਆਰ ਅਨੁਸਾਰ ਪੀ ਪੀ ਸੀ ਲਈ ਕੁੱਲ ਪ੍ਰਸਤਾਵਿਤ ਲਾਗਤ ਦਾ ਘੱਟੋਂ ਘੱਟ 40 *ਪ੍ਰਤੀਸ਼ਤ* ਖਰਚ ਦਾ ਸਬੂਤ ਅਤੇ ਕੁੱਲ ਅਲਾਟ ਯੋਗ ਪਲਾਟਾਂ ਦਾ ਘੱਟੋਂ ਘੱਟ 25 *ਪ੍ਰਤੀਸ਼ਤ* ਅਲਾਟਮੈਂਟ ਦਾ ਸਬੂਤ, ਐਮ ਓ ਐਫ ਪੀ ਆਈ ਨੇ ਜੁਰਮਾਨੇ ਦੇ ਰੂਪ ਵਿੱਚ ਇੱਕ ਕਰੋੜ ਕੱਟ ਲਏ ਅਤੇ ₹ 10 ਕਰੋੜ ਦੀ ਬਕਾਇਆ ਰਾਸ਼ੀ ਦੇ ਮੁਕਾਬਲੇ ਤੀਜੀ ਕਿਸ਼ਤ ਵਜੋਂ ₹ 8.39 ਕਰੋੜ ਦੀ ਰਾਸ਼ੀ ਜਾਰੀ ਕਰ ਦਿੱਤੀ (ਸਤੰਬਰ 2019)।

- ₹ 0.11[128] ਕਰੋੜ ਦੀ ਜੀ ਆਈ ਏ ਦੀ ਚੌਥੀ ਕਿਸ਼ਤ, ਜਾਰੀ ਕਰਨ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨ ਕਾਰਨ ਅਜੇ ਤੱਕ ਜਾਰੀ ਨਹੀਂ ਕੀਤੀ ਗਈ ਹੈ ਜਿਵੇਂ ਕਿ ਕੁੱਲ ਅਲਾਟ ਯੋਗ ਪਲਾਟਾਂ ਦੀ ਘੱਟੋਂ-ਘੱਟ 75 *ਪ੍ਰਤੀਸ਼ਤ* ਅਲਾਟਮੈਂਟ, ਮਿਆਦ ਕਰਜ਼ਾ ਅਤੇ ਇਕਵਟੀ ਸਮੇਤ ਕੰਪਨੀ ਦੇ 100 *ਪ੍ਰਤੀਸ਼ਤ* ਖਰਚ ਦਾ ਅਨੁਮਾਨਿਤ ਯੋਗਦਾਨ ਦਾ ਸਬੂਤ ਅਤੇ ਪ੍ਰਵਾਨਗੀ ਅਨੁਸਾਰ ਪ੍ਰੋਜੈਕਟ ਦੀ ਸਥਾਪਨਾ ਦੀ ਪੁਸ਼ਟੀ ਕਰਦਾ ਪੀ ਐਮ ਸੀ ਤੋਂ ਸਰਟੀਫਿਕੇਟ।

ਰਾਜ ਸਰਕਾਰ/ਮੈਨੇਜਮੈਂਟ ਨੇ ਜਵਾਬ ਦਿੱਤਾ (ਅਗਸਤ 2024) ਕਿ ਕੰਪਨੀ ਨੇ ਐਮ ਐਫ ਪੀ ਵਿਕਸਤ ਕਰਨ ਲਈ ਆਪਣੇ ਫੰਡਾਂ ਦੀ ਵਰਤੋਂ ਕੀਤੀ ਹੈ ਅਤੇ ਐਮ ਓ ਐਫ ਪੀ ਆਈ ਦੁਆਰਾ ਕਟੌਤੀਆਂ ਨੂੰ ਨਿਯਮਤ ਤੌਰ ਤੇ ਬੋਰਡ ਆਫ਼ ਡਾਇਰੈਕਟਰਜ਼ ਨੂੰ ਜਾਣੂ ਕਰਵਾਇਆ ਗਿਆ ਸੀ।

ਜਵਾਬ ਸਵੀਕਾਰ ਯੋਗ ਨਹੀਂ ਹੈ ਕਿਉਂਕਿ ਭਾਰਤ ਸਰਕਾਰ ਨੇ ਪੂਰਵ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਜੀ ਆਈ ਏ ਤੋਂ ਕਟੌਤੀ ਕੀਤੀ ਹੈ।

### 6.8.4 ਸਿੱਟਾ

**ਕੰਪਨੀ ਦੁਆਰਾ ਤਿਆਰ ਕੀਤੀ ਗਈ ਵਿਸਥਾਰਤ ਪ੍ਰੋਜੈਕਟ ਰਿਪੋਰਟ ਵਿੱਚ ਕਮੀ ਸੀ ਕਿਉਂਕਿ ਇਸ ਵਿੱਚ ਕਾਨੂੰਨ ਦੁਆਰਾ ਲਾਜ਼ਮੀ ਕੁਝ ਸਹੂਲਤਾਂ/ਸੇਵਾਵਾਂ ਸ਼ਾਮਲ ਨਹੀਂ ਸਨ ਅਤੇ ਲੋੜੀਂਦੀਆਂ ਸਮਰੱਥਾਵਾਂ ਦਾ ਵੀ ਘੱਟ ਅੰਦਾਜ਼ਾ ਲਗਾਇਆ ਗਿਆ ਸੀ। ਪ੍ਰਾਇਮਰੀ ਪ੍ਰੋਸੈਸਿੰਗ ਸੈਂਟਰ, ਅੰਮ੍ਰਿਤਸਰ ਲਈ ਚੁਣੀ ਗਈ ਜ਼ਮੀਨ ਅਣਉਚਿੱਤ ਸੀ ਜੋ ਲਾਗਤ ਵਿੱਚ ₹ 4.88 ਕਰੋੜ ਦੇ ਭਾਰੀ ਵਾਧੇ ਦਾ**

---

[128] ਜਿਵੇਂ ਕਿ ਐਮ ਓ ਐਫ ਪੀ ਆਈ ਨੇ ਅਗਸਤ 2022 ਵਿੱਚ ₹ 75.46 ਕਰੋੜ 'ਤੇ ਯੋਗ ਪ੍ਰੋਜੈਕਟ ਲਾਗਤ ਸੋਧੀ, ਯੋਗ ਸਹਾਇਤਾ ਗ੍ਰਾਂਟ ₹ 37.73 ਕਰੋੜ ਸੀ ਜਿਸ ਵਿੱਚੋਂ ₹ 37.62 ਕਰੋੜ ਪਹਿਲਾ ਹੀ ਪ੍ਰਾਪਤ ਹੋ ਚੁੱਕੇ ਸਨ।

ਇੱਕ ਕਾਰਨ ਬਣ ਗਈ ਸੀ। ਇਸ ਤੋਂ ਇਲਾਵਾ, ਕੰਪਨੀ ਦੀ ਮੈਗਾ ਫੂਡ ਪਾਰਕ ਦੇ ਅਲਾਟੀਆਂ ਤੋਂ ₹ 0.90 ਕਰੋੜ ਦੀ ਐਕਸਟੈਂਸ਼ਨ ਫੀਸ ਵਸੂਲਣੀ ਬਾਕੀ ਸੀ ਅਤੇ ਸਾਈਲੋਜ਼ ਵੀ ਲੀਜ਼ ਤੇ ਨਹੀਂ ਦੇ ਸਕੀ। ਇਸ ਤੋਂ ਇਲਾਵਾ, ਪ੍ਰੋਜੈਕਟ ਨੂੰ ਲਾਗੂ ਕਰਨ ਵਿੱਚ ਦੇਰੀ ਕਾਰਨ, ਕੰਪਨੀ ਭਾਰਤ ਸਰਕਾਰ ਤੋਂ ਵੱਧ ਤੋਂ ਵੱਧ ਸਹਾਇਤਾ ਗ੍ਰਾਂਟ ਪ੍ਰਾਪਤ ਨਹੀਂ ਕਰ ਸਕੀ ਅਤੇ ਉਸਨੂੰ ਜੁਰਮਾਨਾ ਵੀ ਲਗਾਇਆ ਗਿਆ।

### 6.8.5 ਸਿਫਾਰਸ਼ਾਂ

ਕੰਪਨੀ ਇਹ ਕਰ ਸਕਦੀ ਹੈ:

- ਭਵਿੱਖ ਦੇ ਪ੍ਰੋਜੈਕਟਾਂ ਦੀ ਯੋਜਨਾਬੰਦੀ ਅਤੇ ਲਾਗੂਕਰਨ ਨੂੰ ਹੋਰ ਯਥਾਰਥਵਾਦੀ ਢੰਗ ਨਾਲ ਕਰਨ ਲਈ ਡੀ ਪੀ ਆਰ ਤਿਆਰ ਕਰਨ ਦੀ ਆਪਣੀ ਪ੍ਰਣਾਲੀ ਨੂੰ ਮਜ਼ਬੂਤ ਕਰਨਾ;
- ਮੈਗਾ ਫੂਡ ਪਾਰਕ ਵਿੱਚ ਬਾਕੀ ਰਹਿੰਦੇ ਪਲਾਟਾਂ ਨੂੰ ਅਲਾਟ ਕਰਨ ਦੀ ਯੋਜਨਾ ਕਰਨਾ ਤਾਂ ਜੋ ਬੁਨਿਆਦੀ ਢਾਂਚੇ ਦੀ ਸਰਵੋਤਮ ਵਰਤੋਂ ਕੀਤੀ ਜਾ ਸਕੇ ਅਤੇ ਪ੍ਰੋਜੈਕਟ ਦੇ ਅਨੁਮਾਨਿਤ ਲਾਭ ਪ੍ਰਾਪਤ ਕੀਤੇ ਜਾ ਸਕਣ।

ਚੰਡੀਗੜ੍ਹ  
ਮਿਤੀ: 26 ਜੂਨ 2025

(ਨਾਜ਼ਲੀ ਜੇ. ਸ਼ਾਈਨ)  
ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ

ਪ੍ਰਤੀ ਹਸਤਾਖਰ

ਨਵੀਂ ਦਿੱਲੀ  
ਮਿਤੀ: 11 ਜੁਲਾਈ 2025

(ਕੇ. ਸੰਜੇ ਮੂਰਤੀ)  
ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਅੰਤਿਕਾਵਾਂ

# ਅੰਤਿਕਾ 2.1

*(ਪੈਰਾ 2.1 ਦੇ ਹਵਾਲੇ ਵਿੱਚ)*

## ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੀ ਸੂਚੀ

| ਲੜੀ ਨੰ. | ਰਾਜ ਜਨਤਕ ਖੇਤਰ ਦੇ ਅਦਾਰੇ | ਟਿੱਪਣੀਆਂ |
|---|---|---|
| **ਪਾਵਰ ਸੈਕਟਰ ਦੇ ਐਸ ਪੀ ਐਸ ਈਜ਼** | | |
| 1. | ਗਿੱਦੜਬਾਹਾ ਪਾਵਰ ਲਿਮਟਡ | ਕਾਰਜਸ਼ੀਲ |
| 2. | ਪੰਜਾਬ ਜੈਨਕੋ ਲਿਮਟਡ | ਕਾਰਜਸ਼ੀਲ |
| 3. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 4. | ਪੰਜਾਬ ਥਰਮਲ ਜਨਰੇਸ਼ਨ ਲਿਮਟਡ | ਕਾਰਜਸ਼ੀਲ |
| 5. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| **ਖੇਤੀਬਾੜੀ ਅਤੇ ਸਬੰਧਤ ਖੇਤਰ ਦੇ ਐਸ ਪੀ ਐਸ ਈਜ਼** | | |
| 6. | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 7. | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 8. | ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ | ਕਾਰਜਸ਼ੀਲ |
| 9. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 10. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 11. | ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 12. | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 13. | ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 14. | ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 15. | ਪੰਜਾਬ ਵਾਟਰ ਰਿਸੋਰਸਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 16. | ਪੰਜਾਬ ਲੈਂਡ ਡਿਵੈਲਪਮੈਂਟ ਐਂਡ ਰਿਕਲੇਮੇਸ਼ਨ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 17. | ਪੰਜਾਬ ਪੋਲਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 18. | ਪੰਜਾਬ ਮਾਇਕਰੋ ਨਿਊਟਰੀਐਂਟਸ ਲਿਮਟਡ | ਗੈਰ-ਕਾਰਜਸ਼ੀਲ ਲਿਕਵਿਡੇਸ਼ਨ ਅਧੀਨ |
| **ਹੋਰ ਐਸ ਪੀ ਐਸ ਈਜ਼** | | |
| 19. | ਗੁਲਮੋਹਰ ਟੂਰਿਸਟ ਕੰਮਪਲੈਕਸ (ਹੋਲੀਡੇ ਹੋਮ) ਲਿਮਟਡ | ਕਾਰਜਸ਼ੀਲ |
| 20. | ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 21. | ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | ਕਾਰਜਸ਼ੀਲ |
| 22. | ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 23. | ਪੰਜਾਬ ਸਟੇਟ ਬਾਇਓਟੈਕ ਕਾਰਪੋਰੇਸ਼ਨ ਲਿਮਟਡ (ਮੋਹਾਲੀ ਬਾਇਓਟੈਕਨਾਲੋਜੀ ਪਾਰਕ) | ਕਾਰਜਸ਼ੀਲ |
| 24. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | ਕਾਰਜਸ਼ੀਲ |
| 25. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |

| ਲੜੀ ਨੰ. | ਰਾਜ ਜਨਤਕ ਖੇਤਰ ਦੇ ਅਦਾਰੇ | ਟਿੱਪਣੀਆਂ |
|---|---|---|
| 26. | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 27. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 28. | ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ | ਕਾਰਜਸ਼ੀਲ |
| 29. | ਜਲੰਧਰ ਸਮਾਰਟ ਸਿਟੀ ਲਿਮਟਡ | ਕਾਰਜਸ਼ੀਲ |
| 30. | ਲੁਧਿਆਣਾ ਸਮਾਰਟ ਸਿਟੀ ਲਿਮਟਡ | ਕਾਰਜਸ਼ੀਲ |
| 31. | ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ | ਕਾਰਜਸ਼ੀਲ |
| 32. | ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ | ਕਾਰਜਸ਼ੀਲ |
| 33. | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਕਾਰਜਸ਼ੀਲ |
| 34. | ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ | ਕਾਰਜਸ਼ੀਲ |
| 35. | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ | ਕਾਰਜਸ਼ੀਲ |
| 36. | ਪੰਜਾਬ ਰੂਰਲ ਵਾਟਰ ਯੂਟੀਲਿਟੀ | ਕਾਰਜਸ਼ੀਲ |
| 37. | ਪੰਜਾਬ ਵੈਂਚਰ ਕੈਪੀਟਲ ਲਿਮਟਡ | ਗੈਰ-ਕਾਰਜਸ਼ੀਲ |
| 38. | ਪੰਜਾਬ ਵੈਂਚਰ ਇਨਵੈਸਟਰਜ਼ ਟਰੱਸਟ ਲਿਮਟਡ | ਗੈਰ-ਕਾਰਜਸ਼ੀਲ |
| 39. | ਪੰਜਾਬ ਫਿਲਮ ਐਂਡ ਨਿਊਜ਼ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 40. | ਅੰਮ੍ਰਿਤਸਰ ਹੋਟਲ ਲਿਮਟਡ | ਗੈਰ-ਕਾਰਜਸ਼ੀਲ |
| 41. | ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਡ | ਗੈਰ-ਕਾਰਜਸ਼ੀਲ |
| 42. | ਪੰਜਾਬ ਸਟੇਟ ਹੈਂਡਲੂਮ ਐਂਡ ਟੈਕਸਟਾਇਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 43. | ਪੰਜਾਬ ਸਟੇਟ ਹੌਜ਼ਰੀ ਐਂਡ ਨਿਟਵੀਅਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 44. | ਪੰਜਾਬ ਸਟੇਟ ਲੈਦਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਗੈਰ-ਕਾਰਜਸ਼ੀਲ |
| 45. | ਪੰਜਾਬ ਰਿਕਾਰਡਰਜ਼ ਲਿਮਟਡ | ਗੈਰ-ਕਾਰਜਸ਼ੀਲ |
| 46. | ਪੰਜਾਬ ਫੁੱਟਵੇਅਰਜ਼ ਲਿਮਟਡ | ਗੈਰ-ਕਾਰਜਸ਼ੀਲ |
| 47. | ਇਲੈਕਟ੍ਰਾਨਿਕ ਸਿਸਟਮਜ਼ ਪੰਜਾਬ ਲਿਮਟਡ | ਗੈਰ-ਕਾਰਜਸ਼ੀਲ ਲਿਕਵਿਡੇਸ਼ਨ ਅਧੀਨ |
| 48. | ਪੰਜਾਬ ਬਾਇਓ-ਮੈਡੀਕਲ ਇਕਉਪਮੈਂਟ ਲਿਮਟਡ | ਗੈਰ-ਕਾਰਜਸ਼ੀਲ ਲਿਕਵਿਡੇਸ਼ਨ ਅਧੀਨ |
| 49. | ਪੰਜਾਬ ਪਾਵਰ ਪੈਕਜ਼ ਲਿਮਟਡ | ਗੈਰ-ਕਾਰਜਸ਼ੀਲ ਲਿਕਵਿਡੇਸ਼ਨ ਅਧੀਨ |

*ਸ੍ਰੋਤ: ਐਸ ਪੀ ਐਸ ਈਜ਼ ਦੁਅਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

# ਅੰਤਿਕਾ 2.2

*(ਪੈਰਾ 2.1 ਅਤੇ 2.3.1 ਦੇ ਹਵਾਲੇ ਵਿੱਚ)*

## 30 ਸਤੰਬਰ 2023 ਨੂੰ ਨਵੀਨਤਮ ਅੰਤਿਮ ਰੂਪ ਦਿੱਤੇ ਗਏ ਲੇਖਿਆਂ ਦੇ ਅਨੁਸਾਰ ਸਰਕਾਰੀ ਕੰਪਨੀ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਸੰਖੇਪ ਵਿੱਤੀ ਸਥਿਤੀ ਅਤੇ ਕੰਮਕਾਰ ਦੇ ਨਤੀਜੇ

*(₹ ਕਰੋੜ ਵਿੱਚ)*

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਿਆਂ ਦਾ ਸਮਾਂ | ਅਦਾ ਕੀਤੀ ਪੂੰਜੀ | ਲੰਬੀ ਮਿਆਦ ਦੇ ਕਰਜ਼ੇ | ਵਿਆਜ ਅਤੇ ਕਰ ਤੋਂ ਪਹਿਲਾਂ ਨਿਰੋਲ ਲਾਭ/ਹਾਨੀ | ਵਿਆਜ ਅਤੇ ਕਰ ਤੋਂ ਬਾਦ ਨਿਰੋਲ ਲਾਭ/ਹਾਨੀ | ਟਰਨਓਵਰ | ਨਿਰੋਲ ਮੁੱਲ | ਲਗਾਈ ਗਈ ਪੂੰਜੀ | ਸੰਚਿਤ ਲਾਭ (+)/ਹਾਨੀ (–) | ਕੁੱਲ ਜਾਇਦਾਦ |
|---|---|---|---|---|---|---|---|---|---|---|---|
| **ੳ** | **ਪਾਵਰ ਸੈਕਟਰ ਦੇ ਐਸ ਪੀ ਐਸ ਈਜ਼** | | | | | | | | | | |
| 1 | ਗਿੱਦੜਬਾਹਾ ਪਾਵਰ ਲਿਮਟਡ | 2022-23 | 0.05 | 12.03 | (-) 0.01 | (-)0.01 | ਡੀ | (-)0.01 | 12.02 | (-)0.06 | 12.32 |
| 2 | ਪੰਜਾਬ ਜੈਨਕੋ ਲਿਮਟਡ | 2021-22 | 22.90 | 0.00 | 0.27 | 0.13 | 6.79 | 151.38 | 151.38 | 128.48 | 193.66 |
| 3 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | 2022-23 | 21,709.73 | 12,851.77 | (-) 3,422.10 | (-)4,775.93 | 37,490.92 | 11,309.82 | 24,161.59 | (-)10,419.99 | 58,430.80 |
| 4 | ਪੰਜਾਬ ਥਰਮਲ ਜਨਰੇਸ਼ਨ ਲਿਮਟਡ | 2022-23 | 0.05 | 0.00 | (-) 0.005 | (-)0.005 | ਡੀ | 0.00 | 0.00 | (-)0.05 | 0.01 |
| 5 | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 2022-23 | 605.88 | 3,771.01 | 446.88 | 100.90 | 1,594.43 | 1,289.42 | 5,060.43 | 681.54 | 8,171.60 |
| | **ਜੋੜ ੳ** | | **22,338.61** | **16,634.81** | **(-) 2,974.97** | **(-)4,674.92** | **39,092.14** | **12,750.61** | **29,385.42** | **(-)9,610.08** | **66,808.39** |
| **ਅ** | **ਖੇਤੀਬਾੜੀ ਅਤੇ ਸਹਾਇਕ ਖੇਤਰ ਦੇ ਐਸ ਪੀ ਐਸ ਈਜ਼** | | | | | | | | | | |
| 6 | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ | 2017-18 | 1.05 | 6,873.58 | (-) 224.05 | (-)224.05 | 15,587.31 | (-)3,720.86 | 3,152.72 | (-)3,721.91 | 9,416.98 |
| 7 | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 2019-20 | 3.73 | 0.00 | 841.41 | (-)28.48 | 10,386.18 | (-)2,010.31 | (-)2,010.31 | (-)2,014.04 | 17,422.03 |
| 8 | ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ | 2019-20 | 8.00 | 7,798.47 | 163.67 | 163.02 | 6,656.93 | (-)334.98 | 7,463.49 | (-)369.46 | 8,604.05 |
| 9 | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | 2021-22 | 5.00 | 5,981.21 | 38.52 | (-)49.90 | 414.24 | (-)1,156.50 | 4,824.71 | (-)1,161.50 | 5,792.24 |
| 10 | ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਲਿਮਟਡ | 2021-22 | 49.21 | 3.08 | 2.82 | 2.01 | 121.23 | 68.82 | 71.90 | 19.61 | 225.02 |
| 11 | ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 2021-22 | 0.25 | 0.00 | 1.06 | 0.78 | 35.36 | 63.01 | 63.01 | 58.57 | 148.57 |
| 12 | ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਲਿਮਟਡ | 2021-22 | 5.62 | 0.00 | (-) 2.86 | (-)2.85 | 18.02 | 11.60 | 11.60 | 5.98 | 30.79 |
| 13 | ਪੰਜਾਬ ਵਾਟਰ ਰਿਸੋਰਸਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 2021-22 | 300.00 | 229.46 | (-) 6.36 | (-)6.36 | 0.00 | 71.36 | 300.82 | (-)228.64 | 434.04 |
| 14 | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ | 2021-22 | 5.00 | 0.00 | (-) 6.78 | (-)6.19 | 8.68 | 42.50 | 42.50 | 37.50 | 130.59 |
| 15 | ਪੰਜਾਬ ਐਗਰੋ ਜੂਸਿਸ ਲਿਮਟਡ | 2021-22 | 50.00 | 30.00 | (-) 5.03 | (-)5.05 | 16.69 | (-)25.01 | 4.99 | (-)75.01 | 45.86 |
| 16 | ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 2021-22 | 25.00 | 0.00 | 16.97 | 12.12 | 31.40 | 209.31 | 209.31 | 184.31 | 215.67 |
| | **ਜੋੜ ਅ** | | **452.86** | **20,915.80** | **819.37** | **(-)144.95** | **33,276.04** | **(-)6,781.06** | **14,134.74** | **(-)7,264.59** | **42,465.84** |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਿਆਂ ਦਾ ਸਮਾਂ | ਅਦਾ ਕੀਤੀ ਪੂੰਜੀ | ਲੰਬੀ ਮਿਆਦ ਦੇ ਕਰਜ਼ੇ | ਵਿਆਜ ਅਤੇ ਕਰ ਤੋਂ ਪਹਿਲਾਂ ਨਿਰੋਲ ਲਾਭ/ਹਾਨੀ | ਵਿਆਜ ਅਤੇ ਕਰ ਤੋਂ ਬਾਦ ਨਿਰੋਲ ਲਾਭ/ਹਾਨੀ | ਟਰਨਓਵਰ | ਨਿਰੋਲ ਮੁੱਲ | ਲਗਾਈ ਗਈ ਪੂੰਜੀ | ਸੰਚਿਤ ਲਾਭ (+)/ਹਾਨੀ (−) | ਕੁੱਲ ਜਾਇਦਾਦ |
|---|---|---|---|---|---|---|---|---|---|---|---|
| ੲ | ਹੋਰ ਐਸ ਪੀ ਐਸ ਈਜ਼ | | | | | | | | | | |
| 17 | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋ੍ਰਟ ਕਾਰਪੋਰੇਸ਼ਨ ਲਿਮਟਡ | 2020-21 | 50.01 | 0.00 | 38.91 | 29.09 | 159.98 | 429.71 | 429.71 | 379.70 | 1,026.05 |
| 18 | ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਡ | 2019-20 | 0.02 | 1.04 | (-) 0.27 | (-)0.27 | 0.01 | (-)5.46 | (-)4.42 | (-)5.48 | 2.07 |
| 19 | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ | 2021-22 | 19.23 | 0.00 | 5.02 | 3.99 | 11.99 | 50.94 | 50.94 | 31.71 | 116.42 |
| 20 | ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ | 2021-22 | 0.05 | 0.00 | ਬੀ | ਬੀ | ਬੀ | 0.05 | 0.05 | ਬੀ | 0.14 |
| 21 | ਪੰਜਾਬ ਸਟੇਟ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | 2015-16 | 56.15 | 22.13 | 13.07 | 7.91 | 455.89 | 78.40 | 100.53 | 22.25 | 691.81 |
| 22 | ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 2018-19 | 6.66 | 0.00 | (-) 0.02 | (-)0.02 | 0.00 | 22.01 | 22.01 | 13.97 | 37.32 |
| 23 | ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ | 2019-20 | 0.05 | 948.70 | ਬੀ | ਬੀ | ਬੀ | 0.05 | 948.75 | ਬੀ | 1,240.53 |
| 24 | ਪੰਜਾਬ ਸਟੇਟ ਬਾਇਓਟੈਕ ਕਾਰਪੋਰੇਸ਼ਨ (ਮੋਹਾਲੀ ਬਾਇਓਤਕਨਾਲੋਜੀ ਪਾਰਕ) | 2021-22 | 0.00 | 0.00 | ਬੀ | ਬੀ | ਬੀ | 0.00 | 0.00 | ਬੀ | 49.77 |
| 25 | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | 2021-22 | 78.21 | 554.64 | 15.45 | 0.02 | 5.08 | (-)583.39 | (-)28.75 | (-)661.60 | 200.03 |
| 26 | ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ | 2022-23 | 12.05 | 0.00 | (-) 15.77 | (-) 15.77 | 10.59 | (-)54.45 | (-)54.45 | (-)75.46 | 78.95 |
| 27 | ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਲਿਮਟਡ | 2021-22 | 0.05 | 140.63 | ਬੀ | ਬੀ | ਬੀ | 0.05 | 140.68 | ਬੀ | 474.18 |
| 28 | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ | 2021-22 | 131.15 | 17.03 | (-) 4.89 | (-)5.27 | 8.72 | 99.09 | 116.12 | (-)32.06 | 144.76 |
| 29 | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 2017-18 | 331.44 | 73.38 | 13.19 | (-)2.67 | 518.55 | (-)64.76 | 8.62 | (-)396.20 | 465.89 |
| 30 | ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ | 2019-20 | 40.39 | 175.48 | (-) 0.16 | (-)0.29 | 3.30 | (-)217.00 | (-)41.52 | (-)257.39 | 16.08 |
| 31 | ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ | 2020-21 | 0.01 | 0.00 | 0.00 | 0.00 | 0.00 | 0.15 | 0.15 | 0.14 | 48.03 |
| 32 | ਜਲੰਧਰ ਸਮਾਰਟ ਸਿਟੀ ਲਿਮਟਡ | 2020-21 | 0.01 | 0.00 | (-) 6.57 | (-)6.57 | 0.04 | (-)6.62 | (-)6.62 | (-)6.63 | 33.44 |
| 33 | ਲੁਧਿਆਣਾ ਸਮਾਰਟ ਸਿਟੀ ਲਿਮਟਡ | 2019-20 | 0.01 | 0.00 | (-) 0.04 | (-)0.04 | 0.00 | (-)0.19 | (-)0.19 | (-)0.20 | 204.97 |
| 34 | ਪੰਜਾਬ ਰੂਰਲ ਵਾਟਰ ਯੂਟੀਲਿਟੀ | ਪਹਿਲੇ ਖਾਤੇ ਪ੍ਰਾਪਤ ਨਹੀਂ ਹੋਏ | | | | | | | | | |
| | **ਜੋੜ ੲ** | | **725.49** | **1,933.03** | **57.92** | **10.11** | **1,174.15** | **(-)251.42** | **1,681.61** | **(-)987.25** | **4,830.44** |
| | **ਕੁੱਲ ਜੋੜ (ੳ+ਅ +ੲ)** | | **23,516.96** | **39,483.64** | **(-) 2,097.68** | **(-)4,809.76** | **73,542.33** | **5,718.13** | **45,201.77** | **(-)17,861.92** | **1,14,104.67** |

*ਸ੍ਰੋਤ: ਨਵੀਤਮ ਵਿੱਤੀ ਵਿਵਰਣੀਆਂ*

**ਨੋਟ:** **1.** **'ਬੀ'** 'ਨਾ ਲਾਭ/ਨਾ ਹਾਨੀ' ਦੇ ਅਧਾਰ 'ਤੇ ਕੰਮ ਕਰਦੀਆਂ ਐਸ ਪੀ ਐਸ ਨੂੰ ਦਰਸਾਉਂਦਾ ਹੈ।

**2.** **'ਡੀ'** ਐਸ ਪੀ ਐਸ ਈਜ਼ ਜਿਨ੍ਹਾਂ ਨੇ ਅਪਣੀਆਂ ਗਤੀਵਿਧੀਆਂ ਸ਼ੁਰੂ ਨਹੀ ਕੀਤੀਆਂ ਨੂੰ ਦਰਸਾਉਂਦਾ ਹੈ।

**3.** ਨਿਰੋਲ ਮੁੱਲ = ਅਦਾ ਕੀਤੀ ਸ਼ੇਅਰ ਪੂੰਜੀ + ਫਰੀ ਰਿਜ਼ਰਵ ਅਤੇ ਸਰਪਲੱਸ − (ਸੰਚਿਤ ਘਾਟੇ + ਮੁਲਤਵੀ ਰੈਵੀਨਿਊ ਖਰਚਾ)।

# ਅੰਤਿਕਾ 2.3

*(ਪੈਰਾ 2.2 ਦੇ ਹਵਾਲੇ ਵਿੱਚ)*

## 31 ਮਾਰਚ 2023 ਤੱਕ ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਬਕਾਇਆ ਕਰਜ਼ਿਆਂ ਦੀ ਸਥਿਤੀ ਨੂੰ ਦਰਸਾਉਂਦੀ ਵਿਵਰਣੀ

***(₹ ਕਰੋੜ ਵਿੱਚ)***

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਵਿਭਾਗ ਦਾ ਨਾਂ | ਸਥਾਪਨਾ ਦਾ ਮਹੀਨਾ ਅਤੇ ਸਾਲ | ਅਦਾ ਕੀਤੀ ਸ਼ੇਅਰ ਪੂੰਜੀ | | | | ਲੰਬੇ ਸਮੇਂ ਤੋਂ ਬਕਾਇਆ ਕਰਜ਼ੇ | | | |
|---|---|---|---|---|---|---|---|---|---|---|---|
| | | | | ਜੀ ਓ ਪੀ | ਜੀ ਓ ਆਈ | ਹੋਰ | ਜੋੜ | ਜੀ ਓ ਪੀ | ਜੀ ਓ ਆਈ | ਹੋਰ | ਜੋੜ |
| 1 | ਗਿੱਦੜਬਾਹਾ ਪਾਵਰ ਲਿਮਟਡ | ਪਾਵਰ | ਅਗਸਤ 14, 2008 | - | - | 0.05 | 0.05 | - | - | 12.03 | 12.03 |
| 2 | ਪੰਜਾਬ ਜੈਨਕੋ ਲਿਮਟਡ | ਪਾਵਰ | ਮਾਰਚ 5, 1998 | - | - | 22.90 | 22.90 | - | - | - | - |
| 3 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਪਾਵਰ | ਅਪ੍ਰੈਲ 16, 2010 | 21,709.73 | - | - | 21,709.73 | 3.64 | - | 12,848.13 | 12,851.77 |
| 4 | ਪੰਜਾਬ ਥਰਮਲ ਜਨਰੇਸ਼ਨ ਲਿਮਟਡ | ਪਾਵਰ | ਜੁਲਾਈ 20, 2013 | - | - | 0.05 | 0.05 | - | - | 0.01 | 0.01 |
| 5 | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਪਾਵਰ | ਅਪ੍ਰੈਲ 16, 2010 | 605.88 | - | - | 605.88 | - | - | 3,771.01 | 3,771.01 |
| 6 | ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ | ਮਾਰਚ 10, 2003 | 1.05 | - | - | 1.05 | 6,715.74 | - | - | 6,715.74 |
| 7 | ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ | ਫਰਵਰੀ 14, 1974 | 3.73 | - | - | 3.73 | 10,343.70 | - | - | 10,343.70 |
| 8 | ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ | ਖੇਤੀਬਾੜੀ | ਨਵੰਬਰ 1, 1967 | 4.00 | 4.00 | - | 8.00 | 3,686.47 | - | 97.40 | 3,783.87 |
| 9 | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | ਖੇਤੀਬਾੜੀ | ਜੁਲਾਈ 8, 2002 | - | - | 5.00 | 5.00 | 5,568.50 | - | 755.05 | 6,323.55 |
| 10 | ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਲਿਮਟਡ | ਖੇਤੀਬਾੜੀ | ਫਰਵਰੀ 11, 1966 | 45.46 | 1.25 | 2.50 | 49.21 | - | - | - | - |
| 11 | ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਲਿਮਟਡ | ਖੇਤੀਬਾੜੀ | ਮਾਰਚ 27, 1976 | 4.51 | - | 1.11 | 5.62 | - | - | - | - |
| 12 | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ | ਖੇਤੀਬਾੜੀ | ਜਨਵਰੀ 17, 1997 | - | - | 5.00 | 5.00 | 30.00 | - | - | 30.00 |
| 13 | ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | ਖੇਤੀਬਾੜੀ | ਅਪ੍ਰੈਲ 26, 1995 | 25.00 | - | - | 25.00 | - | - | - | - |
| 14 | ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ | ਮਈ 23, 1983 | 0.25 | - | - | 0.25 | - | - | - | - |
| 15 | ਪੰਜਾਬ ਵਾਟਰ ਰਿਸੋਰਸ਼ਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਵਾਟਰ ਰਿਸੋਰਸ਼ਿਜ਼ | ਦਸੰਬਰ 26, 1970 | 300.00 | - | - | 300.00 | 222.26 | - | - | 222.26 |
| 16 | ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਡ | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ | ਜੁਲਾਈ 9, 2003 | 0.02 | - | - | 0.02 | - | - | - | - |
| 17 | ਪੰਜਾਬ ਪੁਲਿਸ ਸਿਕਓਰਟੀ ਕਾਰਪੋਰੇਸ਼ਨ ਲਿਮਟਡ | ਗ੍ਰਹਿ ਮਾਮਲੇ ਅਤੇ ਜੇਲ੍ਹਾਂ | ਜਨਵਰੀ 18, 2008 | - | - | 0.05 | 0.05 | - | - | - | - |

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਵਿਭਾਗ ਦਾ ਨਾਂ | ਸਥਾਪਨਾ ਦਾ ਮਹੀਨਾ ਅਤੇ ਸਾਲ | ਅਦਾ ਕੀਤੀ ਸ਼ੇਅਰ ਪੂੰਜੀ | | | | ਲੰਬੇ ਸਮੇਂ ਤੋਂ ਬਕਾਇਆ ਕਰਜ਼ੇ | | | |
|---|---|---|---|---|---|---|---|---|---|---|---|
| | | | | ਜੀ ਓ ਪੀ | ਜੀ ਓ ਆਈ | ਹੋਰ | ਜੋੜ | ਜੀ ਓ ਪੀ | ਜੀ ਓ ਆਈ | ਹੋਰ | ਜੋੜ |
| 18 | ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | ਟਰਾਂਸਪੋਰਟ | ਮਾਰਚ 7, 1995 | 56.15 | - | - | 56.15 | - | - | 122.12 | 122.12 |
| 19 | ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ | ਮਾਰਚ 26, 1979 | 6.66 | - | - | 6.66 | - | - | - | - |
| 20 | ਪੰਜਾਬ ਸਟੇਟ ਬਾਇਓਟੈਕ ਕਾਰਪੋਰੇਸ਼ਨ (ਮੋਹਾਲੀ ਬਾਇਓਤਕਨਾਲੋਜੀ ਪਾਰਕ) | ਵਿਗਿਆਨ ਤਕਨਾਲੋਜੀ ਅਤੇ ਵਾਤਾਵਰਣ | ਜਨਵਰੀ 25, 2011 | - | - | - | - | - | - | - | - |
| 21 | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | ਟਰਾਂਸਪੋਰਟ | ਜਨਵਰੀ 7, 1956 | 307.08 | 24.36 | - | 331.44 | 23.75 | - | 70.55 | 94.30 |
| 22 | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਟ ਕਾਰਪੋਰੇਸ਼ਨ ਲਿਮਟਡ | ਉਦਯੋਗ ਅਤੇ ਵਣਜ | ਮਾਰਚ 17, 1962 | 49.86 | 0.15 | - | 50.01 | - | - | - | - |
| 23 | ਪੰਜਾਬ ਇੰਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ | ਉਦਯੋਗ ਅਤੇ ਵਣਜ | ਮਾਰਚ 27, 1976 | 19.23 | - | - | 19.23 | - | - | - | - |
| 24 | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ | ਗ੍ਰਹਿ ਮਾਮਲੇ ਅਤੇ ਜੇਲਾਂ | ਮਾਰਚ 30, 1989 | 0.05 | - | - | 0.05 | - | - | 128.13 | 128.13 |
| 25 | ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ | ਸਥਾਨਕ ਸਰਕਾਰ | ਦਸੰਬਰ 13, 2016 | 0.005 | 0.005 | - | 0.010 | - | - | - | - |
| 26 | ਜਲੰਧਰ ਸਮਾਰਟ ਸਿਟੀ ਲਿਮਟਡ | ਸਥਾਨਕ ਸਰਕਾਰ | ਦਸੰਬਰ 8, 2016 | 0.005 | 0.005 | - | 0.010 | - | - | - | - |
| 27 | ਲੁਧਿਆਣਾ ਸਮਾਰਟ ਸਿਟੀ ਲਿਮਟਡ | ਸਥਾਨਕ ਸਰਕਾਰ | ਅਪ੍ਰੈਲ 28, 2016 | 0.005 | 0.005 | - | 0.010 | - | - | - | - |
| 28 | ਪੰਜਾਬ ਮਿਊਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ | ਸਥਾਨਕ ਸਰਕਾਰ | ਮਾਰਚ 16, 2009 | - | - | 0.05 | 0.05 | - | - | 767.50 | 767.50 |
| 29 | ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ | ਉਦਯੋਗ ਅਤੇ ਵਣਜ | ਜੁਲਾਈ 21, 1981 | - | - | 12.05 | 12.05 | - | - | - | - |
| 30 | ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਡ | ਉਦਯੋਗ ਅਤੇ ਵਣਜ | ਜਨਵਰੀ 31, 1966 | 78.21 | - | - | 78.21 | - | - | 201.05 | 201.05 |
| 31 | ਪੰਜਾਬ ਫਾਇਨੈਂਸ਼ਿਅਲ ਕਾਰਪੋਰੇਸ਼ਨ | ਉਦਯੋਗ ਅਤੇ ਵਣਜ | ਫਰਵਰੀ 1, 1953 | 29.31 | 10.47 | 0.61 | 40.39 | 9.84 | - | 79.03 | 88.87 |
| 32 | ਪੰਜਾਬ ਸ਼ਡਿਊਲਡ ਕਾਸਟਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ਿਅਲ ਕਾਰਪੋਰੇਸ਼ਨ | ਅਨੁਸੂਚਿਤ ਜਾਤੀਆਂ ਅਤੇ ਪਿਛੜੀ ਸ਼੍ਰੇਣੀਆਂ ਦਾ ਕਲਿਆਣ | ਜਨਵਰੀ 18, 1971 | 70.14 | 63.06 | - | 133.20 | - | - | 14.03 | 14.03 |
| 33 | ਪੰਜਾਬ ਰੂਰਲ ਵਾਟਰ ਯੂਟੀਲਿਟੀ | ਵਾਟਰ ਸਪਲਾਈ ਐਂਡ ਸੈਨੀਟੇਸ਼ਨ | ਮਾਰਚ 11, 2022 | 0.01 | - | - | 0.01 | - | - | - | - |
| **ਜੋੜ** | | | | **23,316.35** | **103.31** | **49.37** | **23,469.03** | **26,603.90** | **-** | **18,866.04** | **45,469.94** |

**ਨੋਟ:** 1. ਭਾਰਤ ਸਰਕਾਰ = ਜੀ ਓ ਆਈ, ਪੰਜਾਬ ਸਰਕਾਰ = ਜੀ ਓ ਪੀ

2. ਲੜੀ ਨੰ. 25 ਤੋਂ 27 ਵਿਖੇ ਐਸ ਪੀ ਐਸ ਈਜ਼ 'ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ' ਹਨ ਕਿਉਂਕਿ ਸਬੰਧਤ ਐਸ ਪੀ ਐਸ ਈਜ਼ ਵਿੱਚ ਭਾਰਤ ਸਰਕਾਰ ਦੇ ਸਬੰਧ ਵਿੱਚ ਦਰਸਾਇਆ ਯੋਗਦਾਨ ਦਾ ਹਿੱਸਾ ਦਰਅਸਲ ਉਨ੍ਹਾਂ ਦੇ ਸਬੰਧਤ ਨਗਰ ਨਿਗਮ ਰਾਹੀਂ ਭੇਜਿਆ ਗਿਆ ਹੈ।

## ਅੰਤਿਕਾ 2.4

*(ਪੈਰਾ 2.4.3 ਦੇ ਹਵਾਲੇ ਵਿੱਚ)*

### 2010-11 ਤੋਂ 2022-23 ਦੀ ਮਿਆਦ ਦੌਰਾਨ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੇ ਫੰਡ ਨੂੰ ਦਰਸਾਉਂਦੀ ਵਿਵਰਣੀ

*(₹ ਕਰੋੜ ਵਿੱਚ)*

| ਲੜੀ ਨੰ. | 1 | | 2 | | 3 | | 4 | | 5 | | 6 | | 7 | | 8 | |
|---|---|---|---|---|---|---|---|---|---|---|---|---|---|---|---|---|
